ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 45
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 15 February, 2026) ਐਤਵਾਰ , 15 ਫਰਵਰੀ, 2026, 4 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


## ਸ੍ਰੀ ਆਨੰਦਪੁਰ ਸਾਹਿਬ ਵਿਖੇ ਸਾਲਾਨਾ 'ਹੋਲਾ-ਮਹੱਲਾ' ਸਮਾਗਮ 27 ਤੋਂ

ਸ੍ਰੀ ਅਨੰਦਪੁਰ ਸਾਹਿਬ, 14 ਫਰਵਰੀ (ਚ.ਨ.ਸ.): ਖਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ 'ਹੋਲਾ-ਮਹੱਲਾ' ਇਸ ਵਾਰ 27 ਫਰਵਰੀ ਤੋਂ 3 ਮਾਰਚ ਤੱਕ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਵਾਰ ਮਿਲ ਕੇ ਪ੍ਰਬੰਧਾਂ ਨੂੰ ਨੇਪਰੇ ਚਾੜ੍ਹਨ ਲਈ ਜੁਟੀਆਂ ਹੋਈਆਂ ਹਨ। ਖ਼ਾਸ ਗੱਲ ਇਹ ਹੈ ਕਿ ਇਸ ਵਾਰ ਵੀ ਧਾਰਮਿਕ ਸਮਾਗਮਾਂ ਨੂੰ ਸਿਆਸਤ ਤੋਂ ਦੂਰ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਜ਼ਿਲ੍ਹਾ ਪ੍ਰਸ਼ਾਸਨ ਨਾਲ (ਬਾਕੀ ਸਫਾ 2 'ਤੇ)

## ਮੋਦੀ ਵੱਲੋਂ ਉੱਤਰ-ਪੂਰਬ ਦੀ ਪਹਿਲੀ ਐਮਰਜੈਂਸੀ ਲੈਂਡਿੰਗ ਸਹੂਲਤ 'ਤੇ ਇਤਿਹਾਸਕ ਲੈਂਡਿੰਗ

### ਸਿਵਲ ਅਤੇ ਮਿਲਟਰੀ ਦੋਹਾਂ ਦੀ ਵਰਤੋਂ ਲਈ ਤਿਆਰ ਕੀਤੀ ਗਈ ਹੈ ਸਹੂਲਤ

**ਚੜ੍ਹਦੀਕਲਾ ਬਿਊਰੋ**

================




ਗੁਹਾਟੀ, 14 ਫਰਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਅਸਾਮ ਦੇ ਡਿਬਰੂਗੜ੍ਹ ਜ਼ਿਲ੍ਹੇ 'ਚ ਸੀ-130ਜੇ ਜਹਾਜ਼ 'ਚ ਉੱਤਰ-ਪੂਰਬ ਦੀ ਪਹਿਲੀ ਐਮਰਜੈਂਸੀ ਲੈਂਡਿੰਗ ਸਹੂਲਤ (ਈ.ਐਲ.ਐਫ.) 'ਚ ਇਤਿਹਾਸਕ ਲੈਂਡਿੰਗ ਕੀਤੀ। ਮੋਦੀ ਨੇ ਚਾਬੂਆ ਏਅਰਫੀਲਡ ਤੋਂ ਉਡਾਣ ਭਰੀ ਅਤੇ ਕੌਮੀ ਰਾਜਮਾਰਗ-37 ਦੇ ਇਕ ਹਿੱਸੇ ਉਤੇ ਮੋਰਾਨ ਦੇ ਈ.ਐਲ.ਐਫ. ਉਤੇ ਉਤਰੇ।

ਉਦਘਾਟਨ ਦੇ ਬਾਅਦ 'ਐਕਸ' ਉਤੇ ਇਕ ਪੋਸਟ 'ਚ, ਪ੍ਰਧਾਨ ਮੰਤਰੀ ਨੇ ਕਿਹਾ,"ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਉੱਤਰ-ਪੂਰਬ ਨੂੰ ਐਮਰਜੈਂਸੀ ਲੈਂਡਿੰਗ ਸਹੂਲਤ ਮਿਲੀ ਹੈ। ਰਣਨੀਤਕ ਦ੍ਰਿਸ਼ਟੀਕੋਣ ਤੋਂ ਅਤੇ ਕੁਦਰਤੀ ਆਫ਼ਤਾਂ ਦੇ ਸਮੇਂ, ਇਹ ਸਹੂਲਤ ਬਹੁਤ ਮਹੱਤਵਪੂਰਨ ਹੈ।" ਅਧਿਕਾਰੀਆਂ ਨੇ ਦਸਿਆ ਕਿ ਮੋਰਾਨ ਬਾਈਪਾਸ ਉਤੇ 4.2 ਕਿਲੋਮੀਟਰ ਲੰਬਾ 100 ਕਰੋੜ ਰੁਪਏ ਦਾ ਈ.ਐੱਲ.ਐੱਫ. ਭਾਰਤੀ ਹਵਾਈ ਫੌਜ ਦੇ ਲੜਾਕੂ ਜਹਾਜ਼ਾਂ ਅਤੇ ਆਵਾਜਾਈ ਜਹਾਜ਼ਾਂ ਲਈ ਰਣਨੀਤਕ ਅਤੇ ਬਹੁ-ਕਾਰਜਸ਼ੀਲ ਰਨਵੇਅ ਵਜੋਂ ਕੰਮ ਕਰੇਗਾ, ਜਿਸ ਨਾਲ ਰੱਖਿਆ, ਲੌਜਿਸਟਿਕਸ ਅਤੇ ਆਫ਼ਤ ਪ੍ਰਤੀਕ੍ਰਿਆ ਨੂੰ ਮਜ਼ਬੂਤ ਕੀਤਾ ਜਾਵੇਗਾ। ਅਧਿਕਾਰੀਆਂ ਨੇ ਕਿਹਾ ਕਿ ਇਹ ਸਹੂਲਤ ਸਿਵਲ ਅਤੇ ਮਿਲਟਰੀ ਦੋਹਾਂ ਵਰਤੋਂ ਲਈ ਤਿਆਰ ਕੀਤੀ ਗਈ ਹੈ, ਜੋ ਐਮਰਜੈਂਸੀ ਦੀ ਸਥਿਤੀ ਵਿਚ ਡਿਬਰੂਗੜ੍ਹ ਹਵਾਈ ਅੱਡੇ ਦੇ ਬਦਲ ਵਜੋਂ ਕੰਮ ਕਰਦੀ ਹੈ। ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ, ਕੇਂਦਰੀ ਮੰਤਰੀ ਸਰਬਾਨੰਦ ਸੋਨੋਵਾਲ, ਏਅਰ ਚੀਫ ਮਾਰਸ਼ਲ ਏ.ਪੀ.ਸਿੰਘ ਅਤੇ ਅਸਾਮ ਕੈਬਨਿਟ ਦੇ (ਬਾਕੀ ਸਫਾ 2 'ਤੇ)

## ਮੋਦੀ ਨੇ ਵਰਚੁਅਲੀ ਚੰਡੀਗੜ੍ਹ 'ਚ ਨਵੀਆਂ ਇਲੈਕਟ੍ਰਿਕ ਬੱਸਾਂ ਨੂੰ ਦਿੱਤੀ ਝੰਡੀ

ਨਵੀਂ ਦਿੱਲੀ, 14 ਫਰਵਰੀ (ਚ.ਨ.ਸ.): ਅੱਜ ਚੰਡੀਗੜ੍ਹ ਵਿੱਚ 25 ਨਵੀਆਂ ਇਲੈਕਟ੍ਰਿਕ ਬੱਸਾਂ ਚੱਲਣੀਆਂ ਸ਼ੁਰੂ ਹੋ ਗਈਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਹਾਟੀ ਤੋਂ ਵਰਚੁਅਲੀ ਉਨ੍ਹਾਂ ਨੂੰ ਹਰੀ ਝੰਡੀ ਦਿਖਾਈ। ਇਸ ਦੌਰਾਨ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬਚੰਦ ਕਟਾਰੀਆ ਵੀ ਮੌਜੂਦ ਸਨ। ਇਹ ਬੱਸਾਂ ਪ੍ਰਧਾਨ ਮੰਤਰੀ ਈ-ਬੱਸ ਸੇਵਾ ਯੋਜਨਾ ਤਹਿਤ ਚੰਡੀਗੜ੍ਹ ਨੂੰ ਮਿਲੀਆਂ ਹਨ। ਪ੍ਰਸ਼ਾਸਨ ਦਾ ਉਦੇਸ਼ ਮੁੱਖ ਰੂਟਾਂ 'ਤੇ ਹਰ 10 ਮਿੰਟਾਂ ਵਿੱਚ ਬੱਸਾਂ ਉਪਲਬਧ ਕਰਵਾਉਣਾ ਹੈ। ਇਸ ਵੇਲੇ ਕਈ ਰੂਟਾਂ 'ਤੇ ਬੱਸਾਂ ਵਿਚਕਾਰ 15-30 ਮਿੰਟ ਦਾ ਫਰਕ ਹੈ। ਨਵੀਆਂ ਬੱਸਾਂ ਦੇ ਆਉਣ ਨਾਲ ਇਹ ਪਾੜਾ ਘੱਟ ਜਾਵੇਗਾ, ਜਿਸ ਨਾਲ ਯਾਤਰੀਆਂ ਨੂੰ ਲੰਬੀ ਉਡੀਕ ਨਹੀਂ ਕਰਨੀ ਪਏਗੀ। ਕੇਂਦਰ ਸਰਕਾਰ ਨੇ ਚੰਡੀਗੜ੍ਹ ਲਈ ਕੁੱਲ 100 ਇਲੈਕਟ੍ਰਿਕ ਬੱਸਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਫਰਵਰੀ ਦੇ ਅਖੀਰ ਤੱਕ 25 ਅਤੇ ਮਾਰਚ-ਅਪ੍ਰੈਲ ਤੱਕ 50 ਹੋਰ ਆਉਣ ਦੀ ਉਮੀਦ ਹੈ। ਚੰਡੀਗੜ੍ਹ ਟਰਾਂਸਪੋਰਟ ਵਿਭਾਗ ਦੇ ਬੇੜੇ ਵਿੱਚ ਸ਼ਾਮਲ ਹੋਣ ਲਈ 25 ਨਵੀਆਂ ਬੱਸਾਂ ਲਗਭਗ ਇੱਕ ਮਹੀਨਾ ਪਹਿਲਾਂ ਚੰਡੀਗੜ੍ਹ ਆਈਆਂ ਸਨ। ਉਨ੍ਹਾਂ ਨੂੰ ਵੱਖ-ਵੱਖ (ਬਾਕੀ ਸਫਾ 2 'ਤੇ)

### ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜਿਸ਼ ਦਾ ਮਾਮਲਾ

## ਨਿਖਿਲ ਗੁਪਤਾ ਨੂੰ ਅਮਰੀਕੀ ਅਦਾਲਤ ਨੇ ਸੁਣਾਈ 24 ਸਾਲ ਦੀ ਸਜ਼ਾ

### ਭਾਰਤ ਸਰਕਾਰ ਵੱਲੋਂ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਸ਼ਮੂਲੀਅਤ ਤੋਂ ਨਾਂਹ

**ਚੜ੍ਹਦੀਕਲਾ ਬਿਊਰੋ**

================

ਨਿਊਯਾਰਕ, 14 ਫਰਵਰੀ : 'ਖਾਲਿਸਤਾਨੀ ਪੱਖੀ ਅਤੇ ਸਿੱਖਸ ਫਾਰ ਜਸਟਿਸ' (ਐੱਸ.ਐੱਫ.ਜੇ.) ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜਿਸ਼ ਦੇ ਮਾਮਲੇ ਵਿੱਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ 24 ਸਾਲ ਤਕ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੇ ਅਮਰੀਕੀ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। 54 ਸਾਲਾ ਨਿਖਿਲ ਗੁਪਤਾ ਨੇ ਨਿਊਯਾਰਕ ਦੀ ਮੈਨਹਟਨ ਫੈਡਰਲ ਅਦਾਲਤ ਵਿੱਚ ਮੰਨਿਆ ਕਿ ਉਹ ਇਸ ਸਾਜਿਸ਼ ਦਾ ਹਿੱਸਾ ਸੀ। ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ 24 ਸਾਲ ਤਕ ਦੀ ਕੈਦ ਦੀ ਸਜ਼ਾ ਸੁਣਾਈ ਹੈ ਜਿਸ ਦਾ ਰਸਮੀ ਐਲਾਨ 29 ਮਈ ਨੂੰ ਜੱਜ ਵਿਕਟਰ ਮਾਰੇਰੋ ਵੱਲੋਂ ਕੀਤਾ ਜਾਵੇਗਾ।

ਅਮਰੀਕੀ ਜਾਂਚ ਏਜੰਸੀ ਐੱਫ.ਬੀ.ਆਈ. ਅਤੇ ਨਿਆਂ ਵਿਭਾਗ ਮੁਤਾਬਕ ਨਿਖਿਲ ਗੁਪਤਾ 'ਤੇ ਦੋਸ਼ ਸੀ ਕਿ ਉਸ ਨੇ ਇੱਕ ਭਾਰਤੀ ਸਰਕਾਰੀ ਅਧਿਕਾਰੀ (ਜਿਸ ਦੀ ਪਛਾਣ ਵਿਕਾਸ ਯਾਦਵ ਵਜੋਂ ਹੋਈ ਸੀ) ਦੇ ਨਿਰਦੇਸ਼ਾਂ 'ਤੇ ਅਮਰੀਕੀ ਧਰਤੀ 'ਤੇ ਪੰਨੂ ਨੂੰ ਮਾਰਨ ਲਈ 1 ਲੱਖ ਡਾਲਰ ਦੀ ਸੁਪਾਰੀ ਦਿੱਤੀ ਸੀ। ਨਿਖਿਲ ਨੇ ਇਸ ਸਬੰਧੀ ਇੱਕ ਜਣੇ ਨਾਲ ਸੰਪਰਕ ਕੀਤਾ ਸੀ,



ਜੋ ਅਸਲ ਵਿੱਚ ਅਮਰੀਕੀ ਏਜੰਸੀਆਂ ਦਾ ਇੱਕ ਅੰਡਰਕਵਰ ਏਜੰਟ ਨਿਕਲਿਆ। ਨਿਖਿਲ ਨੇ ਜੂਨ, 2023 ਵਿੱਚ ਇਸ ਕੰਮ ਲਈ 15,000 ਡਾਲਰ ਦੀ ਐਡਵਾਂਸ ਰਕਮ ਵੀ ਅਦਾ ਕੀਤੀ ਸੀ। ਨਿਖਿਲ ਗੁਪਤਾ 'ਤੇ ਮਰਡਰ-ਫਾਰ-ਹਾਇਰ (ਭਾੜੇ 'ਤੇ ਕਤਲ ਕਰਵਾਉਣਾ) ਪੰਨੂ ਨੂੰ ਮਾਰਨ ਲਈ ਪੈਸਿਆਂ ਦਾ ਲੈਣ-ਦੇਣ ਕਰਨਾ, ਇੱਕ ਅਮਰੀਕੀ ਨਾਗਰਿਕ ਦੀ ਜਾਨ ਲੈਣ ਦੀ ਯੋਜਨਾ ਵਿੱਚ ਸ਼ਾਮਲ ਹੋਣ, ਮਨੀ ਲਾਂਡਰਿੰਗ ਦੀ ਸਾਜਿਸ਼: ਕਤਲ ਦੇ ਕੰਮ ਲਈ ਪੈਸੇ ਦੀ ਗੈਰ-ਕਾਨੂੰਨੀ ਹੇਰਾਫੇਰੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਨਿਖਿਲ ਗੁਪਤਾ ਨੂੰ 30 ਜੂਨ, 2023 ਨੂੰ ਚੈੱਕ ਗਣਰਾਜ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਜੂਨ, 2024 ਵਿੱਚ ਉਸ ਨੂੰ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਸੀ। ਉਦੋਂ ਤੋਂ ਉਹ ਬਰੁਕਲਿਨ ਦੀ ਜੇਲ੍ਹ ਵਿੱਚ ਸੀ। ਸ਼ੁਰੂ ਵਿੱਚ ਉਸ ਨੇ ਖੁਦ ਨੂੰ ਬੇਕਸੂਰ ਦੱਸਿਆ ਸੀ ਪਰ ਹੁਣ ਅਦਾਲਤ ਵਿੱਚ ਸਾਰੇ ਦੋਸ਼ ਸਵੀਕਾਰ ਕਰ ਲਏ ਹਨ। ਭਾਰਤ ਸਰਕਾਰ ਨੇ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਹਾਲਾਂਕਿ, ਅਮਰੀਕਾ ਵੱਲੋਂ ਸਬੂਤ ਸਾਂਝੇ ਕੀਤੇ ਜਾਣ ਤੋਂ ਬਾਅਦ ਭਾਰਤ ਨੇ ਇੱਕ ਉੱਚ-ਪੱਧਰੀ ਜਾਂਚ ਕਮੇਟੀ ਬਣਾਈ ਸੀ।

ਜਨਵਰੀ, 2025 ਵਿੱਚ ਕਮੇਟੀ ਨੇ ਆਪਣੀ ਰਿਪੋਰਟ ਸੌਂਪੀ, ਜਿਸ ਵਿੱਚ ਦੱਸਿਆ ਗਿਆ ਕਿ ਇਸ ਮਾਮਲੇ ਵਿੱਚ ਸ਼ਾਮਲ ਵਿਅਕਤੀ (ਵਿਕਾਸ ਯਾਦਵ) ਹੁਣ ਸਰਕਾਰੀ ਨੌਕਰੀ ਵਿੱਚ ਨਹੀਂ ਹੈ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਕੀਤੀ ਗਈ ਹੈ। ਅਮਰੀਕੀ ਅਟਾਰਨੀ ਜੇਅ ਕਲੇਟਨ ਨੇ ਕਿਹਾ ਕਿ ਇਹ ਸਜ਼ਾ ਉਨ੍ਹਾਂ ਸਾਰੇ ਵਿਦੇਸ਼ੀ ਅਨਸਰਾਂ ਲਈ ਇੱਕ ਸਖ਼ਤ ਸੰਦੇਸ਼ ਹੈ ਜੋ ਅਮਰੀਕੀ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ।

## ਮਾਨ ਤੇ ਮੋਦੀ ਵੱਲੋਂ ਪੁਲਵਾਮਾ ਹਮਲੇ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

ਚੰਡੀਗੜ੍ਹ, 14 ਫਰਵਰੀ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੁਲਵਾਮਾ ਹਮਲੇ ਵਿਚ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ। ਪੀ.ਐੱਮ. ਮੋਦੀ ਨੇ ਸਾਲ 2019 ਦੇ ਪੁਲਵਾਮਾ ਹਮਲੇ ਵਿਚ ਸ਼ਹੀਦ ਹੋਏ ਸੀ.ਆਰ.ਪੀ.ਐੱਫ. ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ। ਪੀ.ਐੱਮ. ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਪੁਲਵਾਮਾ ਵਿਚ ਜਾਨ ਗੁਆਉਣ ਵਾਲੇ ਬਹਾਦੁਰ ਨਾਇਕਾਂ ਨੂੰ ਯਾਦ ਕਰ ਰਿਹਾ ਹਾਂ। ਉਨ੍ਹਾਂ ਕਿਹਾ ਕਿ ਕਿਹਾ ਉਨ੍ਹਾਂ ਦੀ ਸ਼ਰਧਾ, ਦ੍ਰਿੜਤਾ ਅਤੇ ਰਾਸ਼ਟਰ ਪ੍ਰਤੀ ਸੇਵਾ ਸਾਡੀ ਸਮੂਹਿਕ ਚੇਤਨਾ 'ਚ ਹਮੇਸ਼ਾ ਲਈ ਉੱਕਰੀਆਂ ਰਹਿਣਗੀਆਂ। ਦੱਸ ਦੇਈਏ ਕਿ 14 ਫਰਵਰੀ, 2019 ਨੂੰ ਸਭ ਤੋਂ ਵੱਡਾ ਅੱਤਵਾਦੀ ਹਮਲਾ ਹੋਇਆ ਸੀ। ਇਸ ਵਿਚ 40 ਸੀ.ਆਰ.ਪੀ.ਐੱਫ. ਜਵਾਨ ਸ਼ਹੀਦ ਹੋ ਗਏ ਸਨ। (ਬਾਕੀ ਸਫਾ 2 'ਤੇ)

### ਰੱਖਿਆ ਐਕਵਾਇਰ ਕੌਂਸਲ ਨੇ ਦਿੱਤੀ ਮਨਜ਼ੂਰੀ

## ਆਪ੍ਰੇਸ਼ਨ ਸਿੰਦੂਰ 'ਚ ਵਰਤੀਆਂ ਗਈਆਂ 'ਸਕਾਲਪ' ਤੇ ਐਸ-400 ਮਿਜ਼ਾਈਲਾਂ ਖ਼ਰੀਦੇਗਾ ਭਾਰਤ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 14 ਫਰਵਰੀ : ਰੱਖਿਆ ਐਕਵਾਇਰ ਕੌਂਸਲ (ਡੀ.ਏ.ਸੀ.) ਨੇ ਰਾਫੇਲ ਜੈੱਟਾਂ ਲਈ ਲੰਬੀ ਦੂਰੀ ਦੀਆਂ ਸਕਾਲਪ ਮਿਜ਼ਾਈਲਾਂ ਤੇ ਰੂਸ 'ਚ ਬਣੇ ਐੱਸ-400 ਏਰੀਅਲ ਸ਼ੀਲਡ ਸਿਸਟਮ ਲਈ ਹੋਰ ਮਿਜ਼ਾਈਲਾਂ ਦੀ ਖਰੀਦ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ 114 ਰਾਫੇਲ ਜੈੱਟ ਖਰੀਦਣ ਦੀ ਮਨਜ਼ੂਰੀ ਮਿਲਣ ਤੋਂ ਇਕ ਦਿਨ ਬਾਅਦ ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਹ ਪਹਿਲੀ ਵਾਰ ਹੋਵੇਗਾ ਜਦੋਂ ਫ੍ਰੈਂਚ ਫਾਈਟਰ ਜੈੱਟ ਫਰਾਂਸ ਤੋਂ ਬਾਹਰ ਬਣਾਏ ਜਾਣਗੇ। ਭਾਰਤ ਨੂੰ ਇਨ੍ਹਾਂ ਦੀ ਡਿਲੀਵਰੀ 2028 ਤੋਂ ਸ਼ੁਰੂ ਹੋਵੇਗੀ, ਜਿਸ ਦੀ ਸ਼ੁਰੂਆਤ ਪਹਿਲਾਂ ਨੇਵਲ (ਸਮੁੰਦਰੀ) ਵੇਰੀਐਂਟ ਅਤੇ ਫਿਰ ਭਾਰਤੀ ਹਵਾਈ ਸੈਨਾ (ਆਈ.ਏ.ਐੱਫ.) ਵੇਰੀਐਂਟ ਨਾਲ ਹੋਵੇਗੀ। ਡੂੰਘਾਈ ਤਕ ਹਮਲਾ ਕਰਨ ਲਈ ਬਣਾਈਆਂ ਗਈਆਂ 250 ਕਿਲੋਮੀਟਰ ਦੀ ਰੇਂਜ ਵਾਲੀਆਂ ਸਕਾਲਪ ਏਅਰ-ਲਾਂਚ ਮਿਜ਼ਾਈਲਾਂ ਦੀ ਵਰਤੋਂ ਆਪ੍ਰੇਸ਼ਨ ਸਿੰਦੂਰ ਦੌਰਾਨ ਪਾਕਿਸਤਾਨ ਦੇ ਮੁਰੀਦਕੇ ਅਤੇ ਬਹਾਵਲਪੁਰ 'ਚ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤੋਇਬਾ ਦੇ ਅੱਤਵਾਦੀ ਹੈੱਡਕੁਆਰਟਰਾਂ ਨੂੰ ਤਬਾਹ ਕਰਨ ਲਈ ਕੀਤੀ ਗਈ ਸੀ। (ਬਾਕੀ ਸਫਾ 2 'ਤੇ)

### ਹਵਾ ਪ੍ਰਦੂਸ਼ਨ 'ਤੇ ਕੇਂਦਰੀ ਖੇਤੀਬਾੜੀ ਮੰਤਰੀ ਦਾ ਵੱਡਾ ਬਿਆਨ

## ਪ੍ਰਦੂਸ਼ਨ ਲਈ ਸਿਰਫ਼ ਪਰਾਲੀ ਨਹੀਂ ਜ਼ਿੰਮੇਵਾਰ: ਚੌਹਾਨ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 14 ਫਰਵਰੀ : ਹਵਾ ਪ੍ਰਦੂਸ਼ਨ ਨੂੰ ਲੈ ਕੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨਾ ਪ੍ਰਦੂਸ਼ਨ ਦਾ ਇਕੋ-ਇਕ ਕਾਰਨ ਨਹੀਂ ਹੈ। ਉਨ੍ਹਾਂ ਕਿਹਾ ਕਿ ਹਵਾ ਪ੍ਰਦੂਸ਼ਨ ਲਈ ਸਿਰਫ਼ ਪਰਾਲੀ ਜ਼ਿੰਮੇਵਾਰ ਨਹੀਂ ਹੈ। ਉਦਯੋਗਿਕ ਇਕਾਈ ਤੇ ਵਾਹਨਾਂ ਦਾ ਧੂੰਆਂ ਪ੍ਰਦੂਸ਼ਨ ਦਾ ਕਾਰਨ ਹੈ।

ਸਰਦੀਆਂ 'ਚ ਦਿੱਲੀ-ਐੱਨ.ਸੀ.ਆਰ. ਦੇ ਪ੍ਰਦੂਸ਼ਨ 'ਚ ਪਰਾਲੀ ਦਾ ਸਿਰਫ਼ 5% ਯੋਗਦਾਨ ਹੈ। ਪੰਜਾਬ ਦੇ ਹਰਿਆਣਾ 'ਚ ਪਰਾਲੀ ਸਾੜਨ ਦੇ ਕੇਸ ਘਟੇ ਹਨ। ਉਨ੍ਹਾਂ ਕਿਹਾ ਕਿ ਪਰ ਅਕਸਰ ਕਿਸਾਨਾਂ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਹਾਲਾਂਕਿ ਕਿਸਾਨਾਂ ਲਈ ਖੇਤ ਸਾਫ ਕਰਨ ਦਾ ਆਸਾਨ ਤਰੀਕਾ ਪਰਾਲੀ ਸਾੜਨਾ ਨਹੀਂ ਸਗੋਂ ਇਸ ਦੇ ਕਈ ਨੁਕਸਾਨ ਵੀ ਹਨ। ਇਨ੍ਹਾਂ ਵਿਚ ਫਸਲ ਦੇ ਅਨੁਕੂਲ ਕੀਟਾਂ ਦਾ ਨਾਸ਼, ਮਿੱਟੀ ਦੀ ਉਪਜਾਊ ਸ਼ਕਤੀ ਵਿਚ ਕਮੀ, ਪੌਸ਼ਕ ਤੱਤ ਤੇ ਕਾਰਬਨ ਦੀ ਹਾਨੀ ਸ਼ਾਮਲ ਹੈ। ਇਸੇ ਕਾਰਨ ਸਰਕਾਰ ਨੇ ਫਸਲ ਅਵਸ਼ੇਸ਼ ਪ੍ਰਬੰਧਨ ਯੋਜਨਾ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਕਿਸਾਨਾਂ ਨੂੰ ਪਰਾਲੀ ਮੈਨੇਜਮੈਂਟ ਲਈ ਮਸ਼ੀਨਾਂ ਖਰੀਦਣ ਲਈ 50 ਫੀਸਦੀ ਸਬਸਿਡੀ ਮਿਲਦੀ ਹੈ ਪਰ ਇਨ੍ਹਾਂ ਮਸ਼ੀਨਾਂ ਨੂੰ ਕਿਰਾਏ 'ਤੇ ਕਿਸਾਨਾਂ ਨੂੰ ਉਪਲਬਧ ਕਰਾਉਣ ਵਾਲੀਆਂ ਸੰਸਥਾਵਾਂ ਨੂੰ 80 ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ। ਚੌਹਾਨ ਨੇ ਕਿਹਾ ਕਿ ਹੁਣ ਤੱਕ 3.5 ਲੱਖ ਤੋਂ ਵਧ ਕਿਸਾਨਾਂ ਨੂੰ ਮਸ਼ੀਨਾਂ ਦਿੱਤੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਵਿਚੋਂ ਪੰਜਾਬ ਦੇ 1,60,296 ਕਿਸਾਨ, ਹਰਿਆਣਾ ਦੇ 1,10,550 ਕਿਸਾਨ ਤੇ ਉੱਤਰ ਪ੍ਰਦੇਸ਼ ਦੇ 76,135 ਕਿਸਾਨ ਸ਼ਾਮਲ ਹਨ। ਇਸ ਦੇ ਨਤੀਜੇ ਵਜੋਂ (ਬਾਕੀ ਸਫਾ 2 'ਤੇ)

## ਐਫ.ਸੀ.ਆਈ. 'ਚ ਪਹਿਲੀ ਵਾਰ ਪੰਜਾਬ ਕਾਡਰ ਦੀ ਥਾਂ ਯੂ.ਟੀ. ਕਾਡਰ ਦੇ ਅਧਿਕਾਰੀ ਦੀ ਨਿਯੁਕਤੀ

### ਪੰਜਾਬ ਸਰਕਾਰ ਨੇ ਦੋ ਵਾਰ ਭੇਜਿਆ ਪੈਨਲ ਪਰ ਕੇਂਦਰ ਨੇ ਕਿਸੇ ਨੂੰ ਨਹੀਂ ਦਿੱਤੀ ਮਨਜ਼ੂਰੀ

**ਚੜ੍ਹਦੀਕਲਾ ਬਿਊਰੋ**

================




ਚੰਡੀਗੜ੍ਹ, 14 ਫਰਵਰੀ:ਪੰਜਾਬ ਸਰਕਾਰ ਦੇ ਵਿਰੋਧ ਦੇ ਬਾਵਜੂਦ ਕੇਂਦਰ ਸਰਕਾਰ ਨੇ ਭਾਰਤੀ ਖ਼ੁਰਾਕ ਨਿਗਮ (ਐੱਫ਼.ਸੀ.ਆਈ.) ਦੇ ਪੰਜਾਬ ਖੇਤਰ 'ਚ ਜਨਰਲ ਮੈਨੇਜਰ ਦੇ ਅਹੁਦੇ 'ਤੇ ਯੂਟੀ ਕੇਡਰ ਦੀ ਅਧਿਕਾਰੀ ਨੀਤਿਕਾ ਪਵਾਰ ਦੀ ਨਿਯੁਕਤੀ ਕਰ ਦਿੱਤੀ ਹੈ। ਨੀਤਿਕਾ 2012 ਬੈਚ ਦੀ ਆਈ.ਏ.ਐੱਸ.ਅਫ਼ਸਰ ਹੈ। ਰਵਾਇਤ ਅਨੁਸਾਰ, ਇਸ ਅਹੁਦੇ 'ਤੇ ਆਮ ਤੌਰ 'ਤੇ ਪੰਜਾਬ ਕੇਡਰ ਦੇ ਅਧਿਕਾਰੀ ਦੀ ਤਾਇਨਾਤੀ ਹੁੰਦੀ ਰਹੀ ਹੈ, ਪਰ ਇਸ ਵਾਰ ਕੇਂਦਰ ਨੇ ਵੱਖਰਾ ਫੈਸਲਾ ਲਿਆ ਹੈ। ਕੇਂਦਰੀ ਮੰਤਰਾਲੇ ਵੱਲੋਂ ਜਾਰੀ ਹੁਕਮਾਂ ਅਨੁਸਾਰ, ਨੀਤਿਕਾ ਪਵਾਰ ਦੀ ਨਿਯੁਕਤੀ ਤਿੰਨ ਸਾਲਾਂ ਦੀ ਮਿਆਦ ਲਈ ਡੈਪੂਟੇਸ਼ਨ 'ਤੇ ਕੀਤੀ ਗਈ ਹੈ। ਉਨ੍ਹਾਂ ਆਪਣਾ ਅਹੁਦਾ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਇਸ ਅਹੁਦੇ ਲਈ ਦੋ ਵਾਰ ਆਪਣੇ ਅਧਿਕਾਰੀਆਂ ਦਾ ਪੈਨਲ ਭੇਜਿਆ ਸੀ, ਪਰ ਕੇਂਦਰ ਨੇ ਕਿਸੇ ਵੀ ਅਧਿਕਾਰੀ ਦੀ ਨਿਯੁਕਤੀ ਨੂੰ ਮਨਜ਼ੂਰੀ ਨਹੀਂ ਦਿੱਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਮੁੱਦੇ 'ਤੇ ਕੇਂਦਰ ਕੋਲ ਰਸਮੀ ਇਤਰਾਜ਼ ਦਰਜ (ਬਾਕੀ ਸਫਾ 2 'ਤੇ)

## ਪੰਜਾਬ 'ਚ 17 ਫਰਵਰੀ ਨੂੰ ਮੀਂਹ ਪੈਣ ਦੀ ਸੰਭਾਵਨਾ

**ਚੜ੍ਹਦੀਕਲਾ ਬਿਊਰੋ**

================



ਚੰਡੀਗੜ੍ਹ, 14 ਫਰਵਰੀ: ਪੰਜਾਬ ਵਿਚ ਇਕ ਵਾਰ ਫਿਰ ਮੌਸਮ ਵਿਚ ਵੱਡਾ ਬਦਲਾਅ ਵੇਖਣ ਨੂੰ ਮਿਲੇਗਾ। ਇਥੇ ਦੱਸ ਦੇਈਏ ਕਿ ਪਿਛਲੇ ਕੁਝ ਦਿਨਾਂ ਤੋਂ ਤੇਜ਼ ਧੁੱਪ ਕਾਰਨ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਪਰ ਇਕ ਵਾਰ ਫਿਰ ਮੌਸਮ ਵਿਚ ਤਬਦੀਲੀ ਆਵੇਗੀ ਅਤੇ ਤਾਪਮਾਨ ਵਿਚ ਥੋੜ੍ਹੀ ਗਿਰਾਵਟ ਵੇਖਣ ਨੂੰ ਮਿਲੇਗੀ।

ਪੰਜਾਬ ਦੇ ਮੌਸਮ ਨੂੰ ਲੈ ਕੇ ਆਈ.ਐੱਮ.ਡੀ. ਚੰਡੀਗੜ੍ਹ ਨੇ ਅਗਲੇ 5 ਦਿਨਾਂ ਲਈ ਵੱਡੀ ਭਵਿੱਖਬਾਣੀ ਕੀਤੀ ਹੈ। ਮੌਸਮ ਵਿਭਾਗ ਮੁਤਾਬਕ ਤਿੰਨ ਦਿਨਾਂ ਦੌਰਾਨ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਮੌਸਮ ਖ਼ੁਸ਼ਕ ਰਹਿਣ ਦੀ ਸੰਭਾਵਨਾ ਹੈ। ਇਸ ਸਮੇਂ ਦੌਰਾਨ ਕਿਸੇ ਵੀ ਜ਼ਿਲ੍ਹੇ ਵਿੱਚ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਪੰਜਾਬ ਵਿਚ 17 ਫਰਵਰੀ ਨੂੰ ਮੀਂਹ ਪੈਣ ਦੀ ਸੰਭਾਵਨਾ ਜਤਾਈ ਗਈ ਹੈ। ਮੌਸਮ ਵਿਭਾਗ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਅਪਡੇਟ ਮੁਤਾਬਕ 14 ਅਤੇ 15 ਫਰਵਰੀ ਨੂੰ ਅੰਮ੍ਰਿਤਸਰ-ਅੰਬਾਲਾ ਅਤੇ ਅੰਬਾਲਾ-ਦਿੱਲੀ ਹਾਈਵੇਅ 'ਤੇ ਅੰਸ਼ਕ ਤੌਰ 'ਤੇ ਬੱਦਲਵਾਈ ਸੰਭਵ ਹੈ। ਇਸ ਸਮੇਂ ਮੌਸਮ ਵਿਭਾਗ ਵੱਲੋਂ ਧੁੰਦ ਦੀ ਕੋਈ ਚਿਤਾਵਨੀ ਜਾਰੀ ਨਹੀਂ ਕੀਤੀ ਗਈ ਹੈ। ਮੌਸਮ (ਬਾਕੀ ਸਫਾ 2 'ਤੇ)

## ਕੈਪਟਨ ਦੀ ਗੋਡੇ ਬਦਲਣ ਦੀ ਸਰਜਰੀ ਹੋਈ ਸਫ਼ਲ, ਹਸਪਤਾਲੋਂ ਮਿਲੀ ਛੁੱਟੀ

ਚੰਡੀਗੜ੍ਹ, 14 ਫਰਵਰੀ (ਚ.ਨ.ਸ.): ਪੰਜਾਬ ਦੇ ਸਾਬਕਾ ਸੀ.ਐੱਮ. ਕੈਪਟਨ ਅਮਰਿੰਦਰ ਸਿੰਘ ਨੂੰ ਫੋਰਟਿਸ ਹਸਪਤਾਲ 'ਚੋਂ ਛੁੱਟੀ ਦੇ ਦਿੱਤੀ ਗਈ ਹੈ। ਉਨ੍ਹਾਂ ਦੀ ਗੋਡੇ ਬਦਲਣ ਦੀ ਸਰਜਰੀ ਸਫਲ ਹੋਣ ਤੋਂ ਬਾਅਦ ਡਾਕਟਰਾਂ ਨੇ ਉਨ੍ਹਾਂ ਨੂੰ ਡਿਸਚਾਰਜ ਕਰ ਦਿੱਤਾ। ਦੱਸ ਦੇਈਏ ਕਿ ਕੈਪਟਨ ਅਮਰਿੰਦਰ ਸਿੰਘ ਨੂੰ 9 ਫਰਵਰੀ, 2026 ਨੂੰ ਫੋਰਟਿਸ ਹਸਪਤਾਲ ਮੋਹਾਲੀ 'ਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੀ 10 ਫਰਵਰੀ ਨੂੰ ਸਫਲ ਯੂਨੀਲੇਟਰਲ ਯੂਨੀਕੋਂਡੀਲਰ ਗੋਡੇ ਬਦਲਣ ਦੀ ਸਰਜਰੀ ਹੋਈ। ਇਹ ਪ੍ਰਕਿਰਿਆ ਡਾ. ਹਰਸਿਮਰਨ ਸਿੰਘ, ਡਾਇਰੈਕਟਰ, ਆਰਥੋਪੀਡਿਕਸ ਦੀ ਅਗਵਾਈ ਹੇਠ ਡਾਕਟਰਾਂ ਦੀ ਇੱਕ ਟੀਮ ਵੱਲੋਂ ਕੀਤੀ ਗਈ ਸੀ। ਇਸ ਬਾਰੇ ਦੱਸਦਿਆਂ ਡਾ. ਹਰਸਿਮਰਨ ਸਿੰਘ ਨੇ ਕਿਹਾ ਕਿ (ਬਾਕੀ ਸਫਾ 2 'ਤੇ)

## 5 ਸਾਲਾਂ 'ਚ ਟੋਇਆਂ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ 53 ਫ਼ੀਸਦੀ ਦਾ ਵਾਧਾ

### ਪੰਜਾਬ 'ਚ ਪਿਛਲੇ ਪੰਜ ਸਾਲਾਂ ਦੌਰਾਨ ਖੱਡਿਆਂ ਕਰਕੇ ਹੋਈਆਂ 414 ਮੌਤਾਂ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 14 ਫਰਵਰੀ : ਸਰਕਾਰ ਨੇ ਸੰਸਦ ਨੂੰ ਦਸਿਆ ਕਿ ਪਿਛਲੇ ਪੰਜ ਸਾਲਾਂ 'ਚ ਟੋਇਆਂ ਨਾਲ ਸਬੰਧਤ ਸੜਕ ਹਾਦਸਿਆਂ 'ਚ ਹੋਈਆਂ ਮੌਤਾਂ 'ਚ 53 ਫੀ ਸਦੀ ਦਾ ਵਾਧਾ ਹੋਇਆ ਹੈ ਅਤੇ 2020 ਤੋਂ 2024 ਦਰਮਿਆਨ ਦੇਸ਼ ਭਰ 'ਚ 9,438 ਲੋਕਾਂ ਦੀ ਮੌਤ ਹੋ ਚੁਕੀ ਹੈ।

ਇਨ੍ਹਾਂ 'ਚੋਂ ਇਕੱਲੇ ਉੱਤਰ ਪ੍ਰਦੇਸ਼ 'ਚ 54 ਫੀ ਸਦੀ ਤੋਂ ਵੱਧ ਮੌਤਾਂ ਹੋਈਆਂ ਹਨ, ਜੋ ਸੱਭ ਤੋਂ ਵੱਧ ਪ੍ਰਭਾਵਤ ਸੂਬਾ ਬਣ ਕੇ ਸਾਹਮਣੇ ਆਇਆ ਹੈ। ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਵਲੋਂ ਇਕ ਲਿਖਤੀ ਜਵਾਬ ਵਿਚ ਸਾਂਝੇ ਕੀਤੇ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਹਾਲਾਂਕਿ 2021 ਵਿਚ ਮੌਤਾਂ ਦੀ ਗਿਣਤੀ ਥੋੜ੍ਹੀ ਜਿਹੀ ਘਟੀ ਹੈ ਪਰ ਉਦੋਂ ਤੋਂ ਉਹ ਲਗਾਤਾਰ (ਬਾਕੀ ਸਫਾ 2 'ਤੇ)

## ਸੜਕ ਹਾਦਸੇ 'ਚ ਸੀ.ਆਰ.ਪੀ.ਐਫ. ਦੇ 3 ਜਵਾਨਾਂ ਸਮੇਤ 4 ਦੀ ਮੌਤ

ਧਮਤਰੀ, 14 ਫਰਵਰੀ (ਚ.ਨ.ਸ.):ਛੱਤੀਸਗੜ੍ਹ ਦੇ ਧਮਤਰੀ ਜ਼ਿਲ੍ਹੇ ਵਿੱਚ ਸ਼ਨਿਚਰਵਾਰ ਨੂੰ ਇੱਕ ਹਾਈਵੇਅ 'ਤੇ ਇੱਕ ਖੜ੍ਹੇ ਟਰੱਕ ਵਿੱਚ ਕਾਰ ਦੇ ਟਕਰਾਉਣ ਕਾਰਨ ਸੀ ਆਰ ਪੀ ਐੱਫ ਦੇ ਤਿੰਨ ਜਵਾਨਾਂ ਅਤੇ ਇੱਕ ਨਾਗਰਿਕ ਦੀ ਮੌਤ ਹੋ ਗਈ। ਪੁਲਿਸ ਸੁਪਰਡੈਂਟ ਸੂਰਜ ਸਿੰਘ ਪਰਿਹਾਰ ਨੇ ਦੱਸਿਆ ਕਿ ਸਵੇਰੇ 8 ਵਜੇ ਦੇ ਕਰੀਬ ਜਗਦਲਪੁਰ-ਰਾਏਪੁਰ ਰਾਸ਼ਟਰੀ ਰਾਜਮਾਰਗ 'ਤੇ ਧਮਤਰੀ ਬਾਈਪਾਸ 'ਤੇ ਖਾਪਰੀ ਪਿੰਡ ਨੇੜੇ ਵਾਪਰੇ ਇਸ ਹਾਦਸੇ ਵਿੱਚ ਕੇਂਦਰੀ ਰਿਜ਼ਰਵ ਪੁਲਿਸ ਬਲ ਦੀ ਵਿਸ਼ੇਸ਼ ਕੋਬਰਾ (ਕਮਾਂਡੋ ਬਟਾਲੀਅਨ ਫਾਰ ਰੈਜ਼ੋਲਿਊਟ ਐਕਸ਼ਨ) ਯੂਨਿਟ ਦੇ ਕਮਾਂਡੋ ਸ਼ਿਕਾਰ ਹੋਏ।ਉਨ੍ਹਾਂ ਦੱਸਿਆ ਕਿ ਮ੍ਰਿਤਕ ਜਵਾਨ ਕੋਬਰਾ ਦੀ 201ਵੀਂ ਬਟਾਲੀਅਨ ਦੇ (ਬਾਕੀ ਸਫਾ 2 'ਤੇ)






## ਦੇਸ਼ ਦੇ ਪਹਿਲੇ ਅੰਡਰਵਾਟਰ ਸੜਕ-ਸਹਿ-ਰੇਲ ਸੁਰੰਗ ਪ੍ਰਾਜੈਕਟ ਨੂੰ ਕੈਬਨਿਟ ਵੱਲੋਂ ਪ੍ਰਵਾਨਗੀ

### ਆਸਾਮ 'ਚ 18,662 ਕਰੋੜ ਰੁਪਏ ਦੀ ਲਾਗਤ ਨਾਲ ਬਣੇਗਾ ਪ੍ਰਾਜੈਕਟ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 14 ਫਰਵਰੀ :ਕੇਂਦਰੀ ਕੈਬਨਿਟ ਨੇ ਗੋਹਪੁਰ ਅਤੇ ਨੁਮਾਲੀਗੜ੍ਹ ਵਿਚਾਲੇ ਚਾਰ ਮਾਰਗੀ ਐਕਸੈਸ-ਕੰਟਰੋਲਡ ਗ੍ਰੀਨਫੀਲਡ ਕੋਰੀਡੋਰ ਬਣਾਉਣ ਲਈ 18,662 ਕਰੋੜ ਰੁਪਏ ਦੇ ਪ੍ਰਾਜੈਕਟ ਨੂੰ ਮਨਜ਼ੂਰੀ ਦੇ ਦਿਤੀ ਹੈ, ਜਿਸ ਵਿਚ ਅਸਾਮ ਵਿਚ ਬ੍ਰਹਮਪੁੱਤਰ ਨਦੀ ਦੇ ਹੇਠਾਂ ਭਾਰਤ ਦੀ ਪਹਿਲੀ ਸੜਕ-ਸਹਿ-ਰੇਲ ਸੁਰੰਗ ਸ਼ਾਮਲ ਹੈ।

ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ ਸਨਿਚਰਵਾਰ ਨੂੰ ਇਕ ਬਿਆਨ 'ਚ ਕਿਹਾ ਕਿ ਇਸ ਸਮੇਂ ਐੱਨ.ਐੱਚ.-715 'ਤੇ ਨੁਮਾਲੀਗੜ੍ਹ ਅਤੇ ਐੱਨ.ਐੱਚ.-15 'ਤੇ ਗੋਹਪੁਰ ਵਿਚਕਾਰ ਸੰਪਰਕ ਐੱਨ.ਐੱਚ.-52 'ਤੇ ਸਿਲਘਾਟ ਨੇੜੇ ਮੌਜੂਦਾ ਕਾਲੀਆਭੋਮੋਰਾ ਸੜਕ ਪੁਲ ਤੋਂ 240 ਕਿਲੋਮੀਟਰ ਦੀ ਦੂਰੀ 'ਤੇ ਹੈ। ਆਰਥਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ 715 ਸੈਕਸ਼ਨ ਉਤੇ ਗੋਹਪੁਰ ਨੂੰ ਨੁਮਾਲੀਗੜ੍ਹ ਨਾਲ ਜੋੜਨ ਵਾਲੀ ਚਾਰ ਮਾਰਗੀ ਐਕਸੈਸ-ਕੰਟਰੋਲਡ ਗ੍ਰੀਨਫੀਲਡ ਸੜਕ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਦਿਤੀ ਹੈ, ਜਿਸ ਵਿਚ ਬ੍ਰਹਮਪੁੱਤਰ ਨਦੀ ਦੇ ਹੇਠਾਂ 15.79 ਕਿਲੋਮੀਟਰ ਸੜਕ ਅਤੇ ਰੇਲ ਸੁਰੰਗ ਸ਼ਾਮਲ ਹੈ, ਜਿਸ ਨੂੰ ਅਸਾਮ ਵਿਚ ਕੁਲ 18,662 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਤ ਕੀਤਾ ਜਾਵੇਗਾ। ਰੋਡ ਟਰਾਂਸਪੋਰਟ ਅਤੇ ਰਾਜਮਾਰਗ ਮੰਤਰਾਲੇ ਨੇ ਕਿਹਾ ਕਿ ਇਹ ਪ੍ਰਾਜੈਕਟ ਇੰਜੀਨੀਅਰਿੰਗ-ਪ੍ਰੋਕਿਓਰਮੈਂਟ-ਕੰਸਟ੍ਰਕਸ਼ਨ (ਈ.ਪੀ.ਸੀ.) ਮਾਡਲ ਉਤੇ ਵਿਕਸਤ ਕੀਤਾ ਜਾਵੇਗਾ। ਇਹ ਭਾਰਤ ਦੀ ਪਹਿਲੀ ਅਤੇ ਦੁਨੀਆਂ ਦੀ ਦੂਜੀ ਅੰਡਰਵਾਟਰ ਰੋਡ-ਕਮ-ਰੇਲ ਸੁਰੰਗ ਹੋਵੇਗੀ। ਇਹ ਪ੍ਰਾਜੈਕਟ ਅਸਾਮ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ ਅਤੇ ਹੋਰ ਉੱਤਰ-ਪੂਰਬੀ ਸੂਬਿਆਂ ਨੂੰ ਮਹੱਤਵਪੂਰਨ (ਬਾਕੀ ਸਫਾ 2 'ਤੇ)

## ਸਟਾਰਟਅੱਪਸ ਲਈ 10 ਹਜ਼ਾਰ ਕਰੋੜ ਰੁਪਏ ਦੇ ਫੰਡ ਪ੍ਰਵਾਨ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 14 ਫਰਵਰੀ :ਸਰਕਾਰ ਨੇ ਸਨਿਚਰਵਾਰ ਨੂੰ ਕਿਹਾ ਕਿ ਉਸ ਨੇ ਮੋਬਾਇਲ ਵੈਂਚਰ ਕੈਪੀਟਲ ਅਤੇ ਡੀਪ ਟੈਕ, ਤਕਨੀਕ-ਸੰਚਾਲਿਤ ਨਵੀਨਤਾਕਾਰੀ ਨਿਰਮਾਣ ਸਟਾਰਟਅਪ ਅਤੇ ਸ਼ੁਰੂਆਤੀ ਵਿਕਾਸ ਪੜਾਅ ਦੇ ਉੱਦਮਾਂ ਨੂੰ ਸਮਰਥਨ ਦੇਣ ਲਈ 10,000 ਕਰੋੜ ਰੁਪਏ ਦੇ ਫੰਡ ਆਫ ਫੰਡਾਂ ਨੂੰ ਮਨਜ਼ੂਰੀ ਦੇ ਦਿਤੀ ਹੈ।

ਇਹ ਸਟਾਰਟਅਪ ਇੰਡੀਆ ਪਹਿਲਕਦਮੀ ਤਹਿਤ ਫੰਡ ਆਫ ਫੰਡ (ਐਫ.ਓ. ਐਫ.) ਸਕੀਮ ਦਾ ਦੂਜਾ ਹਿੱਸਾ ਸੀ। ਪਹਿਲੀ ਦੀ ਸਥਾਪਨਾ 2016 ਵਿਚ ਕੀਤੀ ਗਈ ਸੀ। ਐੱਫ.ਐੱਫ.ਐੱਸ. 2.0 ਨੂੰ ਸਟਾਰਟਅੱਪਸ ਵਿਚ ਨਿਵੇਸ਼ ਦੀ ਗਤੀ ਨੂੰ ਜਾਰੀ ਰੱਖਣ ਲਈ ਤਿਆਰ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਨੇ ਦੇਸ਼ ਦੇ ਸਟਾਰਟਅਪ ਈਕੋਸਿਸਟਮ ਲਈ ਉੱਦਮ ਪੂੰਜੀ ਜੁਟਾਉਣ ਦੇ ਉਦੇਸ਼ ਨਾਲ ਕੁਲ 10,000 ਕਰੋੜ ਰੁਪਏ ਦੇ ਫੰਡ ਨਾਲ ਸਟਾਰਟਅਪ ਇੰਡੀਆ ਫੰਡ ਆਫ ਫੰਡ 2.0 ਦੀ ਸਥਾਪਨਾ ਨੂੰ (ਬਾਕੀ ਸਫਾ 2 'ਤੇ)




# 38ਵੀਆਂ ਜਰਖੜ ਮਾਡਰਨ ਮਿੰਨੀ ਉਲੰਪਿਕ ਖੇਡਾਂ ਦਾ ਰੰਗਾ-ਰੰਗ ਆਗਾਜ਼

## ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋ ਨਿੱਬੜਿਆ, ਮੰਤਰੀ ਸੌਂਦ ਵੱਲੋਂ 10 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ




ਲੁਧਿਆਣਾ, 14 ਫਰਵਰੀ (ਕਰਨੈਲ ਸਿੰਘ ਐੱਮ.ਏ.): ਜੀਐਸਟੀ ਟਰੱਕ ਪਰਮਿਟ ਯੂਐਸਏ, ਕੋਕਾ ਕੋਲਾ, ਏਵਨ ਸਾਈਕਲ, ਪੈਟਰੋਲੀਅਮ ਬੋਰਡ ਵੱਲੋਂ ਸਪਾਂਸਰ 38 ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਦਾ ਅੱਜ ਰੰਗਾ-ਰੰਗ ਆਗਾਜ਼ ਹੋਇਆ। ਵੱਖ-ਵੱਖ ਕੰਪਨੀਆਂ ਨੇ ਜਰਖੜ ਖੇਡ ਸਟੇਡੀਅਮ ਨੂੰ ਇੱਕ ਨਵ ਵਿਆਹੀ ਦੁਲਹਨ ਵਾਂਗ ਸਜਾਇਆ ਹੋਇਆ ਬਹੁਤ ਹੀ ਕਾਬਲੇ ਤਾਰੀਫ਼ ਸੀ।

ਅੱਜ 38ਵੀਆਂ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ ਦਾ ਉਦਘਾਟਨ ਵਿਧਾਇਕ ਜੀਵਨ ਸਿੰਘ ਸੰਗੋਵਾਲ ਹਲਕਾ ਗਿੱਲ, ਮਲਕੀਤ ਸਿੰਘ ਥਿੰਦ ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਪੰਜਾਬ ਸਰਕਾਰ, ਪ੍ਰੀਤਮ ਸਿੰਘ ਗਰੇਵਾਲ ਕੈਬਨਿਟ ਰੈਂਕ ਹੰਸਲੋ ਯੂ ਕੇ, ਸ਼੍ਰੀਮਤੀ ਅਜਮੇਰ ਕੌਰ ਯੂ.ਕੇ. ਹੋਰਾਂ ਨੇ ਕੀਤਾ। ਦੁਪਹਿਰ ਦੇ ਸੈਸ਼ਨ ਵਿੱਚ ਵਿਧਾਇਕ ਗੁਰਿੰਦਰ ਸਿੰਘ ਗੈਰੀ ਵੜਿੰਗ ਅਮਲੋਹ ਅਤੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਮੁੱਖ ਮਹਿਮਾਨ ਵਜੋਂ ਪੁੱਜੇ। ਜਦ ਕਿ ਸ਼ਾਮ ਦੇ ਸੈਸ਼ਨ ਵਿੱਚ ਤਰਨਪ੍ਰੀਤ ਸਿੰਘ ਸੌਂਦ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਮੁੱਖ ਮਹਿਮਾਨ ਵਜੋਂ ਖਿਡਾਰੀਆਂ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਸੌਂਦ ਸਾਹਿਬ ਨੇ ਜਰਖੜ ਸਟੇਡੀਅਮ ਅਤੇ ਹਾਕੀ ਅਕੈਡਮੀ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਜਰਖੜ ਟਰੱਸਟ ਨੂੰ 10 ਲੱਖ ਰੁਪਏ ਦੀ ਗ੍ਰਾਂਟ 2 ਪੜਾਵਾਂ ਵਿੱਚ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸਾਰੇ ਮਹਿਮਾਨਾਂ ਨੇ ਵੱਖ-ਵੱਖ ਸਕੂਲਾਂ ਅਤੇ ਖਿਡਾਰੀਆਂ ਦੇ ਮਾਰਚ ਪਾਸਟ ਤੋਂ ਸਲਾਮੀ ਲਈ ਅਤੇ ਹਲਕਾ ਗਿੱਲ ਦੇ ਵਿਧਾਇਕ ਨੇ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਮੌਕੇ ਵੱਖ-ਵੱਖ ਸਕੂਲਾਂ ਵੱਲੋਂ ਪੇਸ਼ ਕੀਤਾ ਸੱਭਿਆਚਾਰ ਪ੍ਰੋਗਰਾਮ ਵਿਲੱਖਣ ਸੀ। ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਪੰਜਾਬੀ ਗੀਤਾਂ ਤੇ ਆਪਣੀ ਕੋਰੀਆਈ ਗਰਾਫੀ ਅਤੇ ਡਰੈਗਨ ਅਕੈਡਮੀ ਲੁਧਿਆਣਾ ਦੇ ਬੱਚਿਆਂ ਨੇ ਆਪਣੀ ਕਲਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹਿਆ।ਇਸ ਮੌਕੇ ਜਰਖੜ ਖੇਡਾਂ ਦੇ ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ।ਅੱਜ ਹਾਕੀ ਸਬ ਜੂਨੀਅਰ ਵਰਗ ਵਿੱਚ ਜਰਖੜ ਅਕੈਡਮੀ ਨੇ ਕਿਲ੍ਹਾ ਰਾਇਪੁਰ ਨੂੰ 6-1 ਨਾਲ ਚਚਰਾੜੀ ਨੇ ਤੇਹਿੰਗ ਵਿਚਕਾਰ ਮੈਚ 3-3 ਗੋਲਾਂ ਤੇ ਬਰਾਬਰ, ਰਾਮਪੁਰ ਛੰਨਾ ਨੇ ਸਾਜਲੀ ਨੂੰ 3-1 ਨਾਲ, ਜਗਤਾਰ ਇਲੈਵਨ ਨੇ ਸੰਗਰੂਰ ਨੂੰ 3-2 ਨਾਲ ਹਰਾਇਆ। ਜਦਕਿ ਕੁੜੀਆਂ ਦੇ ਵਰਗ ਵਿੱਚ ਪੀਆਈਐਸ ਬਠਿੰਡਾ ਨੇ ਮੁੰਡੀਆਂ ਕਲਾਂ ਨੂੰ 3-0 ਨਾਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਲੁਧਿਆਣਾ ਕੋਚਿੰਗ ਸੈਂਟਰ ਨੂੰ 4-0 ਨਾਲ, ਲਵਲੀ ਯੂਨੀਵਰਸਿਟੀ ਨੇ ਜਰਖੜ ਅਕੈਡਮੀ ਨੂੰ 4-2 ਨਾਲ ਹਰਾ ਕੇ ਅਗਲੇ ਦੌਰ ਵਿੱਚ ਪ੍ਰਵੇਸ਼ ਕੀਤਾ । ਹਾਕੀ ਸੀਨੀਅਰ ਮੁੰਡਿਆਂ ਦੇ ਵਰਗ ਵਿੱਚ ਜਲੰਧਰ ਅਤੇ ਕਿਲਾ ਰਾਏਪੁਰ ਵਿਚਕਾਰ ਮੈਚ 5-5 ਗੋਲਾਂ ਤੇ ਬਰਾਬਰ ਖੇਡਿਆ ਗਿਆ ਜਦ ਕਿ ਲਵਲੀ ਯੂਨੀਵਰਸਿਟੀ ਜਲੰਧਰ ਨੇ ਅਮਰਗੜ੍ਹ ਨੂੰ 3-1 ਨਾਲ ਹਰਾਇਆ।

ਫੁੱਟਬਾਲ ਮੁੰਡਿਆਂ ਦੇ ਵਰਗ ਵਿੱਚ ਭੈਣੀ ਅਰੋੜਾ ਨੇ ਆਂਡਲੂ ਨੂੰ 1-0 ਨਾਲ, ਤਲਵੰਡੀ ਰਾਏ ਨੇ ਬੁਟਹਾਰੀ ਨੂੰ 3-0, ਭੁੱਟਾ ਨੇ ਐਤੀਆਣਾ ਨੂੰ 3-0, ਗਗੜਾ ਨੇ ਭੋਗੀਵਾਲ ਨੂੰ 3-1, ਗੁਜਰਵਾਲ ਨੇ ਸੀਲੋਂ ਨੂੰ 3-0, ਘਵੱਦੀ ਨੇ ਗਿੱਲ ਨੂੰ 2-1 ਨਾਲ ਹਰਾਇਆ।

ਕੁੜੀਆਂ ਦੇ ਵਰਗ ਵਿੱਚ ਰੱਸਾਕਸੀ ਦੇ ਵਿੱਚ ਦਸਮੇਸ਼ ਪਬਲਿਕ ਸਕੂਲ ਕੈਡ ਨੇ ਵਰਲਡ ਮਲੇਨੀਅਮ ਰਣਜੀਤ ਐਵੀਨਿਊ ਨੂੰ ਹਰਾਇਆ। ਇਸ ਮੌਕੇ ਡਾਬਰ ਕੰਪਨੀ ਅਤੇ ਕੋਕਾ ਕੋਲਾ ਵੱਲੋਂ ਖਿਡਾਰੀਆਂ ਨੂੰ ਵੱਡੇ ਪੱਧਰ 'ਤੇ ਰਿਫੈਸਮੈਂਟ ਦਿੱਤੀ ਗਈ। ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ 15 ਫਰਵਰੀ ਨੂੰ ਕਬੱਡੀ ਇੱਕ ਪਿੰਡ ਓਪਨ , ਰੱਸਾਕਸ਼ੀ, ਫੁਟਬਾਲ ਲੜਕੀਆਂ ਅਤੇ ਹਾਕੀ ਲੜਕੇ ਲੜਕੀਆਂ ਦੇ ਫਾਈਨਲ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ ਅਤੇ ਸਮਾਜ ਸੇਵੀ ਅਤੇ ਖੇਡ ਜਗਤ ਨਾਲ ਜੁੜੀਆਂ 7 ਸ਼ਖ਼ਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ ਉੱਥੇ ਨਾਮੀ ਕਲਾਕਾਰਾਂ ਬੀਬਾ ਸਤਵਿੰਦਰ ਬਿੱਟੀ, ਨੀਤੂ ਵਿਰਕ, ਜਸਵੰਤ ਸੰਦੀਲਾ ਅਤੇ ਗਰਜਾਨ ਆਦਿ ਦਾ ਖੁੱਲ੍ਹਾ ਅਖਾੜਾ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਹੋਏਗਾ। ਅੱਜ ਦੇ ਸਮਾਗਮ ਦੌਰਾਨ ਅਮਰੀਕ ਸਿੰਘ ਮਿਨਹਾਸ, ਸੁਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ, ਅਮਰਿੰਦਰ ਸਿੰਘ ਰਿੰਕੂ ਖੰਨਾ, ਹਰਦੀਪ ਸਿੰਘ ਬੀਰਮਪੁਰ, ਸਰਪੰਚ ਸੰਦੀਪ ਸਿੰਘ ਜਰਖੜ, ਹਰਨੇਕ ਸਿੰਘ ਭੱਪ, ਪ੍ਰੋ: ਰਜਿੰਦਰ ਸਿੰਘ, ਮਨਪ੍ਰੀਤ ਸਿੰਘ ਭਾਟੀਆ ਕੋਕਾ ਕੋਲਾ, ਨਿਰਮਲ ਸਿੰਘ ਨਿੰਮਾ ਡੇਹਲੋਂ, ਮੋਹਿੰਦਰ ਸਿੰਘ ਗਿੱਲ, ਬਲਵੰਤ ਸਿੰਘ ਬੁੱਢੇਵਾਲ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਦਿਲਬਾਗ ਸਿੰਘ ਜਰਖੜ ਪ੍ਰਧਾਨ ਗੁਰਦੁਆਰਾ ਕਮੇਟੀ, ਤਪਿੰਦਰ ਸਿੰਘ ਗੋਗਾ, ਪ੍ਰੀਤਮਹਿੰਦਰ ਸਿੰਘ ਨਿੱਪੀ, ਰਘਬੀਰ ਸਿੰਘ ਜਰਖੜ, ਸਾਬੀ ਜਰਖੜ ਆਦਿ ਹੋਰ ਇਲਾਕੇ ਦੇ ਪਤਵੰਤੇ ਅਤੇ ਰਾਜਨੀਤਿਕ ਸਜੇਤਾ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਬਟਾਲਾ 'ਚ ਹੈਰੋਇਨ ਲੈਂਦੇ ਫੜੇ ਗਏ ਕਾਂਗਰਸੀ ਆਗੂ ਨੇ ਪਾਰਟੀ ਦਾ ਅਸਲੀ ਚਿਹਰਾ ਕੀਤਾ ਬੇਨਕਾਬ: ਧਾਲੀਵਾਲ





ਚੰਡੀਗੜ੍ਹ, 14 ਫਰਵਰੀ (ਚ.ਨ.ਸ.) : ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕਾਂਗਰਸੀ ਆਗੂ ਗੁਰਕੀਰਤ ਸਿੰਘ ਉਰਫ਼ ਕਾਲੂ ਦੇ ਬਟਾਲਾ ਵਿੱਚ ਕਥਿਤ ਤੌਰ 'ਤੇ ਹੈਰੋਇਨ ਲੈਂਦੇ ਫੜੇ ਜਾਣ ਅਤੇ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਹੋਣ ਤੋਂ ਬਾਅਦ ਕਾਂਗਰਸ 'ਤੇ ਤਿੱਖਾ ਹਮਲਾ ਕੀਤਾ ਹੈ।

ਇਸ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ 'ਆਪ' ਪੰਜਾਬ ਦੇ ਮੁਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਗੁਰਕੀਰਤ ਕਾਲੂ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਰੀਬੀ ਸਾਥੀ ਮੰਨਿਆ ਜਾਂਦਾ ਹੈ ਅਤੇ ਦੋਵਾਂ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਧਾਲੀਵਾਲ ਨੇ ਕਿਹਾ ਕਿ ਕਾਂਗਰਸੀ ਆਗੂ ਹਰ ਗੱਲ 'ਤੇ ਲੈਕਚਰ ਦਿੰਦੇ ਰਹਿੰਦੇ ਹਨ, ਪਰ ਉਨ੍ਹਾਂ ਦੇ ਆਪਣੇ ਬੰਦੇ ਨਸ਼ਿਆਂ ਨਾਲ ਫੜੇ ਜਾ ਰਹੇ ਹਨ। ਇਹ ਕਾਂਗਰਸ ਦਾ ਅਸਲੀ ਚਿਹਰਾ ਨੰਗਾ ਕਰਦਾ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ 'ਆਪ' ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਜੰਗ ਵਿੱਢੀ ਹੋਈ ਹੈ, ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਧਾਲੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਚਾਹੇ ਕੋਈ ਵੱਡਾ ਹੋਵੇ ਜਾਂ ਛੋਟਾ, ਜੋ ਵੀ ਨਸ਼ਾ ਵੇਚੇਗਾ ਜਾਂ ਨਸ਼ਾ ਕਰੇਗਾ, ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਕਾਨੂੰਨ ਆਪਣਾ ਕੰਮ ਕਰੇਗਾ।

'ਉਨ੍ਹਾਂ ਪਾਰਟੀ ਲੀਡਰਸ਼ਿਪ ਤੋਂ ਜਵਾਬਦੇਹੀ ਦੀ ਮੰਗ ਕਰਦੀਆਂ ਕਿਹਾ ਕਿ ਕਾਂਗਰਸ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਪਾਰਟੀ ਵਿੱਚ ਅਹਿਮ ਅਹੁਦਿਆਂ 'ਤੇ ਬੈਠੇ ਆਗੂਆਂ ਦੇ ਨਾਂ ਵਾਰ-ਵਾਰ ਨਸ਼ਿਆਂ ਨਾਲ ਕਿਉਂ ਜੁੜ ਰਹੇ ਹਨ।

# ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਮਸੌਲ ਦੇ ਸਰਕਾਰੀ ਸਕੂਲ ਨੂੰ ਮਾਡਲ ਸਕੂਲ 'ਚ ਬਦਲਿਆ: ਬੈਂਸ



ਚੰਡੀਗੜ੍ਹ, 14 ਫਰਵਰੀ (ਚ.ਨ.ਸ.): ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਪਿੰਡ ਮਸੌਲ ਦੇ ਸਰਕਾਰੀ ਸਕੂਲ ਵਿੱਚ ਕੀਤੇ ਗਏ ਸ਼ਾਨਦਾਰ ਬਦਲਾਅ 'ਤੇ ਚਾਨਣਾ ਪਾਇਆ ਜੋ ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਤੋਂ ਮਹਿਜ਼ 20 ਮਿੰਟ ਦੀ ਦੂਰੀ 'ਤੇ ਸਥਿਤ ਹੈ। ਬੈਂਸ ਨੇ ਕਿਹਾ ਕਿ ਇਹ ਸਕੂਲ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ "ਪੰਜਾਬ ਸਿੱਖਿਆ ਕ੍ਰਾਂਤੀ" ਤਹਿਤ ਜਨਤਕ ਸਿੱਖਿਆ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਦੀ ਵਚਨਬੱਧਤਾ ਦਾ ਪ੍ਰਤੱਖ ਪ੍ਰਮਾਣ ਹੈ।

ਲੱਗਭੱਗ ਦੋ ਸਾਲ ਪਹਿਲਾਂ ਸਕੂਲ ਦੀ ਹਾਲਤ ਨੂੰ ਯਾਦ ਕਰਦਿਆਂ, ਸਿੱਖਿਆ ਮੰਤਰੀ ਨੇ ਕਿਹਾ, "ਜਦੋਂ ਮੈਂ ਲੱਗਭੱਗ ਦੋ ਸਾਲ ਪਹਿਲਾਂ ਮਸੌਲ ਪਿੰਡ ਦੇ ਸਰਕਾਰੀ ਸਕੂਲ ਦਾ ਦੌਰਾ ਕੀਤਾ ਸੀ, ਤਾਂ ਸਕੂਲ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਇਮਾਰਤ ਖਸਤਾ ਹਾਲਤ ਵਿੱਚ ਸੀ, ਕਲਾਸਰੂਮ ਟੁੱਟੇ ਹੋਏ ਸਨ ਅਤੇ ਵਿਦਿਆਰਥੀਆਂ ਨੂੰ ਪੜ੍ਹਨ ਅਤੇ ਲਿਖਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਮਸੌਲ ਪਿੰਡ ਕਦੇ ਆਪਣੇ ਸਰਕਾਰੀ ਸਕੂਲ ਦੀ ਤਰਸਯੋਗ ਹਾਲਤ ਕਾਰਨ ਅਖ਼ਬਾਰਾਂ ਅਤੇ ਟੈਲੀਵਿਜਨ ਚੈਨਲਾਂ ਦੀਆਂ ਸੁਰਖੀਆਂ ਵਿੱਚ ਰਹਿੰਦਾ ਸੀ।"

ਸ. ਬੈਂਸ ਨੇ ਕਿਹਾ, "ਮੈਂ ਉਸ ਸਮੇਂ ਇਸ ਸਕੂਲ ਦਾ ਦੌਰਾ ਕੀਤਾ ਸੀ ਅਤੇ ਮੈਂ ਇਸ ਸਕੂਲ ਵਿੱਚ ਆਉਣ ਵਾਲਾ ਪਹਿਲਾ ਸਿੱਖਿਆ ਮੰਤਰੀ ਸੀ। ਮੈਂ ਜੋ ਦੇਖਿਆ ਉਹ ਬਹੁਤ ਦੁਖਦਾਈ ਸੀ। ਇੱਥੇ ਸਿਰਫ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਦੀ ਹੀ ਲੋੜ ਨਹੀਂ ਸੀ ਸਗੋਂ ਵਿਦਿਆਰਥੀਆਂ ਅਤੇ ਭਾਈਚਾਰੇ ਦੇ ਭਰੋਸੇ ਨੂੰ ਬਹਾਲ ਕਰਨ ਦੀ ਵੀ ਜ਼ਰੂਰਤ ਸੀ।"

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਥਿਤੀ ਦਾ ਜਾਇਜ਼ਾ ਲੈਣ ਤੋਂ ਬਾਅਦ, ਉਨ੍ਹਾਂ ਨੇ ਸਕੂਲ ਨੂੰ ਇੱਕ ਮਾਡਲ ਸਕੂਲ ਵਿੱਚ ਬਦਲਣ ਦਾ ਅਹਿਦ ਲਿਆ ਸੀ। ਉਨ੍ਹਾਂ ਕਿਹਾ, ਮੇਰੇ ਦੌਰੇ ਤੋਂ ਬਾਅਦ, ਸਕੂਲ ਸਿੱਖਿਆ ਵਿਭਾਗ ਨੇ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਆਪਕ ਵਿਕਾਸ ਕਾਰਜ ਸ਼ੁਰੂ ਕੀਤੇ। ਅੱਜ, ਸਕੂਲ ਨੂੰ ਇੱਕ ਨਵੀਂ ਇਮਾਰਤ, ਬਿਹਤਰ ਕਲਾਸਰੂਮ, ਬਿਹਤਰ ਸਹੂਲਤਾਂ ਅਤੇ ਸਿੱਖਣ ਦਾ ਅਨੁਕੂਲ ਵਾਤਾਵਰਣ ਪ੍ਰਦਾਨ ਕਰਕੇ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ।"

ਅਕਾਦਮਿਕ ਪ੍ਰਗਤੀ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ, "ਵਿਦਿਆਰਥੀਆਂ ਦੇ ਅਕਾਦਮਿਕ ਕਾਰਗੁਜ਼ਾਰੀ ਵਿੱਚ ਕਾਫੀ ਸੁਧਾਰ ਹੋਇਆ ਹੈ, ਜੋ ਕਿ ਕੇਂਦ੍ਰਿਤ ਦਖਲ ਦੇ ਸਕਾਰਾਤਮਕ ਨਤੀਜਿਆਂ ਨੂੰ ਦਰਸਾਉਂਦਾ ਹੈ। ਇਹ ਸਕੂਲ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਜਨਤਕ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਪ੍ਰਤੀ ਦ੍ਰਿੜ ਵਚਨਬੱਧਤਾ ਦਾ ਪ੍ਰਤੱਖ ਪ੍ਰਮਾਣ ਹੈ।"

ਸਿੱਖਿਆ ਮੰਤਰੀ ਨੇ ਕਿਹਾ, "ਗੁਆਂਢੀ ਪਿੰਡ, ਜੋ ਕਦੇ ਸਕੂਲ ਦੀ ਹਾਲਤ 'ਤੇ ਚਿੰਤਾ ਪ੍ਰਗਟ ਕਰਦੇ ਸਨ, ਹੁਣ ਮਸੌਲ ਦਾ ਦੌਰਾ ਕਰਕੇ ਇਸ ਦੀ ਤਬਦੀਲੀ ਨੂੰ ਪ੍ਰਸ਼ੰਸਾ ਕਰਦੇ ਹਨ।"

ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਪੰਜਾਬ ਸਿੱਖਿਆ ਕ੍ਰਾਂਤੀ ਇੱਕ ਸੰਪੂਰਨ ਲਹਿਰ ਹੈ ਜਿਸ ਦਾ ਉਦੇਸ਼ ਅਕਾਦਮਿਕ ਖੇਤਰ ਨੂੰ ਹੁਲਾਰਾ ਦੇਣਾ, ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਕਰਨਾ ਅਤੇ ਜਨਤਕ ਸਿੱਖਿਆ ਵਿੱਚ ਵਿਸਵਾਸ ਨੂੰ ਬਹਾਲ ਕਰਨਾ ਹੈ। ਪੰਜਾਬ ਸਰਕਾਰ ਇਹ ਯਕੀਨੀ ਬਣਾਉਣਾ ਜਾਰੀ ਰੱਖੇਗੀ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਹਰ ਬੱਚੇ ਨੂੰ ਇੱਕ ਮਾਣਮੱਤੇ ਅਤੇ ਅਨੁਕੂਲ ਮਾਹੌਲ ਵਿੱਚ ਮਿਆਰੀ ਸਿੱਖਿਆ ਦਿੱਤੀ ਜਾਵੇ।"

# ਕਾਂਗਰਸ ਨੂੰ ਹੁਣ ਪੰਜਾਬੀ ਸੱਪ ਅਤੇ ਨਿਓਲੇ ਦਿਖਣ ਲੱਗ ਪਏ..? : ਬੱਲੀਏਵਾਲ

## ਰਾਣਾ ਕੇ.ਪੀ. ਆਪਣੇ ਬਿਆਨ ਲਈ ਜਨਤਕ ਤੌਰ 'ਤੇ ਮੰਗੇ ਮੁਆਫੀ




ਚੰਡੀਗੜ੍ਹ, 14 ਫਰਵਰੀ (ਚ.ਨ.ਸ.) : ਸਾਬਕਾ ਸਪੀਕਰ ਤੇ ਕਾਂਗਰਸੀ ਆਗੂ ਰਾਣਾ ਕੇ.ਪੀ ਸਿੰਘ ਵੱਲੋਂ ਪੰਜਾਬੀਆਂ ਪ੍ਰਤੀ ਦਿੱਤੇ ਗਏ ਬਿਆਨ ਨੂੰ ਲੈ ਕੇ ਪੰਜਾਬ ਦੀ ਸਿਆਸਤ ਭਖੀ ਹੋਈ ਹੈ। ਇਸ ਬਿਆਨ 'ਤੇ ਆਪਣਾ ਤਿੱਖਾ ਪ੍ਰਤੀਕਰਮ ਦਿੰਦੇ ਹੋਏ ਭਾਜਪਾ ਦੇ ਬੁਲਾਰੇ ਪ੍ਰਿਤਪਾਲ ਸਿੰਘ ਬੱਲੀਏਵਾਲ ਨੇ ਕਿਹਾ ਕਿ ਪੰਜਾਬੀਆਂ ਦੀ ਤੁਲਨਾ ਸੱਪ ਤੇ ਨਿਓਲੇ ਨਾਲ ਕੀਤੇ ਜਾਣਾ ਕਾਂਗਰਸ ਦੀ ਘਟੀਆ ਸੋਚ ਨੂੰ ਦਰਸਾਉਂਦਾ ਹੈ।

ਬੱਲੀਏਵਾਲ ਨੇ ਇਸ ਬਿਆਨ 'ਤੇ ਟਵੀਟ ਕਰਦੇ ਹੋਏ ਲਿਖਿਆ ਕਿ ਰਾਣਾ ਜੀ 'ਤੇ ਵੀ ਲੱਗਦਾ ਸੰਗਤ ਦਾ ਅਸਰ ਪੈ ਗਿਆ ਹੈ। ਬੱਲੀਏਵਾਲ ਨੇ ਕਿਹਾ ਕਿ ਕਾਂਗਰਸੀ ਆਗੂਆਂ ਵੱਲੋਂ ਕਦੇ ਦਲਿਤਾਂ ਬਾਰੇ, ਕਦੇ ਸਿੱਖਾਂ ਬਾਰੇ, ਕਦੇ ਪੰਜਾਬੀਆਂ ਨੂੰ ਗੱਦਾਰ ਕਹਿਣਾ ਤੇ ਹੁਣ ਪੰਜਾਬੀਆਂ ਬਾਰੇ ਕੀਤੀ ਗਈ ਇਹ ਘਟੀਆ ਟਿੱਪਣੀ ਬਰਦਾਸ਼ਤਯੋਗ ਨਹੀਂ ਹੈ।

ਉਨ੍ਹਾਂ ਨੇ ਪੰਜਾਬ ਕਾਂਗਰਸ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਕਾਂਗਰਸ ਜਵਾਬ ਦੇਵੇ ਕੀ ਹੁਣ ਪੰਜਾਬੀ ਤੁਹਾਨੂੰ ਸੱਪ ਤੇ ਨਿਓਲਾ ਲੱਗਦੇਹਨ ? ਬੱਲੀਏਵਾਲ ਨੇ ਕਿਹਾ ਕਿ ਕਾਂਗਰਸ ਮਹੁਬਤ ਦੀ ਦੁਕਾਨ ਦੇ ਝੂਠੇ ਨਾਅਰੇ ਲਗਾਉਂਦੀ ਹੈ, ਪਰ ਅਸਲ ਵਿੱਚ ਕਾਂਗਰਸੀ ਆਗੂਆਂ ਦੇ ਮਨਾਂ ਵਿੱਚ ਦਲਿਤਾਂ, ਸਿੱਖਾਂ ਤੇ ਪੰਜਾਬੀਆਂ ਨੂੰ ਲੈ ਕੇ ਸਿਰਫ਼ ਨਫ਼ਰਤ ਭਰੀ ਹੋਈ ਹੈ। ਰਾਣਾ ਕੇ.ਪੀ ਨੂੰ ਆਪਣੇ ਬਿਆਨ 'ਤੇ ਤਰੁੰਤ ਪੰਜਾਬੀਆਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਬੱਲੀਏਵਾਲ ਨੇ ਪੰਜਾਬ ਸਰਕਾਰ ਤੋਂ ਇਸ ਬਜਟ ਵਿੱਚ ਕਾਂਗਰਸੀਆਂ ਆਗੂਆਂ ਦੇ ਇਲਾਜ਼ ਲਈ ਖਾਸ ਫ਼ੰਡ ਰੱਖਣ ਦੀ ਮੰਗ ਕੀਤੀ ਹੈ, ਜਿਨ੍ਹਾਂ ਦੀ ਬੁੱਧੀ ਭ੍ਰਿਸ਼ਟ ਹੋ ਚੁੱਕੀ ਹੈ।

# ਪਹਿਲੇ ਸਫ਼ੇ ਦੀ ਬਾਕੀ

### ਸੜਕ ਹਾਦਸੇ 'ਚ ਸੀ.ਆਰ.ਪੀ.ਐਫ. ਦੇ

ਸਨ। ਅਧਿਕਾਰੀ ਅਨੁਸਾਰ ਕੋਬਰਾ ਦੇ ਚਾਰ ਜਵਾਨ ਇੱਕ ਨਾਗਰਿਕ ਡਰਾਈਵਰ ਦੇ ਨਾਲ ਬਸਤਰ ਜ਼ਿਲ੍ਹੇ ਦੇ ਹੈੱਡਕੁਆਰਟਰ ਜਗਦਲਪੁਰ ਤੋਂ ਰਾਏਪੁਰ ਜਾ ਰਹੇ ਸਨ ਤਾਂ ਜੋ ਉੱਥੋਂ ਛੁੱਟੀ 'ਤੇ ਆਪਣੇ ਜੱਦੀ ਸਥਾਨਾਂ ਨੂੰ ਜਾ ਸਕਣ। ਉਨ੍ਹਾਂ ਦੱਸਿਆ ਕਿ ਕਾਰ ਇੱਕ ਖੜ੍ਹੇ ਟਰੱਕ ਨਾਲ ਟਕਰਾਈ ਅਤੇ ਟੱਕਰ ਇੰਨੀ ਜ਼ਬਰਦਸਤ ਸੀ ਕਿ ਇੱਕ ਜਵਾਨ ਅਤੇ ਡਰਾਈਵਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਦੋ ਹੋਰ ਜਵਾਨਾਂ ਨੇ ਹਸਪਤਾਲ ਲਿਜਾਂਦੇ ਸਮੇਂ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਦਮ ਤੋੜ ਦਿੱਤਾ।

ਪਰਿਹਾਰ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਅਜਿਹਾ ਲੱਗਦਾ ਹੈ ਕਿ ਡਰਾਈਵਰ ਨੂੰ ਨੀਂਦ ਆਈ ਹੋ ਸਕਦੀ ਹੈ, ਜਿਸ ਕਾਰਨ ਤੇਜ਼ ਰਫ਼ਤਾਰ ਗੱਡੀ ਸੜਕ ਕਿਨਾਰੇ ਖੜ੍ਹੇ ਟਰੱਕ ਵਿੱਚ ਜਾ ਟਕਰਾਈ।

ਮ੍ਰਿਤਕਾਂ ਵਿੱਚ ਸੀਆਰਪੀਐਫ ਦੇ ਜਵਾਨ ਸੌਰਭ ਤੋਮਰ, ਮੁਕੇਸ਼ ਕੁਮਾਰ ਅਤੇ ਰਾਜਕੁਮਾਰ ਗੌੜ ਅਤੇ ਡਰਾਈਵਰ ਹੀਰਾਲਾਲ ਨਾਗਰ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਇੱਕ ਹੋਰ ਕੋਬਰਾ ਕਮਾਂਡੋ ਅਭਿਮਨ ਰਾਏ (28) ਜ਼ਖ਼ਮੀ ਹੋ ਗਿਆ ਹੈ ਅਤੇ ਉਸਨੂੰ ਇਲਾਜ ਲਈ ਰਾਏਪੁਰ ਰੈਫਰ ਕਰ ਦਿੱਤਾ ਗਿਆ ਹੈ।

### ਮੋਦੀ ਨੇ ਵਰਚੁਅਲੀ ਚੰਡੀਗੜ੍ਹ 'ਚ ਨਵੀਆਂ ਇਲੈਕਟ੍ਰਿਕ

ਰੂਟਾਂ 'ਤੇ ਚਲਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਹ ਧਿਆਨ ਦੇਣ ਯੋਗ ਹੈ ਕਿ ਚੰਡੀਗੜ੍ਹ ਪ੍ਰਸ਼ਾਸਕ ਇੱਕ ਮਹੀਨਾ ਪਹਿਲਾਂ ਇਨ੍ਹਾਂ ਬੱਸਾਂ ਨੂੰ ਹਰੀ ਝੰਡੀ ਦਿਖਾਉਣ ਵਾਲੇ ਸਨ। ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋਏ ਸਨ, ਪਰ ਇਸ ਯੋਜਨਾ ਦੀ ਸ਼ੁਰੂਆਤ ਕੇਂਦਰੀ ਪੱਧਰ 'ਤੇ ਹੋਣੀ ਸੀ। ਇਸ ਲਈ ਚੰਡੀਗੜ੍ਹ ਵਿੱਚ ਹੋਣ ਵਾਲਾ ਸਮਾਗਮ ਮੁਲਤਵੀ ਕਰ ਦਿੱਤਾ ਗਿਆ ਸੀ। ਟਰਾਂਸਪੋਰਟ ਵਿਭਾਗ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਲਈ ਕੁੱਲ 100 ਇਲੈਕਟ੍ਰਿਕ ਬੱਸਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। 25 ਬੱਸਾਂ ਸ਼ਨੀਵਾਰ ਨੂੰ ਸ਼ੁਰੂ ਹੋ ਰਹੀਆਂ ਹਨ। ਫਰਵਰੀ ਦੇ ਅਖੀਰ ਤੱਕ 25 ਹੋਰ ਆਉਣ ਦੀ ਉਮੀਦ ਹੈ। ਬਾਕੀ 50 ਬੱਸਾਂ ਮਾਰਚ ਅਤੇ ਅਪ੍ਰੈਲ ਵਿੱਚ ਆਉਣ ਦੀ ਉਮੀਦ ਹੈ। ਇਹ ਬੱਸਾਂ ਮੁੱਖ ਤੌਰ 'ਤੇ ਸ਼ਹਿਰ ਦੇ ਸਥਾਨਕ ਰੂਟਾਂ 'ਤੇ ਚੱਲਣਗੀਆਂ। ਪਿਛਲੇ ਸਾਲ ਨਵੰਬਰ ਵਿੱਚ 15 ਸਾਲ ਪੁਰਾਣੀਆਂ 85 ਡੀਜ਼ਲ ਬੱਸਾਂ ਨੂੰ ਹਟਾਉਣ ਨਾਲ ਸ਼ਹਿਰ ਵਿੱਚ ਬੱਸਾਂ ਦੀ ਘਾਟ ਪੈਦਾ ਹੋ ਗਈ ਸੀ। ਇਸ ਤੋਂ ਬਾਅਦ ਕੁਝ ਲੰਬੀ ਦੂਰੀ ਦੀਆਂ ਬੱਸਾਂ ਨੂੰ ਅਸਥਾਈ ਤੌਰ 'ਤੇ ਸ਼ਹਿਰ ਦੇ ਰੂਟਾਂ 'ਤੇ ਤਾਇਨਾਤ ਕੀਤਾ ਗਿਆ ਸੀ। ਹੁਣ ਜਦੋਂ ਨਵੀਆਂ ਇਲੈਕਟ੍ਰਿਕ ਬੱਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ ਤਾਂ ਲੰਬੀ ਦੂਰੀ ਦੀਆਂ ਬੱਸਾਂ ਨੂੰ ਉਨ੍ਹਾਂ ਦੇ ਪੁਰਾਣੇ ਰੂਟਾਂ 'ਤੇ ਦੁਬਾਰਾ ਨਿਯੁਕਤ ਕੀਤਾ ਜਾਵੇਗਾ। ਇਸ ਵੇਲੇ ਟ੍ਰਾਈਸਿਟੀ ਵਿੱਚ ਲਗਭਗ 80 ਇਲੈਕਟ੍ਰਿਕ ਬੱਸਾਂ ਚੱਲ ਰਹੀਆਂ ਹਨ। ਪ੍ਰਸ਼ਾਸਨ ਨੇ ਈ-ਬੱਸ ਸੰਚਾਲਨ ਲਈ ਪੀ.ਐੱਮ.ਆਈ. ਇਲੈਕਟ੍ਰੋ ਮੋਬਿਲਿਟੀ ਸਲਿਊਸ਼ਨਜ਼ ਨਾਲ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ। ਕੰਪਨੀ ਦੀਆਂ ਦਰਾਂ ਕੇਂਦਰ ਸਰਕਾਰ ਦੀ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਸਭ ਤੋਂ ਘੱਟ ਸਨ। ਇਸ ਯੋਜਨਾ ਦੇ ਤਹਿਤ ਕੇਂਦਰ ਸਰਕਾਰ ਅਗਲੇ 10 ਸਾਲਾਂ ਲਈ 12-ਮੀਟਰ ਲੰਬੀਆਂ ਈ-ਬੱਸਾਂ ਲਈ ਪ੍ਰਤੀ ਕਿਲੋਮੀਟਰ 24 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ। ਕੇਂਦਰ ਸਰਕਾਰ ਚਾਰਜਿੰਗ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਚੰਡੀਗੜ੍ਹ ਨੂੰ ਲੱਗਭੱਗ 11.87 ਕਰੋੜ ਰੁਪਏ ਪ੍ਰਦਾਨ ਕਰੇਗੀ। ਨਵੀਆਂ ਈ-ਬੱਸਾਂ ਦੀ ਸ਼ੁਰੂਆਤ ਸ਼ਹਿਰ ਵਿੱਚ ਪ੍ਰਦੂਸ਼ਨ ਨੂੰ ਘਟਾਏਗੀ, ਬਿਹਤਰ ਯਾਤਰੀ ਸਹੂਲਤ ਪ੍ਰਦਾਨ ਕਰੇਗੀ ਅਤੇ ਜਨਤਕ ਆਵਾਜਾਈ ਪ੍ਰਣਾਲੀ ਨੂੰ ਮਜ਼ਬੂਤ ਕਰੇਗੀ। ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਮੈਟਰੋ ਪ੍ਰੋਜੈਕਟ 'ਤੇ ਅੰਤਿਮ ਫੈਸਲਾ ਲੈਣ ਤੱਕ ਟ੍ਰੈਫਿਕ ਭੀੜ ਦਾ ਇੱਕੋ ਇੱਕ ਪ੍ਰੈਕਟੀਕਲ ਹੱਲ ਇੱਕ ਮਜ਼ਬੂਤ ਬੱਸ ਸੇਵਾ ਹੈ। ਪ੍ਰਸ਼ਾਸਨ ਨਵੇਂ ਰੂਟ ਸ਼ੁਰੂ ਕਰਨ ਅਤੇ ਬੰਦ ਰੂਟਾਂ ਨੂੰ ਦੁਬਾਰਾ ਖੋਲ੍ਹਣ ਦੀ ਤਿਆਰੀ ਕਰ ਰਿਹਾ ਹੈ। ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ (ਸੀ.ਟੀ.ਯੂ.) ਦੇ ਡਾਇਰੈਕਟਰ ਪ੍ਰਦਿਊਮਨ ਸਿੰਘ ਨੇ ਕਿਹਾ ਕਿ ਨਵੀਆਂ ਈ-ਬੱਸਾਂ ਨੂੰ ਵਿਸ਼ੇਸ਼ ਤੌਰ 'ਤੇ ਬਜ਼ੁਰਗ ਨਾਗਰਿਕਾਂ, ਔਰਤਾਂ ਅਤੇ ਅਪਾਹਜਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ। ਸਾਰੀਆਂ 100 ਈ-ਬੱਸਾਂ ਪ੍ਰਾਪਤ ਕਰਨ ਤੋਂ ਬਾਅਦ ਫ੍ਰੀਕਵੈਂਸੀ ਹੋਰ ਬਿਹਤਰ ਕੀਤੀ ਜਾਵੇਗੀ।

### ਮੋਦੀ ਵੱਲੋਂ ਉੱਤਰ-ਪੂਰਬ ਦੀ ਪਹਿਲੀ ਐਮਰਜੈਂਸੀ

ਹੋਰ ਮੰਤਰੀਆਂ ਨੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ। ਰਨਵੇ ਉਤੇ ਉਤਰਨ ਤੋਂ ਬਾਅਦ ਮੋਦੀ ਨੇੜਲੇ ਸਥਾਨ ਉਤੇ ਪਹੁੰਚੇ, ਜਿੱਥੋਂ ਉਨ੍ਹਾਂ ਨੇ ਹੈਲੀਕਾਪਟਰਾਂ ਦੇ ਨਾਲ ਭਾਰਤੀ ਹਵਾਈ ਫੌਜ ਦੇ ਲੜਾਕੂ ਅਤੇ ਟਰਾਂਸਪੋਰਟ ਜਹਾਜ਼ਾਂ ਦਾ ਹਵਾਈ ਪ੍ਰਦਰਸ਼ਨ ਵੇਖਿਆ। ਪ੍ਰਧਾਨ ਮੰਤਰੀ ਨੂੰ ਇਤਿਹਾਸਕ ਘਟਨਾ ਨੂੰ ਵੇਖਣ ਲਈ ਸਮਾਗਮ ਵਾਲੀ ਥਾਂ ਉਤੇ ਇਕੱਠੀ ਹੋਈ ਵੱਡੀ ਭੀੜ ਵਲ ਹੱਥ ਹਿਲਾਉਂਦੇ ਹੋਏ ਵੇਖਿਆ ਗਿਆ। ਮੋਦੀ ਦਾ ਰਵਾਇਤੀ 'ਮੁਗਾ ਗਮੋਸਾ' (ਸਕਾਰਫ) ਨਾਲ ਸਵਾਗਤ ਕੀਤਾ ਗਿਆ ਅਤੇ ਸਰਮਾ ਨੇ ਅਸਾਮੀ 'ਜਾਪੀ' ਅਤੇ ਆਖਰੀ ਚੁਟੀਆ ਰਾਣੀ ਸਤੀ ਸਾਧਿਨੀ ਦੀ ਤਸਵੀਰ ਦੇ ਨਾਲ-ਨਾਲ ਏਅਰ ਚੀਫ ਮਾਰਸ਼ਲ ਵਲੋਂ ਆਈ.ਏ.ਐਫ. ਤੋਂ ਯਾਦਗਾਰੀ ਚਿੰਨ੍ਹ ਦੇ ਨਾਲ ਸਨਮਾਨਿਤ ਕੀਤਾ।

### ਮਾਨ ਤੇ ਮੋਦੀ ਵੱਲੋਂ ਪੁਲਵਾਮਾ ਹਮਲੇ ਦੇ ਸਮੂਹ

ਮੁੱਖ ਮੰਤਰੀ ਮਾਨ ਨੇ ਪੁਲਵਾਮਾ ਹਮਲੇ 'ਚ ਆਪਣੀਆਂ ਜਾਨਾਂ ਗੁਆਉਣ ਵਾਲੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਟਵੀਟ ਕਰਦਿਆਂ ਕਿਹਾ ਪੁਲਵਾਮਾ ਦੇ ਅੱਤਵਾਦੀ ਹਮਲੇ ਵਿਚ ਆਪਣੀਆਂ ਜਾਨਾਂ ਗੁਆਉਣ ਵਾਲੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ। ਸਾਡਾ ਦੇਸ਼ ਇਹਨਾਂ ਬਹਾਦਰ ਜਵਾਨਾਂ ਦੀ ਸ਼ਹਾਦਤ ਨੂੰ ਹਮੇਸ਼ਾ ਯਾਦ ਰੱਖੇਗਾ।'

### ਪ੍ਰਦੂਸ਼ਨ ਲਈ ਸਿਰਫ਼ ਪਰਾਲੀ

ਪੰਜਾਬ ਤੇ ਹਰਿਆਣਾ ਵਿਚ ਪਰਾਲੀ ਸਾੜਨ ਦੇ ਮਾਮਲੇ ਵਿਚ ਕਾਫੀ ਹੱਦ ਤੱਕ ਘੱਟ ਗਏ ਹਨ। ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਵਿਚ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਸਿਰਫ 17 ਫੀਸਦੀ ਦੀ ਕਮੀ ਦਰਜ ਹੋਈ ਹੈ ਤੇ ਸਰਕਾਰ ਇਸ ਦਿਸ਼ਾ ਵਿਚ ਕੋਸ਼ਿਸ਼ਾਂ ਕਰ ਰਹੀ ਹੈ।

### ਆਪ੍ਰੇਸ਼ਨ ਸਿੰਦੂਰ 'ਚ ਵਰਤੀਆਂ ਗਈਆਂ

ਉੱਥੇ ਹੀ ਐਸ-400 ਸਿਸਟਮ ਨੇ ਪਿਛਲੇ ਸਾਲ ਮਈ 'ਚ ਪਾਕਿਸਤਾਨ ਦੀਆਂ ਕਰੂਜ਼ ਮਿਜ਼ਾਈਲਾਂ ਵਾਲੇ ਹਵਾਈ ਹਮਲਿਆਂ ਨੂੰ ਨਾਕਾਮ ਕੀਤਾ ਸੀ। ਇਹ ਮਿਜ਼ਾਈਲਾਂ ਜੀ.ਪੀ.ਐਸ., ਇਨਰਸ਼ੀਅਲ ਨੇਵੀਗੇਸ਼ਨ ਅਤੇ ਇਨਫਰਾਰੈੱਡ ਇਮੇਜਿੰਗ ਸੀਕਰ ਵਰਗੀ ਆਧੁਨਿਕ ਤਕਨੀਕ ਨਾਲ ਲੈਸ ਹਨ, ਜਿਸ ਕਾਰਨ ਇਨ੍ਹਾਂ ਨੇ ਅੱਤਵਾਦੀ ਟਿਕਾਣਿਆਂ 'ਤੇ ਬਿਲਕੁਲ ਸਹੀ ਨਿਸ਼ਾਨਾ ਲਗਾਇਆ ਸੀ। ਰੱਖਿਆ ਸਕੱਤਰ ਨੇ ਸਪੱਸ਼ਟ ਕੀਤਾ ਕਿ 114 ਰਾਫੇਲ ਜੈੱਟਾਂ ਲਈ ਇਹ ਇਕ ਗਵਰਨਮੈਂਟ-ਟੂ-ਗਵਰਨਮੈਂਟ (ਜੀ2ਜੀ) ਸੌਦਾ ਹੋਵੇਗਾ, ਜਿਸ ਵਿਚ ਕੋਈ ਵਿਚੋਲਾ ਨਹੀਂ ਹੋਵੇਗਾ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਾਰ ਭਾਰਤ ਕੋਲ ਜਹਾਜ਼ਾਂ 'ਚ ਆਪਣੀਆਂ ਦੇਸੀ ਮਿਜ਼ਾਈਲਾਂ ਅਤੇ ਸਿਸਟਮਾਂ ਨੂੰ ਜੋੜਨ ਦਾ ਪੂਰਾ ਅਧਿਕਾਰ ਹੋਵੇਗਾ, ਜੋ ਪਹਿਲਾਂ ਸੋਰਸ ਕੋਡ ਨਾ ਮਿਲਣ ਕਾਰਨ ਸੀਮਤ ਸੀ। ਪੈਰਿਸ 'ਚ ਫ੍ਰੈਂਚ ਇੰਜਣ ਬਣਾਉਣ ਵਾਲੀ ਕੰਪਨੀ ਸਫ਼ਰਾਨ ਦੇ ਸੀ.ਈ.ਓ. ਓਲੀਵੀਅਰ ਐਂਡਰੀਜ਼ ਨੇ ਕਿਹਾ ਕਿ ਕੰਪਨੀ ਭਾਰਤ 'ਚ ਹੀ ਇਕ ਇੰਜਣ ਅਸੈਂਬਲੀ ਲਾਈਨ ਸਥਾਪਤ ਕਰਨ ਲਈ ਤਿਆਰ ਹੈ। ਰਾਫੇਲ ਦੇ ਐੱਮ-88 ਇੰਜਣ ਬਣਾਉਣ ਵਾਲੀ ਇਹ ਕੰਪਨੀ ਭਾਰਤੀ ਹਵਾਬਾਜ਼ੀ ਉਦਯੋਗ ਨੂੰ ਹੁਲਾਰਾ ਦੇਣ ਲਈ ਸਥਾਨਕ ਸਪਲਾਇਰਾਂ ਤੋਂ ਪੁਰਜ਼ੇ ਵੀ ਖ਼ਰੀਦੇਗੀ।

### ਐਫ.ਸੀ.ਆਈ. 'ਚ ਪਹਿਲੀ ਵਾਰ ਪੰਜਾਬ ਕਾਡਰ

ਕਰਵਾਇਆ ਸੀ। ਉਨ੍ਹਾਂ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਦੌਰਾਨ ਦਲੀਲ ਦਿੱਤੀ ਸੀ ਕਿ ਪੰਜਾਬ ਦੇਸ਼ ਦੇ ਕੇਂਦਰੀ ਭੰਡਾਰ 'ਚ ਸਭ ਤੋਂ ਵੱਧ ਕਣਕ ਅਤੇ ਝੋਨਾ ਯੋਗਦਾਨ ਪਾਉਣ ਵਾਲਾ ਸੂਬਾ ਹੈ। ਇਸ ਲਈ ਐੱਫ.ਸੀ.ਆਈ. 'ਚ ਅਜਿਹਾ ਅਧਿਕਾਰੀ ਹੋਣਾ ਚਾਹੀਦਾ ਹੈ ਜਿਸ ਨੂੰ ਸੂਬੇ ਦੀ ਖਰੀਦ ਪ੍ਰਣਾਲੀ, ਮੰਡੀ ਢਾਂਚੇ ਅਤੇ ਸਥਾਨਕ ਪ੍ਰਸ਼ਾਸਨ ਦੀ ਡੂੰਘੀ ਸਮਝ ਹੋਵੇ। ਇਸ ਦੌਰਾਨ, ਐੱਫ.ਸੀ.ਆਈ. ਤੋਂ ਪਰਤੇ ਪੰਜਾਬ ਕੈਡਰ ਦੇ ਸੀਨੀਅਰ ਅਧਿਕਾਰੀ ਬੀ. ਸ੍ਰੀਨਿਵਾਸਨ ਨੂੰ ਸੂਬਾ ਸਰਕਾਰ ਨੇ ਪਨਸਪ ਵਿਭਾਗ ਦਾ ਮੈਨੇਜਿੰਗ ਡਾਇਰੈਕਟਰ ਨਿਯੁਕਤ ਕਰ ਦਿੱਤਾ ਹੈ। ਪਨਸਪ ਸੂਬੇ ਦੀਆਂ ਪ੍ਰਮੁੱਖ ਖਰੀਦ ਏਜੰਸੀਆਂ 'ਚੋਂ ਇਕ ਹੈ। ਇਸ ਨਿਯੁਕਤੀ ਨੂੰ ਕੇਂਦਰ ਅਤੇ ਸੂਬੇ ਦੇ ਸਬੰਧਾਂ ਦੇ ਸੰਦਰਭ 'ਚ ਦੇਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਚੰਡੀਗੜ੍ਹ ਵਿਚ ਯੂਟੀ ਕੈਡਰ ਦੇ ਅਧਿਕਾਰੀਆਂ ਦੀ ਗਿਣਤੀ ਵਧਾਉਣ ਅਤੇ ਪੰਜਾਬ ਯੂਨੀਵਰਸਿਟੀ ਦੀ ਸੀਨੇਟ 'ਚ ਬਦਲਾਅ ਦੀਆਂ ਕੋਸ਼ਿਸ਼ਾਂ ਦਾ ਤਿੱਖਾ ਵਿਰੋਧ ਹੋ ਚੁੱਕਾ ਹੈ। ਹਾਲਾਂਕਿ, ਯੂਨੀਵਰਸਿਟੀ ਦੇ ਮਾਮਲੇ 'ਚ ਕੇਂਦਰ ਪਿੱਛੇ ਹਟ ਗਿਆ ਸੀ ਪਰ ਇਸ ਵਾਰ ਪੰਜਾਬ ਸਰਕਾਰ ਦੇ ਵਿਰੋਧ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ।

### 5 ਸਾਲਾਂ 'ਚ ਟੋਇਆਂ ਕਾਰਨ ਹੋਣ ਵਾਲੀਆਂ

ਵਧ ਰਹੀਆਂ ਹਨ, ਜੋ 2024 ਵਿਚ 2,385 ਮੌਤਾਂ ਦੇ ਸਿਖਰ ਉਤੇ ਪਹੁੰਚ ਗਈਆਂ ਹਨ। ਸਾਲਾਨਾ ਮੌਤਾਂ ਦੀ ਗਿਣਤੀ 2020 ਵਿਚ 1,555 ਤੋਂ ਘਟ ਕੇ 2021 ਵਿਚ 1,481 ਹੋ ਗਈ ਹੈ, ਉਦੋਂ ਤੋਂ ਇਹ ਹਰ ਸਾਲ ਵਧਦੀ ਹੈ। ਮੌਤਾਂ 2022 ਵਿਚ ਵਧ ਕੇ 1,856, 2023 ਵਿਚ 2,161 ਹੋ ਗਈਆਂ, ਅਤੇ 2024 ਵਿਚ 2,385 ਹੋ ਗਈਆਂ। ਉੱਤਰ ਪ੍ਰਦੇਸ਼ ਵਿਚ ਲਗਾਤਾਰ ਸੱਭ ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ, 2020 ਅਤੇ 2024 ਦੇ ਵਿਚਕਾਰ 5,127 ਮੌਤਾਂ ਹੋਈਆਂ ਹਨ। ਇਕੱਲੇ 2024 'ਚ, ਰਾਜ ਵਿਚ ਟੋਇਆਂ ਨਾਲ ਸਬੰਧਤ 1,369 ਮੌਤਾਂ ਹੋਈਆਂ, ਜੋ ਕਿ ਕੌਮੀ ਕੁਲ ਮੌਤਾਂ ਦੇ ਅੱਧੇ ਤੋਂ ਵੱਧ, ਜੋ ਕਿ 2023 ਵਿਚ 1,320 ਅਤੇ 2022 ਵਿਚ 1,030 ਸਨ। ਮੱਧ ਪ੍ਰਦੇਸ਼ ਵਿਚ ਪੰਜ ਸਾਲਾਂ ਵਿਚ ਕੁਲ 969 ਮੌਤਾਂ ਹੋਈਆਂ, ਜਿਨ੍ਹਾਂ ਵਿਚ 2024 ਵਿਚ 277 ਮੌਤਾਂ ਸ਼ਾਮਲ ਹਨ। ਇਸੇ ਸਮੇਂ ਦੌਰਾਨ ਤਾਮਿਲਨਾਡੂ ਵਿਚ 612 ਮੌਤਾਂ ਹੋਈਆਂ ਹਨ, ਜਦੋਂਕਿ ਪੰਜਾਬ ਵਿਚ 414 ਮੌਤਾਂ ਹੋਈਆਂ ਹਨ। ਮੰਤਰਾਲੇ ਨੂੰ ਸੌਂਪੀ ਗਈ ਸੂਬਾ ਪੁਲਿਸ ਰੀਪੋਰਟਾਂ ਤੋਂ ਪ੍ਰਾਪਤ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਆਂਧਰਾ ਪ੍ਰਦੇਸ਼, ਬਿਹਾਰ ਅਤੇ ਗੋਆ ਸਮੇਤ ਕੁੱਝ ਸੂਬਿਆਂ ਵਿਚ ਪੰਜ ਸਾਲਾਂ ਦੀ ਮਿਆਦ ਵਿਚ ਟੋਇਆਂ ਨਾਲ ਸਬੰਧਤ ਕੋਈ ਹਾਦਸਾ ਜਾਂ ਮੌਤ ਨਹੀਂ ਹੋਈ। ਕੌਮੀ ਪੱਧਰ ਉਤੇ, ਇਸ ਸਮੇਂ ਦੌਰਾਨ ਟੋਇਆਂ ਨਾਲ ਸਬੰਧਤ 23,056 ਹਾਦਸੇ ਸਾਹਮਣੇ ਆਏ, ਜਿਸ ਦੇ ਨਤੀਜੇ ਵਜੋਂ 19,956 ਜ਼ਖ਼ਮੀ ਹੋਏ। ਇਨ੍ਹਾਂ 'ਚੋਂ 9,670 ਨੂੰ 'ਗੰਭੀਰ ਸੱਟਾਂ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ। ਗਡਕਰੀ ਨੇ ਕਿਹਾ ਕਿ ਕੇਂਦਰ ਕੌਮੀ ਰਾਜਮਾਰਗਾਂ ਦੇ ਵਿਕਾਸ ਅਤੇ ਰੱਖ-ਰਖਾਅ ਲਈ ਜ਼ਿੰਮੇਵਾਰ ਹੈ, ਪਰ ਸਬੰਧਤ ਸੂਬਾ ਸਰਕਾਰਾਂ ਅਪਣੇ ਅਧਿਕਾਰ ਖੇਤਰ ਵਿਚ ਸੜਕਾਂ ਲਈ ਜ਼ਿੰਮੇਵਾਰ ਹਨ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਮੌਜੂਦਾ ਐਨ.ਐਚ. ਨੈਟਵਰਕ ਦੀ ਸਾਂਭ-ਸੰਭਾਲ ਨੂੰ ਤਰਜੀਹ ਦਿਤੀ ਹੈ ਅਤੇ ਜਵਾਬਦੇਹ ਰੱਖ-ਰਖਾਅ ਏਜੰਸੀਆਂ ਵਲੋਂ ਸਾਰੇ ਭਾਗਾਂ ਦੀ ਮੁਰੰਮਤ ਨੂੰ ਯਕੀਨੀ ਬਣਾਉਣ ਲਈ ਇਕ ਪ੍ਰਣਾਲੀ ਸਥਾਪਤ ਕੀਤੀ ਹੈ।

### ਕੈਪਟਨ ਦੀ ਗੋਡੇ ਬਦਲਣ ਦੀ ਸਰਜਰੀ ਹੋਈ ਸਫ਼ਲ,

ਕੈਪਟਨ ਅਮਰਿੰਦਰ ਸਿੰਘ ਦਾ ਇੰਟਰਾ-ਆਪ ਕੋਰਸ ਬਿਨਾਂ ਕਿਸੇ ਰੁਕਾਵਟ ਦੇ ਹੋਇਆ ਅਤੇ ਆਪਰੇਸ਼ਨ ਤੋਂ ਬਾਅਦ ਸਫਲ ਰਿਕਵਰੀ ਹੋਈ। ਪ੍ਰਕਿਰਿਆ ਤੋਂ ਬਾਅਦ ਉਨ੍ਹਾਂ ਦਾ ਤੁਰਨਾ ਦਰਦ ਰਹਿਤ ਸੀ ਅਤੇ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਮੋਹਾਲੀ ਤੋਂ ਤਸੱਲੀਬਖਸ਼ ਹਾਲਤ ਵਿੱਚ ਛੁੱਟੀ ਦੇ ਦਿੱਤੀ ਗਈ।

### ਪੰਜਾਬ 'ਚ 17 ਫਰਵਰੀ ਨੂੰ

ਵਿਭਾਗ ਮੁਤਾਬਕ ਇਕ ਵੈਸਟਰਨ ਡਿਸਟਰਬੈਂਸ ਪਹਾੜਾਂ 'ਤੇ ਪਹੁੰਚ ਗਿਆ ਹੈ, ਜਦਕਿ ਦੂਜਾ 16 ਫਰਵਰੀ ਨੂੰ ਸਰਗਰਮ ਹੋਣਾ ਸ਼ੁਰੂ ਹੋ ਜਾਵੇਗਾ। 17 ਫਰਵਰੀ ਤੱਕ ਬਾਰਿਸ਼ ਦੀ ਗਤੀਵਿਧੀ ਸ਼ੁਰੂ ਹੋ ਸਕਦੀ ਹੈ। ਉੱਥੇ ਹੀ 18 ਤਾਰੀਖ਼ ਨੂੰ ਵੀ ਮੌਸਮ ਵਿਭਾਗ ਵੱਲੋਂ ਬਾਰਿਸ਼ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਵਿਭਾਗ ਨੇ 17 ਅਤੇ 18 ਤਾਰੀਖ਼ ਨੂੰ ਪਠਾਨਕੋਟ, ਗੁਰਦਾਸਪੁਰ, ਫਾਜ਼ਿਲਕਾ, ਮੁਕਤਸਰ ਅਤੇ ਬਠਿੰਡਾ ਵਿੱਚ ਹਲਕੀ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਹੈ। ਦੱਸਣਯੋਗ ਹੈ ਕਿ ਪਿਛਲੇ 24 ਘੰਟਿਆਂ ਦੌਰਾਨ ਵੱਧ ਤੋਂ ਵੱਧ ਤਾਪਮਾਨ 'ਚ 0.6 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ। ਇਸ ਦੇ ਬਾਵਜੂਦ ਤਾਪਮਾਨ ਅਜੇ ਵੀ ਆਮ ਨਾਲੋਂ 3.8 ਡਿਗਰੀ ਵੱਧ ਹੈ। ਇਸ ਸਮੇਂ ਦੌਰਾਨ ਫਿਰੋਜ਼ਪੁਰ ਵਿੱਚ ਵੱਧ ਤੋਂ ਵੱਧ ਤਾਪਮਾਨ 26.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

### ਸ੍ਰੀ ਆਨੰਦਪੁਰ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ

ਇੱਕ ਉੱਚ ਪੱਧਰੀ ਮੀਟਿੰਗ ਕਰਦਿਆਂ ਸ਼ਰਧਾਲੂਆਂ ਦੀ ਸਹੂਲਤ ਲਈ ਵੱਡੇ ਐਲਾਨ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸੰਗਤਾਂ ਦੇ ਰਹਿਣ ਲਈ 8 ਏਕੜ ਵਿੱਚ ਇੱਕ 'ਟੈਂਟ ਸਿਟੀ' ਅਤੇ ਇੱਕ ਵਿਸ਼ੇਸ਼ 'ਟਰਾਲੀ ਸਿਟੀ' ਸਥਾਪਤ ਕੀਤੀ ਜਾਵੇਗੀ। ਇਸ ਤੋਂ ਇਲਾਵਾ 25 ਪਾਰਕਿੰਗ ਜ਼ੋਨ ਬਣਾਏ ਜਾਣਗੇ ਅਤੇ ਸ਼ਰਧਾਲੂਆਂ ਨੂੰ ਲਿਆਉਣ-ਲਿਜਾਣ ਲਈ 60 ਸ਼ਟਲ ਬੱਸਾਂ ਤੇ 100 ਈ-ਰਿਕਸ਼ਾ ਚਲਾਏ ਜਾਣਗੇ। ਰੋਪੜ ਦੇ ਡਿਪਟੀ ਕਮਿਸ਼ਨਰ ਆਦਿਤਿਆ ਡਾਚਵਾਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗਜ ਨਾਲ ਮੀਟਿੰਗ ਕਰਕੇ ਪ੍ਰਸ਼ਾਸਨਿਕ ਅਤੇ ਧਾਰਮਿਕ ਤਾਲਮੇਲ ਦਾ ਭਰੋਸਾ ਦਿੱਤਾ ਹੈ। ਸਾਲ 2018 ਵਿੱਚ ਸਿੱਖ ਜਥੇਦਾਰਾਂ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ, ਹੋਲੇ-ਮਹੱਲੇ ਦੌਰਾਨ ਸਿਆਸੀ ਕਾਨਫਰੰਸਾਂ ਕਰਨ 'ਤੇ ਮੁਕੰਮਲ ਪਾਬੰਦੀ ਰਹੇਗੀ। ਹਾਲਾਂਕਿ ਅਗਲੇ ਸਾਲ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜਿਸ ਕਾਰਨ ਇਸ ਵਾਰ ਇਹ ਸਮਾਗਮ ਸਿਆਸੀ ਤੌਰ 'ਤੇ ਵੀ ਸੰਵੇਦਨਸ਼ੀਲ ਮੰਨਿਆ ਜਾ ਰਿਹਾ ਹੈ ਪਰ ਪ੍ਰਸ਼ਾਸਨ ਦਾ ਪੂਰਾ ਜ਼ੋਰ ਇਸ ਨੂੰ ਸਿਰਫ਼ ਧਾਰਮਿਕ ਅਤੇ ਅਧਿਆਤਮਿਕ ਰੰਗ ਵਿੱਚ ਰੱਖਣ 'ਤੇ ਹੈ। ਹੋਲਾ-ਮਹੱਲਾ ਦੀ ਸ਼ੁਰੂਆਤ 1701 ਵਿੱਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ। ਇਹ ਤਿਉਹਾਰ ਖਾਲਸੇ ਦੀ ਮਾਰਸ਼ਲ ਸਪਿਰਿਟ (ਜੰਗੀ ਹੁਨਰ) ਅਤੇ ਤਿਆਰੀ ਦਾ ਪ੍ਰਤੀਕ ਹੈ। ਇਸ ਦੌਰਾਨ ਨਿਹੰਗ ਸਿੰਘਾਂ ਵੱਲੋਂ ਘੋੜ-ਸਵਾਰੀ, ਗੱਤਕੇ ਦੇ ਜੌਹਰ ਅਤੇ ਵਿਸ਼ਾਲ ਮਹੱਲਾ (ਜਲੂਸ) ਕੱਢਿਆ ਜਾਂਦਾ ਹੈ, ਜੋ ਸਿੱਖ ਵਿਰਸੇ ਦੀ ਬਹਾਦਰੀ ਤੇ ਅਨੁਸ਼ਾਸਨ ਨੂੰ ਦਰਸਾਉਂਦਾ ਹੈ।

### ਦੇਸ਼ ਦੇ ਪਹਿਲੇ ਅੰਡਰਵਾਟਰ ਸੜਕ-ਸਹਿ-ਰੇਲ ਸੁਰੰਗ ਪ੍ਰੋਜੈਕਟ

ਲਾਭ ਪ੍ਰਦਾਨ ਕਰੇਗਾ। ਇਹ ਮਾਲ ਢੋਆ-ਢੁਆਈ ਦੀ ਕੁਸ਼ਲਤਾ ਨੂੰ ਵਧਾਏਗਾ, ਲੌਜਿਸਟਿਕਸ ਲਾਗਤ ਨੂੰ ਘਟਾਏਗਾ ਅਤੇ ਖੇਤਰ ਵਿਚ ਸਮਾਜਕ-ਆਰਥਕ ਵਿਕਾਸ ਨੂੰ ਵੀ ਅੱਗੇ ਵਧਾਏਗਾ।

ਪੂਰਾ ਹੋਣ ਉੱਤੇ , ਪ੍ਰੋਜੈਕਟ ਰਣਨੀਤਕ ਵਿਚਾਰਾਂ, ਖੇਤਰੀ ਆਰਥਕ ਵਿਕਾਸ, ਪ੍ਰਮੁੱਖ ਆਰਥਕ ਕੇਂਦਰਾਂ ਦਰਮਿਆਨ ਸੰਪਰਕ ਨੂੰ ਮਜ਼ਬੂਤ ਕਰਨ ਅਤੇ ਵਪਾਰ ਅਤੇ ਉਦਯੋਗਿਕ ਵਿਕਾਸ ਲਈ ਨਵੇਂ ਰਾਹ ਖੋਲ੍ਹਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਇਹ ਪ੍ਰੋਜੈਕਟ ਲੱਗਭੱਗ 80 ਲੱਖ ਪ੍ਰਤੱਖ ਅਤੇ ਅਪ੍ਰਤੱਖ ਰੋਜ਼ਗਾਰ ਵੀ ਪੈਦਾ ਕਰੇਗਾ ਅਤੇ ਆਸਪਾਸ ਦੇ ਖੇਤਰਾਂ ਵਿਚ ਪ੍ਰਗਤੀ, ਵਿਕਾਸ ਅਤੇ ਖੁਸ਼ਹਾਲੀ ਦੇ ਨਵੇਂ ਰਾਹ ਖੋਲ੍ਹੇਗਾ।

ਕੈਬਨਿਟ ਨੇ ਤਿੰਨ ਬਹੁ-ਟਰੈਕਿੰਗ ਰੇਲਵੇ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿਤੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਆਰਥਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਰੇਲ ਮੰਤਰਾਲੇ ਦੇ ਲੱਗਭੱਗ 18,509 ਕਰੋੜ ਰੁਪਏ ਦੇ ਤਿੰਨ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਪ੍ਰੋਜੈਕਟਸ ਵਿਚ ਕਸਾਰਾ-ਮਨਮਾਡ, ਦਿੱਲੀ-ਅੰਬਾਲਾ ਅਤੇ ਬੱਲਾਰੀ-ਹੋਸਪੇਟੇ ਦੇ ਦਰਮਿਆਨ ਤੀਸਰੀ ਅਤੇ ਚੌਥੀ ਲਾਈਨ ਦਾ ਨਿਰਮਾਣ ਸ਼ਾਮਲ ਹੈ। ਸਰਕਾਰ ਨੇ ਸ਼ਨਿੱਚਰਵਾਰ ਨੂੰ ਇਕ ਬਿਆਨ 'ਚ ਕਿਹਾ, 'ਵਧੀ ਹੋਈ ਲਾਈਨ ਸਮਰੱਥਾ ਨਾਲ ਗਤੀਸ਼ੀਲਤਾ 'ਚ ਮਹੱਤਵਪੂਰਣ ਵਾਧਾ ਹੋਵੇਗਾ, ਜਿਸ ਦੇ ਨਤੀਜੇ ਵਜੋਂ ਭਾਰਤੀ ਰੇਲਵੇ ਦੀ ਕਾਰਜਸ਼ੀਲ ਕੁਸ਼ਲਤਾ ਅਤੇ ਸੇਵਾ ਦੀ ਭਰੋਸੇਯੋਗਤਾ 'ਚ ਸੁਧਾਰ ਹੋਵੇਗਾ।' ਇਹ ਪ੍ਰਾਜੈਕਟ ਲੋਕਾਂ, ਵਸਤੂਆਂ ਅਤੇ ਸੇਵਾਵਾਂ ਦੀ ਆਵਾਜਾਈ ਲਈ ਨਿਰਵਿਘਨ ਸੰਪਰਕ ਪ੍ਰਦਾਨ ਕਰਨਗੇ। ਭਾਰਤੀ ਰੇਲਵੇ ਨੈੱਟਵਰਕ ਦੇ ਵਾਧੇ ਬਾਰੇ ਜਾਣਕਾਰੀ ਦਿੰਦੇ ਹੋਏ ਬਿਆਨ ਵਿਚ ਕਿਹਾ ਗਿਆ ਹੈ ਕਿ ਦਿੱਲੀ, ਹਰਿਆਣਾ, ਮਹਾਰਾਸ਼ਟਰ ਅਤੇ ਕਰਨਾਟਕ ਦੇ 12 ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੇ ਤਿੰਨ ਪ੍ਰਾਜੈਕਟਾਂ ਨਾਲ ਮੌਜੂਦਾ ਰੇਲਵੇ ਨੈੱਟਵਰਕ ਵਿਚ ਲੱਗਭੱਗ 389 ਕਿਲੋਮੀਟਰ ਦਾ ਵਾਧਾ ਹੋਵੇਗਾ।

ਬਜ਼ਾਰ ਮੁਖੀ ਸ਼ਹਿਰੀ ਪਰਿਵਰਤਨ ਨੂੰ ਅੱਗੇ ਵਧਾਉਣ ਲਈ 1 ਲੱਖ ਕਰੋੜ ਰੁਪਏ ਦੇ 'ਅਰਬਨ ਚੈਲੇਂਜ ਫੰਡ' ਨੂੰ ਪ੍ਰਵਾਨਗੀ

ਨਵੀਂ ਦਿੱਲੀ, : ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਸਨਿਚਰਵਾਰ ਨੂੰ ਕਿਹਾ ਕਿ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਕੇਂਦਰੀ ਕੈਬਨਿਟ ਨੇ 1 ਲੱਖ ਕਰੋੜ ਰੁਪਏ ਦੀ ਕੁਲ ਕੇਂਦਰੀ ਸਹਾਇਤਾ ਨਾਲ ਅਰਬਨ ਚੈਲੇਂਜ ਫੰਡ (ਯੂ.ਸੀ.ਐੱਫ.) ਸ਼ੁਰੂ ਕਰਨ ਨੂੰ ਮਨਜ਼ੂਰੀ ਦੇ ਦਿਤੀ ਹੈ। ਇਸ ਯੋਜਨਾ ਤਹਿਤ, ਕੇਂਦਰੀ ਸਹਾਇਤਾ ਕਿਸੇ ਪ੍ਰੋਜੈਕਟ ਦੀ ਲਾਗਤ ਦਾ 25 ਫ਼ੀ ਸਦੀ ਖ਼ਰਚਾ ਚੁਕੇਗੀ, ਬਸ਼ਰਤੇ ਕਿ ਘੱਟੋ-ਘੱਟ 50 ਫ਼ੀ ਸਦੀ ਫੰਡ ਬਾਜ਼ਾਰ ਤੋਂ ਜੁਟਾਏ ਜਾਣ। ਸਰਕਾਰ ਨੇ ਇਕ ਬਿਆਨ 'ਚ ਕਿਹਾ ਕਿ ਇਸ ਪਹਿਲ ਨਾਲ ਅਗਲੇ ਪੰਜ ਸਾਲਾਂ 'ਚ ਸ਼ਹਿਰੀ ਖੇਤਰ 'ਚ ਕੁੱਲ 4 ਲੱਖ ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ।

ਇਸ ਵਿਚ ਕਿਹਾ ਗਿਆ ਹੈ ਕਿ ਇਹ ਕਦਮ ਭਾਰਤ ਦੇ ਸ਼ਹਿਰੀ ਨਵੇਂ ਵਿਕਾਸ ਦੀ ਪਹੁੰਚ ਵਿਚ ਗ੍ਰਾਂਟ-ਆਧਾਰਤ ਵਿੱਤ ਤੋਂ ਬਾਜ਼ਾਰ ਨਾਲ ਜੁੜੇ, ਸੁਧਾਰ-ਸੰਚਾਲਿਤ ਅਤੇ ਨਤੀਜਾ-ਮੁਖੀ ਬੁਨਿਆਦੀ ਢਾਂਚੇ ਦੇ ਨਿਰਮਾਣ ਵਿਚ ਇਕ ਮਿਸਾਲੀ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ।

ਇਸ ਵਿਚ ਕਿਹਾ ਗਿਆ ਹੈ ਕਿ ਯੂ.ਸੀ.ਐਫ. ਉੱਚ ਗੁਣਵੱਤਾ ਵਾਲੇ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਪ੍ਰਦਾਨ ਕਰਨ ਲਈ ਮਾਰਕੀਟ ਵਿੱਤ, ਨਿੱਜੀ ਖੇਤਰ ਦੀ ਭਾਗੀਦਾਰੀ ਅਤੇ ਨਾਗਰਿਕ-ਕੇਂਦਰਿਤ ਸੁਧਾਰਾਂ ਦਾ ਲਾਭ ਉਠਾਏਗਾ।

### ਸਟਾਰਟਅੱਪਸ ਲਈ 10 ਹਜ਼ਾਰ

ਮਨਜ਼ੂਰੀ ਦੇ ਦਿਤੀ ਹੈ। ਕੈਬਨਿਟ ਨੇ ਸ਼ੁਕਰਵਾਰ ਨੂੰ ਸਟਾਰਟਅਪ ਇੰਡੀਆ ਫੰਡ ਆਫ ਫੰਡ ਸਕੀਮ ਦੀ ਦੂਜੀ ਕਿਸਤ ਨੂੰ ਮਨਜ਼ੂਰੀ ਦੇ ਦਿਤੀ ਹੈ।

ਇਸ ਵਿਚ ਕਿਹਾ ਗਿਆ ਹੈ ਕਿ ਇਹ ਯੋਜਨਾ ਲੰਮੇ ਸਮੇਂ ਦੀ ਘਰੇਲੂ ਪੂੰਜੀ ਨੂੰ ਜੁਟਾਉਣ, ਉੱਦਮ ਪੂੰਜੀ ਵਾਤਾਵਰਣ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਦੇਸ਼ ਭਰ ਵਿਚ ਨਵੀਨਤਾ ਦੀ ਅਗਵਾਈ ਵਾਲੀ ਉੱਦਮਤਾ ਦਾ ਸਮਰਥਨ ਕਰ ਕੇ ਭਾਰਤ ਦੀ ਸ਼ੁਰੂਆਤ ਯਾਤਰਾ ਦੇ ਅਗਲੇ ਪੜਾਅ ਨੂੰ ਤੇਜ਼ ਕਰਨ ਲਈ ਤਿਆਰ ਕੀਤੀ ਗਈ ਹੈ।

2016 'ਚ, ਸਰਕਾਰ ਨੇ ਸੀਡ ਕੈਪੀਟਲ ਪ੍ਰਦਾਨ ਕਰਨ ਅਤੇ ਸਟਾਰਟਅੱਪਸ ਨੂੰ ਗਿਣਿਆ ਜੋਖਮ ਲੈਣ ਦੇ ਯੋਗ ਬਣਾਉਣ ਲਈ 10,000 ਕਰੋੜ ਰੁਪਏ ਦੇ ਫੰਡ ਦਾ ਗਠਨ ਕੀਤਾ। ਪਹਿਲੀ ਕਿਸਤ ਦੀ ਸਫ਼ਲ ਵਰਤੋਂ ਤੋਂ ਬਾਅਦ, 2025-26 ਦੇ ਕੇਂਦਰੀ ਬਜਟ ਵਿਚ 10,000 ਕਰੋੜ ਰੁਪਏ ਦੇ ਦੂਜੇ ਪੜਾਅ ਨੂੰ ਮਨਜ਼ੂਰੀ ਦਿੱਤੀ ਗਈ ਸੀ।

ਇਸ ਸਮੇਂ ਲਗਭਗ 100 ਯੂਨੀਕੌਰਨ ਹਨ। ਇਕ ਯੂਨੀਕੋਰਨ ਇਕ ਸਟਾਰਟਅਪ ਨੂੰ ਦਰਸਾਉਂਦਾ ਹੈ ਜਿਸਦੀ ਕੀਮਤ 1 ਅਰਬ ਡਾਲਰ ਜਾਂ ਇਸ ਤੋਂ ਵੱਧ ਹੈ। ਫੰਡ ਦੇ ਹਿੱਸੇ ਦੇ ਤਹਿਤ, 10,000 ਕਰੋੜ ਰੁਪਏ ਦੀ ਪੂਰੀ ਰਕਮ 145 ਵਿਕਲਪਿਕ ਨਿਵੇਸ਼ ਫੰਡਾਂ (ਏ.ਆਈ.ਐਫ.) ਨੂੰ ਦਿੱਤੀ ਗਈ ਹੈ। ਇਸ ਤਰ੍ਹਾਂ ਦੇ ਸਹਿਯੋਗੀ ਏ.ਆਈ.ਐੱਫ. ਨੇ ਦੇਸ਼ ਭਰ ਵਿਚ ਵੱਖ-ਵੱਖ ਖੇਤਰਾਂ ਜਿਵੇਂ ਕਿ ਖੇਤੀਬਾੜੀ, ਬਨਾਉਟੀ ਬੁੱਧੀ, ਰੋਬੋਟਿਕਸ, ਆਟੋਮੋਟਿਵ, ਕਲੀਨ ਟੈੱਕ, ਖਪਤਕਾਰ ਵਸਤੂਆਂ ਅਤੇ ਸੇਵਾਵਾਂ, ਈ-ਕਾਮਰਸ, ਸਿੱਖਿਆ, ਫਿਨਟੈੱਕ, ਭੋਜਨ ਅਤੇ ਪੀਣ ਵਾਲੇ ਪਦਾਰਥ, ਸਿਹਤ ਸੰਭਾਲ, ਨਿਰਮਾਣ, ਪੁਲਾੜ ਤਕਨੀਕ ਅਤੇ ਬਾਇਓਟੈਕਨੋਲੋਜੀ ਆਦਿ ਵਿਚ ਦੇਸ਼ ਭਰ ਵਿਚ 1,370 ਤੋਂ ਵੱਧ ਸਟਾਰਟਅੱਪਸ ਵਿਚ 25,500 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕੀਤਾ ਹੈ।

ਇਸ ਫੰਡ ਨੇ ਪਹਿਲੀ ਵਾਰ ਸੰਸਥਾਪਕਾਂ ਦਾ ਪਾਲਣ ਪੋਸ਼ਣ ਕਰਨ, ਨਿਜੀ ਪੂੰਜੀ ਵਿਚ ਭੀੜ ਕਰਨ ਅਤੇ ਭਾਰਤ ਦੇ ਉੱਦਮ ਪੂੰਜੀ ਈਕੋਸਿਸਟਮ ਲਈ ਇਕ ਮਜ਼ਬੂਤ ਨੀਂਹ ਬਣਾਉਣ ਵਿਚ ਮਦਦ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਪੰਜਾਬ ਸਰਕਾਰ ਵੱਲੋਂ ਸਤਲੁਜ ਤੇ ਸਵਾਂ ਦਰਿਆ ਦੇ ਇਲਾਕਿਆਂ ਲਈ 52 ਕਰੋੜ ਦੀ ਵਿਆਪਕ ਹੜ੍ਹ ਸੁਰੱਖਿਆ ਯੋਜਨਾ ਨੂੰ ਪ੍ਰਵਾਨਗੀ : ਬੈਂਸ

ਚੰਡੀਗੜ੍ਹ, 14 ਫਰਵਰੀ (ਚ.ਨ.ਸ.): ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਸਤਲੁਜ ਅਤੇ ਸਵਾਂ ਦਰਿਆਵਾਂ ਦੇ ਕੰਢੇ ਵਸਦੇ ਪਿੰਡਾਂ ਲਈ 52 ਕਰੋੜ ਰੁਪਏ ਦੀ ਵਿਆਪਕ ਹੜ੍ਹ ਸੁਰੱਖਿਆ ਯੋਜਨਾ ਦਾ ਐਲਾਨ ਕੀਤਾ ਹੈ। ਉਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮਾਨਸੂਨ ਸੀਜਨ ਦੌਰਾਨ ਹੜ੍ਹਾਂ ਦੀ ਮਾਰ ਝੱਲਦੇ ਆ ਰਹੇ ਕਈ ਪ੍ਰਭਾਵਿਤ ਇਲਾਕਿਆਂ ਲਈ ਸਥਾਈ ਹੱਲ ਯਕੀਨੀ ਬਣਾਏ ਹਨ।



ਇਸ ਅਹਿਮ ਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਸਤਲੁਜ ਤੇ ਸਵਾਂ ਦੇ ਕੰਢੇ ਰਹਿਣ ਵਾਲੇ ਵਸਨੀਕਾਂ ਨੂੰ ਵੱਡੀ ਰਾਹਤ ਪ੍ਰਦਾਨ ਕਰਦਿਆਂ ਪੰਜਾਬ ਸਰਕਾਰ ਨੇ 52 ਕਰੋੜ ਰੁਪਏ ਦੀ ਵਿਆਪਕ ਹੜ੍ਹ ਸੁਰੱਖਿਆ ਯੋਜਨਾ ਦਾ ਐਲਾਨ ਕੀਤਾ ਹੈ ਤਾਂ ਜੋ ਮਾਨਸੂਨ ਦੌਰਾਨ ਹੜ੍ਹਾਂ ਦੀ ਮਾਰ ਝੱਲਦੇ ਆ ਰਹੇ ਕਈ ਸੰਵੇਦਨਸ਼ੀਲ ਪਿੰਡਾਂ ਨੂੰ ਸਥਾਈ ਤੌਰ 'ਤੇ ਸੁਰੱਖਿਅਤ ਬਣਾਇਆ ਜਾ ਸਕੇ।" ਹਰਜੋਤ ਸਿੰਘ ਬੈਂਸ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਖੇਤਰ ਵਿੱਚ ਹੜ੍ਹ ਸੁਰੱਖਿਆ ਬੁਨਿਆਦੀ ਢਾਂਚੇ ਨਾਲ ਸਬੰਧਤ ਵਿਆਪਕ ਪ੍ਰੋਜੈਕਟਾਂ ਵਿੱਚ ਤੇਜ਼ੀ ਲਿਆਂਦੀ ਹੈ। 52 ਕਰੋੜ ਰੁਪਏ ਦੇ ਕੰਮਾਂ ਲਈ ਪਹਿਲਾਂ ਹੀ ਟੈਂਡਰ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਕੰਮ ਸ਼ੁਰੂ ਹੋ ਚੁੱਕਾ ਹੈ। ਉਨਾਂ ਕਿਹਾ ਕਿ ਇਨਾਂ ਪ੍ਰੋਜੈਕਟਾਂ ਦੀ ਉਸਾਰੀ ਵਿੱਚ ਪੰਦਰਵਾੜੇ ਦੇ ਅੰਦਰ-ਅੰਦਰ ਹੋਰ ਤੇਜ਼ੀ ਲਿਆਂਦੀ ਜਾਵੇਗੀ। ਇਸ ਤੋਂ ਇਲਾਵਾ, 30 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਵਾਲੇ ਪ੍ਰੋਜੈਕਟ ਵਿਚਾਰ ਅਧੀਨ ਹਨ।"

ਇਸ ਪਹਿਲਕਦਮੀ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਬੈਂਸ ਨੇ ਕਿਹਾ, "ਸਾਡੇ ਲੋਕਾਂ ਦੀ ਸੁਰੱਖਿਆ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪਿਛਲੇ ਸਾਲ ਆਏ ਭਿਆਨਕ ਹੜ੍ਹਾਂ ਨੇ ਸਾਨੂੰ ਸਬਕ ਸਿਖਾਇਆ ਹੈ। ਅਸੀਂ ਠੋਸ ਅਤੇ ਲੰਬੇ ਸਮੇਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਰਹੇ ਹਾਂ।" ਪ੍ਰਮੁੱਖ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ, ਬੈਂਸ ਨੇ ਕਿਹਾ, "ਪਿੰਡ ਦਸਗਰਾਈਂ ਤੇ ਮਹੈਨ ਨੂੰ ਡੰਗੇ ਦੇ ਨਿਰਮਾਣ ਲਈ 1 ਕਰੋੜ ਰੁਪਏ ਦੀ ਰਾਸ਼ੀ ਮਿਲੇਗੀ। ਪਿੰਡ ਹਰਸਾ ਬੇਲਾ, ਜਿੱਥੇ ਪਿਛਲੇ ਸਾਲ 4.5 ਕਰੋੜ ਰੁਪਏ ਦੇ ਹੜ੍ਹ ਸੁਰੱਖਿਆ ਕਾਰਜ ਕੀਤੇ ਗਏ ਸਨ, ਨੂੰ ਅੱਪਗ੍ਰੇਡ ਕੀਤੇ ਡਿਜ਼ਾਈਨ ਵਾਲੇ 2,200 ਫੁੱਟ ਲੰਬੇ ਡੰਗੇ ਦੇ ਨਿਰਮਾਣ ਲਈ 9 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ।" ਮੰਤਰੀ ਨੇ ਕਿਹਾ, "ਪਿੰਡ ਮਹਿੰਦਲੀ ਕਲਾਂ ਨੂੰ 8.75 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਇੱਕ ਨਵਾਂ 1,800 ਫੁੱਟ ਲੰਬਾ ਡੰਗਾ ਮਿਲੇਗਾ, ਜਿੱਥੇ ਮੈਂ ਪਿਛਲੇ ਸਾਲ ਬਚਾਅ ਕਾਰਜਾਂ ਦੌਰਾਨ ਨਿੱਜੀ ਤੌਰ 'ਤੇ ਸੇਵਾ ਕੀਤੀ ਸੀ। ਪਿੰਡ ਅਗਮਪੁਰ ਵਿੱਚ ਪਿੰਡ ਅਤੇ ਪੁਲ ਦੀ ਸੁਰੱਖਿਆ ਲਈ 12 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਵਿਸ਼ਾਲ 3,200 ਫੁੱਟ ਲੰਬਾ ਡੰਗਾ (ਰੈਵੇਟਮੈਂਟ) ਬਣਾਇਆ ਜਾਵੇਗਾ।"

ਉਨਾਂ ਕਿਹਾ, "ਪਿੰਡ ਬੁਰਜ ਵਿਖੇ 7 ਕਰੋੜ ਰੁਪਏ ਦੀ ਲਾਗਤ ਨਾਲ 700 ਫੁੱਟ ਲੰਬਾ ਰੈਵੇਟਮੈਂਟ ਬਣਾਇਆ ਜਾਵੇਗਾ। ਇਸੇ ਤਰਾਂ, ਪਿੰਡ ਅਜੌਲੀ ਵਿਖੇ 3.5 ਕਰੋੜ ਰੁਪਏ ਦੀ ਲਾਗਤ ਨਾਲ 700 ਫੁੱਟ ਲੰਬਾ ਰੈਵੇਟਮੈਂਟ ਬਣਾਇਆ ਜਾਵੇਗਾ, ਜਦੋਂ ਕਿ ਪਿੰਡ ਲੋਧੀਪੁਰ ਨੂੰ 9 ਕਰੋੜ ਰੁਪਏ ਦੀ ਲਾਗਤ ਨਾਲ 2,000 ਫੁੱਟ ਲੰਬੇ ਰੈਵੇਟਮੈਂਟ ਨਾਲ ਸੁਰੱਖਿਅਤ ਕੀਤਾ ਜਾਵੇਗਾ।" ਉਨਾਂ ਅੱਗੇ ਕਿਹਾ ਕਿ "ਇਨਾਂ ਪ੍ਰਮੁੱਖ ਥਾਵਾਂ ਤੋਂ ਇਲਾਵਾ ਭਲਾਣ, ਤ੍ਰਿਵੇਣੀ ਮੰਦਰ, ਨਾਨਗਰਾਂ ਸਮੇਤ ਹੋਰ ਪਿੰਡਾਂ ਲਈ ਵੀ ਹੜ੍ਹ ਸੁਰੱਖਿਆ ਕਾਰਜ ਪ੍ਰਗਤੀ ਅਧੀਨ ਹਨ ਜਾਂ ਮਨਜ਼ੂਰ ਕੀਤੇ ਗਏ ਹਨ।"

ਬੈਂਸ ਨੇ ਕਿਹਾ, "ਇਹਨਾਂ ਪ੍ਰੋਜੈਕਟਾਂ ਵਿੱਚ 11,000 ਫੁੱਟ ਲੰਮੇ ਡੰਗਿਆਂ ਦਾ ਨਿਰਮਾਣ ਸ਼ਾਮਲ ਹੈ। ਅਸੀਂ ਪਹਿਲਾਂ ਹੀ ਜ਼ਮੀਨੀ ਕੰਮ ਮੁਕੰਮਲ ਕਰ ਲਿਆ ਹੈ ਤੇ ਸਥਾਨਕ ਮੰਗਾਂ ਦੇ ਆਧਾਰ 'ਤੇ ਇਸ ਦੇ ਵਿਸਥਾਰ ਲਈ ਵਚਨਬੱਧ ਹਾਂ।" ਮਾਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿਵਾਇਆ ਉਨਾਂ ਕਿਹਾ, "ਮੈਂ ਨਿੱਜੀ ਤੌਰ 'ਤੇ ਇਨਾਂ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਨਿਗਰਾਨੀ ਕਰ ਰਿਹਾ ਹਾਂ ਅਤੇ ਮੈਂ ਇਸ ਮਾਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਹੜ੍ਹ ਸੁਰੱਖਿਆ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਪੂਰੀ ਤਰਾਂ ਵਚਨਬੱਧ ਹਾਂ।"

# ਗੈਂਗਸਟਰਾਂ 'ਤੇ ਵਾਰ' ਦੇ 25ਵੇਂ ਦਿਨ 702 ਥਾਵਾਂ 'ਤੇ ਛਾਪੇਮਾਰੀ ਦੌਰਾਨ 232 ਕਾਬੂ

ਚੰਡੀਗੜ੍ਹ, 14 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 25ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਨਾਲ ਸਬੰਧਤ ਪਛਾਣੇ ਗਏ ਤੇ ਮੈਪ ਕੀਤੇ ਟਿਕਾਣਿਆਂ 'ਤੇ 702 ਛਾਪੇਮਾਰੀਆਂ ਕੀਤੀਆਂ। ਜਾਣਕਾਰੀ ਅਨੁਸਾਰ, "ਗੈਂਗਸਟਰਾਂ 'ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਵਿੱਢੀ ਇੱਕ ਫੈਸਲਾਕੁੰਨ ਜੰਗ 20 ਜਨਵਰੀ, ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਇਸ ਮੁਹਿੰਮ ਦੇ 25ਵੇਂ ਦਿਨ, ਪੁਲਿਸ ਟੀਮਾਂ ਨੇ 232 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 3 ਹਥਿਆਰ ਬਰਾਮਦ ਕੀਤੇ। ਇਸ ਦੇ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਗਿਣਤੀ 9244 ਹੋ ਗਈ ਹੈ। ਇਸ ਤੋਂ ਇਲਾਵਾ 89 ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕੀਤੀ ਗਈ, ਜਦੋਂ ਕਿ 165 ਵਿਅਕਤੀਆਂ ਦੀ ਤਸਦੀਕ ਕੀਤੀ ਗਈ ਅਤੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਵੱਲੋਂ ਕਾਰਵਾਈ ਦੌਰਾਨ 7 ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਲੋੜੀਂਦੇ ਅਪਰਾਧੀਆਂ/ ਗੈਂਗਸਟਰਾਂ ਬਾਰੇ ਜਾਣਕਾਰੀ ਅਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਇਤਲਾਹ ਦੇਣ ਲਈ ਲੋਕ ਗੁਪਤ ਰੂਪ ਵਿੱਚ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਸੰਪਰਕ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" 350ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 96 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3.1 ਕਿਲੋ ਹੈਰੋਇਨ, 7 ਕਿਲੋ ਭੁੱਕੀ, 640 ਨਸ਼ੀਲੀਆਂ ਗੋਲੀਆਂ/ ਕੈਪਸੂਲ ਅਤੇ 58,050 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 350 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 49,602 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 41 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਮੋਹਾਲੀ 'ਚ ਗੰਦਗੀ ਤੇ ਮਲਬੇ ਦੇ ਢੇਰਾਂ 'ਤੇ ਡਿਪਟੀ ਮੇਅਰ ਨੇ ਕਮਿਸ਼ਨਰ ਨੂੰ ਲਿਖਿਆ ਪੱਤਰ

ਮੋਹਾਲੀ, 14 ਫਰਵਰੀ (ਹਰਦੀਪ ਕੌਰ): ਮੋਹਾਲੀ ਸ਼ਹਿਰ ਵਿੱਚ ਵੱਧ ਰਹੀ ਗੰਦਗੀ ਤੇ ਡਿਮੋਲਿਸ਼ਨ ਉਹ ਮੁਹਿੰਮ ਤੋਂ ਬਾਅਦ ਸੜਕਾਂ ਉੱਤੇ ਪਏ ਮਲਬੇ ਨੂੰ ਲੈ ਕੇ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ ਮੋਹਾਲੀ, ਵੱਲੋਂ ਕਮਿਸ਼ਨਰ ਪਰਮਿੰਦਰ ਪਾਲ ਸਿੰਘ ਸੰਧੂ ਨੂੰ ਪੱਤਰ ਲਿਖਿਆ ਗਿਆ ਹੈ। ਪੱਤਰ ਵਿੱਚ ਉਨ੍ਹਾਂ ਕਿਹਾ ਕਿ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਥਾਂ-ਥਾਂ ਗੰਦਗੀ ਦੇ ਢੇਰ ਲੱਗੇ ਹੋਏ ਹਨ ਤੇ ਹਾਲ ਹੀ ਵਿੱਚ ਚੱਲੀ ਢਾਹੁਣ ਮੁਹਿੰਮ ਤੋਂ ਬਾਅਦ ਵੀ ਸੜਕਾਂ ਉੱਤੇ ਮਲਬਾ ਪਿਆ ਹੋਇਆ ਹੈ, ਜਿਸ ਕਾਰਨ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਡਿਪਟੀ ਮੇਅਰ ਨੇ ਦਰਸਾਇਆ ਕਿ ਅਦਾਲਤੀ ਹੁਕਮਾਂ ਅਨੁਸਾਰ ਮੋਹਾਲੀ ਮਿਊਂਸਪਲ ਕਾਰਪੋਰੇਸ਼ਨ ਅਤੇ ਗਮਾਡਾ ਵੱਲੋਂ ਸਾਂਝੀ ਕਾਰਵਾਈ ਤਾਂ ਕੀਤੀ ਗਈ, ਪਰ ਮਲਬੇ ਦੀ ਸਫਾਈ ਵੱਲ ਕੋਈ ਢੰਗ ਦੀ ਤਵੱਜੋ ਨਹੀਂ ਦਿੱਤੀ ਗਈ। ਲੋਕ ਲਗਾਤਾਰ ਕੌਂਸਲਰਾਂ ਨਾਲ ਸੰਪਰਕ ਕਰ ਰਹੇ ਹਨ, ਜਦਕਿ ਨਿਗਮ ਵੱਲੋਂ ਤੁਰੰਤ ਪ੍ਰਬੰਧ ਨਹੀਂ ਕੀਤੇ ਜਾ ਰਹੇ। ਉਨ੍ਹਾਂ ਇਹ ਵੀ ਕਿਹਾ ਕਿ ਸ਼ਹਿਰ ਦੀਆਂ ਕਈ ਸੜਕਾਂ 'ਤੇ ਮਕੈਨਿਕਲ ਸਫਾਈ ਦਾ ਪ੍ਰਬੰਧ ਰੋਕ ਦਿੱਤਾ ਗਿਆ ਹੈ, ਜਿਸ ਕਾਰਨ ਸਫਾਈ ਦੀ ਹਾਲਤ ਹੋਰ ਵੀ ਖਰਾਬ ਹੋ ਰਹੀ ਹੈ। ਮੌਕੇ 'ਤੇ ਨਾ ਤਾਂ ਪੂਰੇ ਕਰਮਚਾਰੀ ਦਿਖ ਰਹੇ ਹਨ ਤੇ ਨਾ ਹੀ ਟਰਾਲੀਆਂ ਦੀ ਗਿਣਤੀ ਕਾਫੀ ਹੈ। ਡਿਪਟੀ ਮੇਅਰ ਬੇਦੀ ਨੇ ਮੰਗ ਕੀਤੀ ਹੈ ਕਿ ਡਿਮੋਲੀਸ਼ਨ ਮੁਹਿੰਮ ਤੋਂ ਬਾਅਦ ਪਿਆ ਮਲਬਾ ਤੁਰੰਤ ਚੁਕਵਾਇਆ ਜਾਵੇ, ਮਾਰਕੀਟਾਂ ਤੇ ਸੜਕਾਂ ਦੀ ਰੋਜ਼ਾਨਾ ਸਫਾਈ ਯਕੀਨੀ ਬਣਾਈ ਜਾਵੇ ਤੇ ਸਫਾਈ ਕਰਮਚਾਰੀਆਂ ਦੀ ਗਿਣਤੀ ਵਧਾਈ ਜਾਵੇ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਜਿਸ ਤੇਜ਼ੀ ਨਾਲ ਢਾਹੁਣ ਤੇ ਕਬਜ਼ਾ ਹਟਾਉਣ ਮੁਹਿੰਮ ਚਲਾਈ ਗਈ, ਉਸੇ ਤੇਜ਼ੀ ਨਾਲ ਸਫਾਈ ਦਾ ਕੰਮ ਵੀ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਸਰਕਾਰੀ ਜ਼ਮੀਨ ਤੋਂ ਕਬਜ਼ੇ ਹਟਾਉਣ ਦੇ ਨਾਲ-ਨਾਲ ਉਸੇ ਥਾਂ ਪਈ ਗੰਦਗੀ ਅਤੇ ਮਲਬੇ ਦੀ ਸਫਾਈ ਕਰਨਾ ਵੀ ਨਿਗਮ ਦੀ ਜ਼ਿੰਮੇਵਾਰੀ ਹੈ ਜੋ ਕਿ ਇਸ ਮੁਹਿੰਮ ਤੋਂ ਵੀ ਪਹਿਲਾਂ ਦੀ ਪਈ ਹੈ। ਡਿਪਟੀ ਮੇਅਰ ਨੇ ਆਸ ਜਤਾਈ ਕਿ ਨਿਗਮ ਪ੍ਰਸ਼ਾਸਨ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਲਦ ਕਾਰਵਾਈ ਕਰੇਗਾ ਤਾਂ ਜੋ ਸ਼ਹਿਰ ਵਾਸੀਆਂ ਨੂੰ ਰਾਹਤ ਮਿਲ ਸਕੇ।

# ਮਾਂ-ਬੋਲੀ ਪੰਜਾਬੀ ਦੀ ਸ਼ਾਨ ਨੂੰ ਬੁਲੰਦ ਕਰਨ ਲਈ ਡੀ.ਐੱਸ.ਜੀ.ਐੱਮ.ਸੀ. ਵਚਨਬੱਧ : ਕਾਲਕਾ

ਨਵੀਂ ਦਿੱਲੀ, 14 ਫਰਵਰੀ (ਅੰਮ੍ਰਿਤਪਾਲ ਸਿੰਘ): ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ



ਪ੍ਰਬੰਧਕ ਕਮੇਟੀ ਨੇ ਦੱਸਿਆ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੰਜਾਬੀ ਭਾਸ਼ਾ ਪ੍ਰਸਾਰ ਕਮੇਟੀ ਵੱਲੋਂ ਕੌਮਾਂਤਰੀ ਮਾਂ-ਬੋਲੀ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ੇਸ਼ ਅਤੇ ਅਰਥਪੂਰਨ ਪ੍ਰੋਗਰਾਮ 'ਰੂਹ-ਏ-ਪੰਜਾਬ' ਪ੍ਰਭਾਵਸ਼ਾਲੀ ਤਰੀਕੇ ਨਾਲ ਕਰਵਾਇਆ ਗਿਆ। ਕਾਲਕਾ ਨੇ ਇਸ ਮੌਕੇ ਤੇ ਪ੍ਰਬੰਧਕਾਂ ਵੱਲੋਂ ਦਿੱਤੇ ਮਾਣ-ਸਤਿਕਾਰ ਲਈ ਦਿਲੋਂ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਮਾਂ-ਬੋਲੀ ਸਿਰਫ਼ ਸੰਚਾਰ ਦਾ ਸਾਧਨ ਨਹੀਂ, ਸਗੋਂ ਸਿੱਖ ਕੌਮ ਦੀ ਆਤਮਾ, ਸੱਭਿਆਚਾਰ ਦੀਪਹਿਚਾਣ ਹੈ। ਉਨ੍ਹਾਂ ਅੱਗੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਂ-ਬੋਲੀ ਪੰਜਾਬੀ ਦੇ ਮਿਆਰ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਬੁਲੰਦੀਆਂ ਤੱਕ ਲਿਜਾਣ ਲਈ ਹਮੇਸ਼ਾਂ ਵਚਨਬੱਧ ਰਹੇਗੀ।

ਸਮਾਗਮ ਦੌਰਾਨ ਵਿਦਵਾਨਾਂ ਤੇ ਭਾਸ਼ਾ ਪ੍ਰੇਮੀਆਂ ਨੇ ਵੀ ਪੰਜਾਬੀ ਦੀ ਅਮਰ ਵਿਰਾਸਤ, ਇਸ ਦੀ ਰੂਹਾਨੀ ਮਹਿਕ ਤੇ ਵਿਸ਼ਵ ਪੱਧਰ 'ਤੇ ਇਸ ਦੀ ਮਹੱਤਤਾ ਉੱਤੇ ਚਰਚਾ ਕਰਦਿਆਂ ਮਾਂ-ਬੋਲੀ ਦੀ ਸੇਵਾ ਲਈ ਆਪਣੀ ਅਟੁੱਟ ਵਫ਼ਾਦਾਰੀ ਦਾ ਪ੍ਰਗਟਾਵਾ ਕੀਤਾ। ਇਹ ਸਮਾਰੋਹ ਮਾਤਾ ਸੁੰਦਰੀ ਕਾਲਜ ਫਾਰ ਵੂਮੈਨ ਦੇ ਮਾਤਾ ਸਾਹਿਬ ਕੌਰ ਆਡੀਟੋਰੀਅਮ ਵਿੱਚ ਆਯੋਜਿਤ ਹੋਇਆ, ਜਿਸ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨਾਂ ਤੇ ਪੰਜਾਬੀ ਭਾਸ਼ਾ ਪ੍ਰੇਮੀਆਂ ਨੇ ਭਾਗ ਲੈ ਕੇ ਮਾਂ-ਬੋਲੀ ਪ੍ਰਤੀ ਆਪਣੀ ਨਿਸ਼ਠਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਡੀਐੱਸਜੀਐੱਮਸੀ ਵੱਲੋਂ ਇਹ ਉਪਰਾਲਾ ਸਿਰਫ਼ ਇੱਕ ਸਮਾਰੋਹ ਨਹੀਂ, ਸਗੋਂ ਮਾਂ-ਬੋਲੀ ਨੂੰ ਮਜ਼ਬੂਤ ਕਰਨ ਤੇ ਪੰਜਾਬੀਅਤ ਦੀ ਰੌਸ਼ਨੀ ਨੂੰ ਦੂਰ ਤੱਕ ਫੈਲਾਉਣ ਦਾ ਇਕ ਠੋਸ ਸੰਦੇਸ਼ ਹੈ।

# ਗੁਲਾਬ ਚੰਦ ਕਟਾਰੀਆ ਵੱਲੋਂ ਮਿੱਤਲ ਗਰੁੱਪ ਵੱਲੋਂ ਤਿਆਰ ਕਰਵਾਈ ਧਰਮਸ਼ਾਲਾ ਦਾ ਦੌਰਾ

ਬਠਿੰਡਾ, 14 ਫਰਵਰੀ (ਜਗਸੀਰ ਭੁੱਲਰ): ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਵੱਲੋਂ ਬਠਿੰਡਾ ਵਿਖੇ ਮਿੱਤਲ ਗਰੁੱਪ ਵੱਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਵੇਦ ਕੁਮਾਰੀ ਮਿੱਤਲ ਪੈਸ਼ੇਟ ਸ਼ੈਲਟਰ ਹੋਮ (ਧਰਮਸ਼ਾਲਾ) ਦਾ ਵਿਸ਼ੇਸ਼ ਤੌਰ 'ਤੇ ਦੌਰਾ ਕੀਤਾ ਗਿਆ। ਇਸ ਮੌਕੇ ਜਿਥੇ ਉਨ੍ਹਾਂ ਮਿੱਤਲ ਪਰਿਵਾਰ ਵੱਲੋਂ ਕੀਤੇ ਗਏ ਇਸ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ ਉਥੇ ਹੀ ਇਸ ਧਰਮਸ਼ਾਲਾ ਨਾਲ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਮਿਲਣ ਵਾਲੇ ਫਾਇਦੇ ਦਾ ਵੀ ਜਿਕਰ ਕੀਤਾ। ਇਸ ਵਿਸ਼ੇਸ਼ ਦੌਰੇ ਦੌਰਾਨ ਮਿੱਤਲ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਰਾਜਿੰਦਰ ਮਿੱਤਲ ਤੋਂ ਇਲਾਵਾ ਡਿਪਟੀ ਕਮਿਸ਼ਨਰ ਬਠਿੰਡਾ, ਰਾਜੇਸ਼ ਧੀਮਾਨ, ਡੀਆਈਜੀ ਹਰਜੀਤ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਡਾ. ਜਯੋਤੀ ਯਾਦਵ ਬੈਂਸ, ਏਮਜ਼ ਦੇ ਡਾਇਰੈਕਟਰ ਡਾ. ਰਤਨ ਗੁਪਤਾ, ਐਮਆਰਐਸਪੀਟੀਯੂ ਦੇ ਵੀਸੀ ਸੰਜੀਵ ਸ਼ਰਮਾ ਤੋਂ ਇਲਾਵਾ ਹੋਰ ਵੱਖ ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਵੀ ਸ਼ਾਮਲ ਸਨ।

ਬਠਿੰਡਾ ਏਮਜ਼ ਹਸਪਤਾਲ ਦੇ ਮੁੱਖ ਗੇਟ 'ਤੇ ਬਣੀ ਧਰਮਸ਼ਾਲਾ ਵਿਖੇ ਪਹੁੰਚਣ ਤੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆਂ ਹੋਰਾਂ ਦਾ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਰਾਜਿੰਦਰ ਮਿੱਤਲ ਤੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਤੋਂ ਇਲਾਵਾ ਹੋਰ ਪਰਿਵਾਰਕ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।



ਇਸ ਉਪਰੰਤ ਰਾਜਪਾਲ ਕਟਾਰੀਆਂ ਵੱਲੋਂ ਧਰਮਸ਼ਾਲਾ ਦੇ ਅੰਦਰ ਸਥਿਤ ਕੰਟਿਨ, ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਦੇ ਠਹਿਰਣ ਲਈ ਬਣਾਏ ਗਏ ਕਮਰੇ, ਡੋਰ ਮੈਟਰੀ, ਰੈਸਟੋਰੈਂਟ ਹੋਰ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ ਗਿਆ ਤੇ ਕੀਤੇ ਗਏ ਪ੍ਰਬੰਧਾਂ ਦੀ ਤਾਰੀਫ਼ ਕੀਤੀ। ਇਸ ਮੌਕੇ ਬੋਲਦਿਆ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਦੱਸਿਆ ਕਿ ਮਿੱਤਲ ਪਰਿਵਾਰ ਵੱਲੋਂ ਵੇਦ ਕੁਮਾਰੀ ਮਿੱਤਲ ਪੇਸ਼ੈਟ ਸ਼ੈਲਟਰ ਹੋਮ (ਧਰਮਸ਼ਾਲਾ) ਨੂੰ ਦੁਆਰਕਾ ਦਾਸ ਮਿੱਤਲ ਚੈਰੀਟੇਬਲ ਟਰੱਸਟ ਦੇ ਅਧੀਨ ਤਿਆਰ ਕਰਵਾਇਆ ਗਿਆ ਹੈ। ਉਨ੍ਹਾਂ ਇਸ ਉਪਰਾਲੇ ਲਈ ਮਿੱਤਲ ਪਰਿਵਾਰ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ ਅਤੇ ਭਵਿੱਖ 'ਚ ਆਪਣੇ ਅਜਿਹੇ ਸਮਾਜ ਸੇਵੀ ਕਾਰਜਾਂ ਨੂੰ ਇਸੇ ਤਰਜ਼ 'ਤੇ ਜਾਰੀ ਰੱਖਣ ਦੀ ਸਲਾਹ ਦਿੱਤੀ। ਇਸ ਮੌਕੇ ਬੋਲਦਿਆ ਗਰੁੱਪ ਦੇ ਐਮਡੀ ਰਾਜਿੰਦਰ ਮਿੱਤਲ ਹੋਰਾਂ ਨੇ ਦੱਸਿਆ ਇਹ ਧਰਮਸ਼ਾਲਾ 13 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਹੈ ਇਹ ਸੁਪਨਾ ਉਨ੍ਹਾਂ ਦੀ ਮਾਤਾ ਵੇਦ ਕੁਮਾਰੀ ਮਿੱਤਲ ਦਾ ਸੀ। ਪ੍ਰੋਗਰਾਮ ਦੇ ਅੰਤ 'ਚ ਮਿੱਤਲ ਪਰਿਵਾਰ ਵੱਲੋਂ ਜਿਥੇ ਰਾਜਪਾਲ ਕਟਾਰੀਆ ਜੀ ਨੂੰ ਸਨਮਾਨਿਤ ਕੀਤਾ ਉਥੇ ਹੀ ਉਨ੍ਹਾਂ ਦੇ ਪਹੁੰਚਣ ਲਈ ਵੀ ਵਿਸ਼ੇਸ਼ ਧੰਨਵਾਦ ਕੀਤਾ।

# ਕੁਲਵੰਤ ਸਿੰਘ ਨੇ ਕੱਚੇ ਮਕਾਨ ਪੱਕੇ ਕਰਨ ਲਈ ਕਰੀਬ ਇੱਕ ਕਰੋੜ ਦੇ ਮਨਜ਼ੂਰੀ ਪੱਤਰ ਵੰਡੇ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 14 ਫ਼ਰਵਰੀ (ਹਰਦੀਪ ਕੌਰ): ਹਲਕਾ ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਵੱਲੋਂ ਕੱਚੇ ਮਕਾਨ ਪੱਕੇ ਕਰਨ ਲਈ ਅੱਜ ਕਰੀਬ ਇੱਕ ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਲਾਭਪਾਤਰੀ ਪਰਿਵਾਰਾਂ ਨੂੰ ਵੰਡੇ ਗਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਗਰੀਬ ਤੇ ਲੋੜਵੰਦ ਲੋਕਾਂ ਨੂੰ ਮਿਆਰੀ ਸਿੱਖਿਆ, ਚੰਗੀਆਂ ਸਿਹਤ ਸਹੂਲਤਾਂ ਅਤੇ ਸਿਰ ਦੀ ਛੱਤ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਅੱਜ ਰੰਗਲਾ ਪੰਜਾਬ ਸਕੀਮ ਤਹਿਤ 18 ਪਰਿਵਾਰਾਂ ਨੂੰ 36 ਲੱਖ ਰੁਪਏ ਤੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ 39 ਪਰਿਵਾਰਾਂ ਨੂੰ ਲਗਭੱਗ 64 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਦੋਨਾਂ ਯੋਜਨਾਵਾਂ ਤਹਿਤ ਕੁੱਲ ਰਕਮ ਕਰੀਬ ਇੱਕ ਕਰੋੜ ਰੁਪਏ ਬਣਦੀ ਹੈ।



ਵਿਧਾਇਕ ਨੇ ਦੱਸਿਆ ਕਿ ਰੰਗਲਾ ਪੰਜਾਬ ਸਕੀਮ ਅਧੀਨ ਮੋਹਾਲੀ ਹਲਕੇ ਦੇ 32 ਲੋੜਵੰਦ ਪਰਿਵਾਰਾਂ ਨੂੰ ਕੱਚੇ ਮਕਾਨ ਪੱਕੇ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਵੇਗੀ, ਜਿਸ ਵਿੱਚੋਂ 18 ਪਰਿਵਾਰਾਂ ਨੂੰ 2-2 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਅੱਜ ਜਾਰੀ ਕੀਤੇ ਗਏ ਹਨ। ਬਾਕੀ ਰਹਿੰਦੇ 14 ਪਰਿਵਾਰਾਂ ਨੂੰ ਵੀ ਜਲਦ ਹੀ ਇਹ ਸਹਾਇਤਾ ਮੁਹੱਈਆ ਕਰਵਾ ਦਿੱਤੀ ਜਾਵੇਗੀ। ਇਹ ਰਕਮ ਪੰਚਾਇਤ ਦੇ ਖਾਤਿਆਂ ਵਿੱਚ ਤਬਦੀਲ ਕੀਤੀ ਜਾਵੇਗੀ ਤੇ ਮਕਾਨਾਂ ਦੀ ਉਸਾਰੀ ਬੀ.ਡੀ.ਪੀ.ਓ. ਦਫ਼ਤਰ ਦੀ ਦੇਖ-ਰੇਖ ਹੇਠ ਕਰਵਾਈ ਜਾਵੇਗੀ। ਉਨ੍ਹਾਂ ਹੋਰ ਦੱਸਿਆ ਕਿ ਬਰਸਾਤ ਕਾਰਨ ਨੁਕਸਾਨੇ ਗਏ 39 ਘਰਾਂ ਦੇ ਪਰਿਵਾਰਾਂ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਮਕਾਨ ਬਣਾਉਣ ਲਈ 1.20 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਹ ਰਕਮ ਤਿੰਨ ਕਿਸ਼ਤਾਂ ਵਿੱਚ ਦਿੱਤੀ ਜਾਵੇਗੀ, ਮਕਾਨ ਸ਼ੁਰੂ ਹੋਣ 'ਤੇ 70 ਹਜ਼ਾਰ ਰੁਪਏ, ਪਲਿੰਥ ਲੈਵਲ 'ਤੇ ਪਹੁੰਚਣ 'ਤੇ 40 ਹਜ਼ਾਰ ਰੁਪਏ ਤੇ ਲੈਂਟਰ ਪੈਣ ਤੋਂ ਬਾਅਦ 10 ਹਜ਼ਾਰ ਰੁਪਏ। ਇਸ ਤੋਂ ਇਲਾਵਾ ਲਾਭਪਾਤਰੀਆਂ ਨੂੰ ਮਕਾਨ ਬਣਾਉਣ ਲਈ ਮਨਰੇਗਾ ਤਹਿਤ 90 ਦਿਨ ਦੀ ਮਜ਼ਦੂਰੀ (ਕੁੱਲ 31,140 ਰੁਪਏ ਪ੍ਰਤੀ ਮਕਾਨ) ਵੀ ਦਿੱਤੀ ਜਾਵੇਗੀ। ਜਿਨ੍ਹਾਂ ਘਰਾਂ ਵਿੱਚ ਪਹਿਲਾਂ ਪਖ਼ਾਨੇ (ਟਾਇਲਟ) ਨਹੀਂ ਹਨ ਜਾਂ ਪਹਿਲਾਂ ਇਸ ਲਈ ਕੋਈ ਵਿੱਤੀ ਸਹਾਇਤਾ ਨਹੀਂ ਲਈ ਗਈ।

ਇਸ ਮੌਕੇ ਧਨਵੰਤ ਸਿੰਘ ਰੰਧਾਵਾ ਬੀ.ਡੀ.ਪੀ.ਓ. ਮੋਹਾਲੀ,ਪਰਮਜੀਤ ਸਿੰਘ, ਕੁਲਦੀਪ ਸਿੰਘ ਸਮਾਣਾ, ਅਵਤਾਰ ਸਿੰਘ ਮੌਲੀ, ਕੁਲਬੀਰ ਸਿੰਘ, ਸਰਪੰਚ, ਮਨੌਲੀ, ਨਰਿੰਦਰ ਸਿੰਘ, ਸਰਪੰਚ, ਸੈਦਪੁਰ, ਧਰਮਪ੍ਰੀਤ ਸਿੰਘ, ਪੰਚ, ਮੌਜਪੁਰ, ਬਲਕਾਰ ਸਿੰਘ, ਸਰਪੰਚ, ਸੁੱਖਗੜ੍ਹ, ਗੁਰਮੁੱਖ ਗਿਰ, ਸਰਪੰਚ, ਸ਼ਾਮਪੁਰ, ਕਰਮਾ ਪੁਰੀ, ਸਰਪੰਚ, ਗੋਬਿੰਦਗੜ੍ਹ, ਰਜਿੰਦਰ ਸਿੰਘ, ਸਰਪੰਚ, ਸਿਆਊ, ਕਰਮਜੀਤ ਬਿੱਟੂ, ਸਰਪੰਚ, ਝਿਊਰਹੇੜੀ, ਸੁਖਵਿੰਦਰ ਸਿੰਘ, ਸਰਪੰਚ, ਬਾਕਰਪੁਰ, ਗੌਰਵ ਕੁਮਾਰ, ਸਰਪੰਚ ਸੰਭਾਲਕੀ, ਹਰਵਿੰਦਰ ਸਿੰਘ, ਸਰਪੰਚ, ਝਾਂਮਪੁਰ, ਹਰਪਾਲ ਸਿੰਘ, ਸਰਪੰਚ, ਤੜੌਲੀ, ਤਰਲੋਚਨ ਸਿੰਘ ਤੋਚੀ, ਸਰਪੰਚ ਕੈਲੋਂ, ਸਤਨਾਮ ਸਿੰਘ, ਸਰਪੰਚ, ਗੀਗਾ ਮਾਜਰਾ ਮੌਜੂਦ ਸਨ।

# ਕੇਂਦਰ ਨੂੰ ਕੌਮੀ ਪੱਧਰ 'ਤੇ ਜਿਨਸਾਂ ਦੀ ਉਪਜ ਤੇ ਖਪਤ ਸਬੰਧੀ ਸਰਵੇਖਣ ਕਰਵਾਉਣਾ ਚਾਹੀਦੈ : ਬਰਸਟ

ਚੰਡੀਗੜ੍ਹ, 14 ਫਰਵਰੀ (ਚ.ਨ.ਸ.): ਮੰਡੀ ਸਿਸਟਮ ਨੂੰ ਮਜਬੂਤ ਕਰਨਾ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਮੰਡੀਆਂ ਵਿੱਚ ਫੂਡ ਦੀ ਬਰਬਾਦੀ ਹੋਣ ਤੋਂ ਬਚਾਉਣਾ ਅਤੇ ਉਪਭੋਗਤਾਵਾਂ ਤੱਕ ਵਧੀਆ ਢੰਗ ਨਾਲ ਇਹਨਾਂ ਨੂੰ ਪਹੁੰਚਾਉਣਾ ਬਹੁਤ ਜਰੂਰੀ ਹੈ, ਤਾਂ ਜੋ ਕਿਸਾਨਾਂ ਨੂੰ ਉਸਦਾ ਲਾਭ ਮਿਲ ਸਕੇ। ਇਹਨਾਂ ਵਿਚਾਰਾ ਦਾ ਪ੍ਰਗਟਾਵਾ ਸ. ਹਰਚੰਦ ਸਿੰਘ ਬਰਸਟ ਚੇਅਰਮੈਨ ਨੈਸ਼ਨਲ ਕੌਂਸਲ ਆਫ਼ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡਸ (ਕੌਸਾਂਬ) ਅਤੇ ਪੰਜਾਬ ਮੰਡੀ ਬੋਰਡ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਗਿਆ। ਅੱਜ ਕਿਸਾਨ ਭਵਨ, ਚੰਡੀਗੜ੍ਹ ਵਿਖੇ ਵੱਖ-ਵੱਖ ਮਾਰਕੀਟਿੰਗ ਬੋਰਡਾਂ, ਅਧਿਕਾਰੀਆਂ, ਕਿਸਾਨਾਂ, ਸਟੇਕ ਹੋਲਡਰਾਂ ਤੋਂ ਐਗਰੀਕਲਚਰਲ ਮਾਰਕੀਟਿੰਗ ਪਾਲਿਸੀ ਲਈ ਮੰਗੇ ਸੁਝਾਵਾਂ ਸਬੰਧੀ ਅੰਤਿਮ ਮੀਟਿੰਗ ਆਯੋਜਿਤ ਕੀਤੀ ਗਈ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਰਸਟ ਨੇ ਦੱਸਿਆ ਕਿ ਕੌਸਾਂਬ ਦੇਸ਼ ਦੇ ਮਾਰਕੀਟਿੰਗ ਬੋਰਡਾਂ ਦਾ ਇੱਕ ਸਮੂੰਹ ਹੈ, ਜਿਸ ਤੋਂ ਕੇਂਦਰ ਸਰਕਾਰ ਵੱਲੋਂ ਐਗਰੀਕਲਚਰਲ ਮਾਰਕੀਟਿੰਗ ਪਾਲਿਸੀ ਸਬੰਧੀ ਸੁਝਾਅ ਮੰਗੇ ਗਏ ਸੀ, ਜਿਸਦੇ ਲਈ 25 ਨਵੰਬਰ 2024 ਨੂੰ ਕੌਸਾਂਬ ਵੱਲੋਂ ਐਕਸਪਰਟ ਕਮੇਟੀ ਬਣਾਈ ਗਈ, ਜਿਸਦੇ ਚੇਅਰਮੈਨ ਆਦਿਤਿਆ ਦੇਵੀ ਲਾਲ ਚੌਟਾਲਾ, ਵਿਧਾਇਕ ਡਬਵਾਲੀ ਨੂੰ ਬਣਾਇਆ ਗਿਆ ਤੇ ਅਸ਼ੋਕ ਦਲਵਾਈ ਨੂੰ ਵਾਈਸ-ਚੇਅਰਮੈਨ ਬਣਾਇਆ ਗਿਆ। ਨਾਲ ਹੀ ਗੋਕੁਲ ਪਟਨਾਇਕ ਆਈ.ਏ.ਐਸ. ਤੇ ਸਾਬਕਾ ਚੇਅਰਮੈਨ ਏਪੀਈਡੀਏ, ਪਰਵੇਸ਼ ਸ਼ਰਮਾ ਆਈ.ਏ.ਐਸ. ਤੇ ਸਾਬਕਾ ਐਮ.ਡੀ.



ਐਸਐਫਏਸੀ, ਡਾ. ਸੁਖਪਾਲ ਸਿੰਘ ਚੇਅਰਪਰਸਨ ਪੰਜਾਬ ਸਟੇਟ ਫਾਰਮਰਜ਼ ਐਂਡ ਫਾਰਮ ਵਰਕਰਜ਼ ਕਮਿਸ਼ਨ ਅਤੇ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡਜ਼ ਦੇ ਸੀਨੀਅਰ ਅਧਿਕਾਰੀਆਂ ਸ਼ਾਮਲ ਕੀਤੇ ਗਏ। ਡਾ. ਜੇ. ਐਸ. ਯਾਦਵ ਨੂੰ ਮੈਂਬਰ ਸਕੱਤਰ ਹਨ।

ਬਰਸਟ ਨੇ ਦੱਸਿਆ ਕਿ ਕਈ ਵਾਰ ਖੇਤੀਬਾੜੀ ਜਿਨਸਾ ਦੀ ਮਾਰਕੀਟਿੰਗ ਦੀ ਪੂਰੀ ਜਾਣਕਾਰੀ ਨਾ ਹੋਣ ਕਾਰਨ ਕਿਸਾਨ ਆਪਣੀ ਫਸਲਾਂ ਸੁਟੱਣ ਲਈ ਮਜਬੂਰ ਹੋ ਜਾਂਦੇ ਹਨ ਜਾਂ ਉਨ੍ਹਾਂ ਨੂੰ ਉਚਿਤ ਮੁੱਲ ਨਹੀਂ ਮਿਲਦਾ। ਇਸ ਨਾਲ ਜਿਹੜੀ ਜਗ੍ਹਾਂ ਤੇ ਫਸਲ ਵੱਧ ਮਾਤਰਾ ਵਿੱਚ ਹੁੰਦੀ ਹੈ, ਉੱਥੇ ਬਰਬਾਦ ਹੋਣ ਦੀ ਬਜਾਏ ਹੋਰ ਸੂਬਿਆਂ ਦੇ ਉਪਭੋਗਤਾਵਾਂ ਤੱਕ ਸਹੀ ਅਤੇ ਵਾਜਬ ਕੀਮਤ 'ਤੇ ਪਹੁੰਚ ਸਕੇ। ਇਸਦੇ ਨਾਲ ਹੀ ਇੱਕ ਅਜਿਹਾ ਮਾਡਯੂਲ ਤਿਆਰ ਕੀਤਾ ਜਾਵੇ, ਜਿਸ ਤੋਂ ਇਹ ਪੱਤਾ ਚੱਲ ਸਕੇ ਕਿ ਕਿਹੜੇ ਸੂਬੇ ਵਿੱਚ ਕਿਹੜਾ ਫ਼ਲ ਜਾਂ ਸਬਜ਼ੀ ਕਿਹੜੇ ਮੁੱਲ ਤੇ ਵਿੱਕ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਉਦੇਸ਼ ਇਹ ਹੈ ਕਿ ਮੰਡੀ ਸਿਸਟਮ ਨੂੰ ਮਜ਼ਬੂਤ ਕੀਤਾ ਜਾਵੇ, ਨਾ ਕਿ ਤੋੜਿਆ ਜਾਵੇ। ਇਸ ਮੌਕੇ ਆਦਿਤਿਆ ਦੇਵੀ ਲਾਲ ਚੌਟਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਹਰ ਸੂਬੇ ਵਿੱਚ ਇੱਕ ਕਾਮਨ ਮੰਡੀ ਬਣਾਈ ਜਾਵੇ, ਜਿੱਥੇ ਵੱਖ-ਵੱਖ ਰਾਜਾਂ ਦੇ ਮਾਰਕੀਟਿੰਗ ਬੋਰਡਾਂ ਨੂੰ ਜਗ੍ਹਾਂ ਦਿੱਤੀ ਜਾਵੇ, ਜਿਸ ਵਿੱਚ ਵੱਖ-ਵੱਖ ਸੂਬਿਆਂ ਵੱਲੋਂ ਨੋਡਲ ਅਫ਼ਸਰ ਤੈਨਾਤ ਕੀਤੇ ਜਾਣ ਤੇ ਉਸ ਜਗ੍ਹਾਂ ਤੇ ਕਿਸਾਨ ਜਾ ਕੇ ਆਪਣੀ ਫਸਲ ਸਿੱਧੀ ਵੇਚ ਸਕਣ ਤੇ ਫਸਲ ਵੇਚਣ ਤੋਂ ਬਾਅਦ ਭੁਗਤਾਨ ਯਕੀਨੀ ਬਣਾਉਣ ਲਈ ਸਟੇਟ ਮਾਰਕੀਟਿੰਗ ਬੋਰਡ ਵੱਲੋਂ ਪੱਕਾ ਪ੍ਰਬੰਧ ਕੀਤਾ ਜਾਵੇ, ਤਾਂ ਜੋ ਕਿਸਾਨਾਂ ਨੂੰ ਬਾਅਦ ਵਿੱਚ ਕੋਈ ਦਿੱਕਤ ਨਾ ਆਵੇ। ਡਾ. ਜੇ.ਐਸ. ਯਾਦਵ, ਐਮ.ਡੀ. ਕੌਸਾਂਬ ਨੇ ਐਕਸਪਰਟ ਕਮੇਟੀ ਨੂੰ ਪ੍ਰਾਪਤ ਹੋਏ ਕਿਸਾਨ-ਹਿਤੈਸ਼ੀ ਸੁਝਾਵਾਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਤੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਵਿਸ਼ੇਸ਼ ਸੂਬਾ ਪੱਧਰੀ ਰੀਵਿਊ ਮੀਟਿੰਗ

ਚੰਡੀਗੜ੍ਹ, 14 ਫਰਵਰੀ (ਚ.ਨ.ਸ.): ਬੀਤੀ 13 ਫਰਵਰੀ ਨੂੰ ਖੇਤੀ ਭਵਨ, ਐਸ.ਏ.ਐਸ. ਨਗਰ ਵਿਖੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਪੰਜਾਬ ਅਧੀਨ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਵੱਖ-ਵੱਖ ਸਟੇਟ ਤੇ ਸੈਂਟਰਲੀ ਸਪਾਂਸਰਡ ਸਕੀਮਾਂ ਅਧੀਨ ਸਾਲ 2025-26 ਦੌਰਾਨ ਕੀਤੀਆਂ ਗਈਆਂ ਪ੍ਰਗਤੀਆਂ ਦੀ ਸਮੀਖਿਆ ਕਰਨ ਲਈ ਵਿਭਾਗ ਦੇ ਡਾਇਰੈਕਟਰ ਡਾ.ਗੁਰਜੀਤ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਪੰਜਾਬ ਦੇ ਸਮੂਹ ਜਿਲਿਆਂ ਦੇ ਮੁੱਖ ਖੇਤੀਬਾੜੀ ਅਫਸਰਾਂ ਤੇ ਸੂਬਾ ਪੱਧਰੀ ਅਫਸਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਸੂਬੇ ਵਿੱਚ ਚਲ ਰਹੀਆਂ ਵੱਖ-ਵੱਖ ਸਕੀਮਾਂ ਜਿਵੇਂ ਕਿ ਝੋਨੇ ਦੀ ਪਰਾਲੀ ਦਾ ਪ੍ਰਬੰਧਨ (ਸੀ.ਆਰ.ਐਮ), ਝੋਨੇ ਦੀ ਸਿੱਧੀ ਬਿਜਾਈ, ਆਰ.ਕੇ.ਵੀ.ਵਾਈ, ਨੈਸ਼ਨਲ ਮਿਸ਼ਨ ਫਾਰ ਨੈਚੂਰਲ ਫਾਰਮਿੰਗ, ਖੇਤੀਬਾੜੀ ਗਣਨਾ, ਐਕਸਟੈਂਨਸ਼ਨ ਰਿਫਾਰਮਜ ਤੋਂ ਇਲਾਵਾ ਵਿਭਾਗ ਵੱਲੋਂ ਵੱਖ-ਵੱਖ ਇਨਪੁਟਸ ਜਿਵੇਂ ਕਿ ਬੀਜ-ਖਾਦ-ਪੈਸਟੀਸਾਈਡ ਆਦਿ ਦੀ ਸੈਂਪਲਿੰਗ ਦਾ ਕੰਮ ਅਤੇ ਸੂਬਾ ਸਰਕਾਰ/ਭਾਰਤ ਸਰਕਾਰ ਵੱਲੋਂ ਵੱਖ-ਵੱਖ ਕਿਸਾਨ ਗਤੀਵਿਧੀਆਂ ਅਧੀਨ ਜਾਰੀ ਕੀਤੇ ਗਏ ਬਜਟ ਦੀ ਵਰਤੋਂ ਸਬੰਧੀ ਵਿਸਥਾਰ ਵਿੱਚ ਸਮੀਖਿਆ ਕੀਤੀ ਗਈ। ਮੀਟਿੰਗ ਦੌਰਾਨ ਡਾ. ਬਰਾੜ ਵੱਲੋਂ ਖੇਤੀਬਾੜੀ ਵਿਭਾਗ ਦੇ ਸਮੂਹ ਫੀਲਡ ਅਧਿਕਾਰੀਆਂ ਨੂੰ ਇਹ ਹਦਾਇਤ ਕੀਤੀ ਕਿ ਸਰਕਾਰ ਕੋਲ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸਬੰਧੀ ਫੰਡ ਦੀ ਕੋਈ ਘਾਟ ਨਹੀਂ ਹੈ, ਇਸ ਲਈ ਸਮੂਹ ਫੀਲਡ ਅਧਿਕਾਰੀਆਂ ਇਹ ਯਕੀਨੀ ਬਣਾਉਣ ਕਿ ਸਰਕਾਰ ਵੱਲੋਂ ਕਿਸਾਨ ਭਲਾਈ ਲਈ ਦਿੱਤੀਆਂ ਜਾ ਰਹੀਆਂ ਵੱਖ-ਵੱਖ ਸਬਸਿਡੀਆਂ, ਮਸ਼ੀਨਰੀ, ਇਨਪੁਟਸ ਅਤੇ ਤਕਨੀਕੀ ਜਾਣਕਾਰੀ ਆਦਿ ਹਾਸ਼ਿਏ ਤੇ ਬੈਠੇ ਹਰੇਕ ਕਿਸਾਨ ਤੱਕ ਪਹੁੰਚਾਉਣਾ ਵਿਭਾਗ ਦਾ ਫਰਜ ਹੈ ਤਾਂ ਜੋ ਕਿ ਖੇਤ ਪੱਧਰ ਤੇ ਕਿਸਾਨਾਂ ਨੂੰ ਲੋੜੀਂਦੀਆਂ



ਸਹੂਲਤਾਂ ਦੇਕੇ ਉਸ ਦੀ ਆਮਦਨ ਤੇ ਤਕਨੀਕੀ ਜਾਣਕਾਰੀ ਵਿੱਚ ਵਾਧਾ ਕੀਤਾ ਜਾ ਸਕੇ, ਜਿਸ ਨਾਲ ਪੰਜਾਬ ਦਾ ਹਰੇਕ ਕਿਸਾਨ ਮੌਜੂਦਾ ਮਾਰਕੀਟਿੰਗ ਵਿਵਸਥਾ ਅਨੁਸਾਰ ਆਪਣੀ ਖੇਤੀ ਨੂੰ ਢਾਲ ਕੇ ਅੰਤਰਰਾਸ਼ਟਰੀ ਖੇਤੀਬਾੜੀ ਬਾਜਾਰ ਦੀਆਂ ਜਰੂਰਤਾਂ ਅਨੁਸਾਰ ਉਤਪਾਦਨ ਕਰ ਸਕੇ। ਮੀਟਿੰਗ ਵਿੱਚ ਮੌਜੂਦ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਦੇ ਇੰਚਾਰਜ ਸੰਯੁਕਤ ਡਾਇਰੈਕਟਰ ਖੇਤੀਬਾੜੀ ਵੱਲੋਂ ਉਹਨਾਂ ਵੱਲੋਂ ਸਕੀਮ ਅਧੀਨ ਜਿਲਿਆਂ ਨੂੰ ਜਾਰੀ ਕੀਤੇ ਗਏ ਫੰਡਾਂ ਦੀ ਕੰਪੋਨੈਂਟ ਵਾਈਜ ਪ੍ਰਗਤੀ ਦਾ ਰੀਵਿਊ ਕਰਦੇ ਹੋਏ ਹਰੇਕ ਜਿਲੇ ਦੀ ਵਿੱਤੀ ਅਤੇ ਭੌਤਿਕੀ ਪ੍ਰਗਤੀ ਦੀਆਂ ਰਿਪੋਰਟਾਂ ਤੇ ਚਰਚਾ ਕੀਤੀ। ਇਸ ਮੀਟਿੰਗ ਦੌਰਾਨ ਸੰਯੁਕਤ ਡਾਇਰੈਕਟਰ ਖੇਤੀਬਾੜੀ (ਇੰਜੀ:), ਇੰਜੀ: ਜਗਦੀਸ਼ ਸਿੰਘ ਨੇ ਭਵਿੱਖੀ ਸਾਲ 2026-27 ਵਿੱਚ ਝੋਨੇ ਦੀ ਪਰਾਲੀ ਤੇ ਫਸਲੀ ਰਹਿੰਦ-ਖੂਹੰਦ ਪ੍ਰਬੰਧਨ ਦੀ ਵਿਉਂਤਬੰਦੀ ਸਬੰਧੀ ਸਮੂਹ ਜਿਲਿਆਂ ਨਾਲ ਵਿਚਾਰ-ਵਟਾਂਦਰਾਂ ਕੀਤਾ ਤੇ ਸੂਬੇ ਦੇ ਕਿਸਾਨਾਂ ਦੀ ਲੋੜ ਅਨੁਸਾਰ ਲੋੜੀਂਦੀ ਮਸ਼ੀਨਰੀ ਸਬੰਧੀ ਮੰਗ ਅਤੇ ਫੰਡਾਂ ਸਬੰਧੀ ਰਾਇ ਕੀਤੀ ਤਾਂ ਜੋ ਕਿ ਪੰਜਾਬ ਸੂਬੇ ਵਿੱਚ ਪਰਾਲੀ ਅਤੇ ਰਹਿੰਦ-ਖੂਹੰਦ ਨੂੰ ਅੱਗ ਲਾਉਣ ਦੀ ਪ੍ਰਥਾ ਨੂੰ ਜੜੋਂ ਖਤਮ ਕੀਤਾ ਜਾ ਸਕੇ। ਡਾ. ਨਰਿੰਦਰ ਸਿੰਘ ਬੈਨੀਪਾਲ, ਸੰਯੁਕਤ ਡਾਇਰੈਕਟਰ ਖੇਤੀਬਾੜੀ (ਪੀ.ਪੀ.) ਤੇ ਡਾ. ਗੁਰਨਾਮ ਸਿੰਘ, ਸੰਯੁਕਤ ਡਾਇਰੈਕਟਰ ਖੇਤੀਬਾੜੀ (ਇਨਪੁਟਸ) ਵੱਲੋਂ ਵੱਖ-ਵੱਖ ਪੈਸਟੀਸਾਈਡ ਅਤੇ ਖਾਦ ਸੈਂਪਲਾਂ ਦੀ ਟੈਸਟਿੰਗ ਤੇ ਫੇਲ ਹੋਏ ਸੈਂਪਲਾਂ ਸਬੰਧੀ ਫੀਲਡ ਅਧਿਕਾਰੀਆਂ ਦੀਆਂ ਰਿਪੋਰਟਾਂ ਤੇ ਗਲਬਾਤ ਕਰਦੇ ਹੋਏ ਮਾੜੇ ਖੇਤੀ ਇਨਪੁਟਸ ਤੇ ਹੋਈ ਕਾਨੂੰਨੀ ਕਾਰਵਾਈ ਬਾਰੇ ਚਰਚਾ ਕੀਤੀ। ਇਸ ਮੀਟਿੰਗ ਵਿੱਚ ਉੱਚ ਮਿਆਰੀ ਬੀਜ-ਖਾਦ-ਪੈਸਟੀਸਾਈਡ/ਖੇਤੀ ਜ਼ਹਿਰ ਦੀ ਉਪਲੱਬਧਤਾ ਕਿਸਾਨਾਂ ਨੂੰ ਕਰਾਉਣ ਸਬੰਧੀ ਵਿਸ਼ੇਸ਼ ਤੌਰ ਤੇ ਕਿਹਾ ਗਿਆ ਤੇ ਇਸ ਸਬੰਧੀ ਲਗਾਤਾਰ ਜਿਲਾ-ਬਲਾਕ-ਪਿੰਡ ਪੱਧਰ ਤੇ ਸਬੰਧਤ ਡੀਲਰਾਂ ਦੀ ਚੈਕਿੰਗ ਕੀਤੀ ਜਾਵੇ, ਤਾਂ ਜੋ ਕਿ ਸੂਬੇ ਵਿੱਚ ਕਿਸੇ ਵੀ ਤਰਾਂ ਦੇ ਘਟੀਆ ਖੇਤੀ ਇਨਪੁਟਸ ਦੀ ਆਮਦ ਰੋਕੀ ਜਾ ਸਕੇ। ਉਹਨਾਂ ਇਹ ਗਲ ਬਹੁਤ ਹੀ ਜੋਰ ਦੇਕੇ ਆਖੀ ਕਿ ਕਿਸੇ ਵੀ ਤਰਾਂ ਦੀ ਰਿਸ਼ਵਤਖੋਰੀ, ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿੱਚ ਕੋਈ ਅਣਗਹਿਲੀ ਤੇ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਰਕਾਰੀ ਕੁਰਸੀ ਤੇ ਬੈਠਾ ਹੋਇਆ ਹਰੇਕ ਅਧਿਕਾਰੀ/ਕਰਮਚਾਰੀ ਪਾਰਦਰਸ਼ੀ ਤਰੀਕੇ ਨਾਲ ਇਹਨਾਂ ਸੇਵਾਵਾਂ ਨੂੰ ਕਿਸਾਨਾਂ ਤੱਕ ਪਹੁੰਚਾਉਣਾ ਯਕੀਨੀ ਬਣਾਏਗਾ।



## ਸੰਪਾਦਕੀ

# ਸਕੂਲਾਂ ਵਿੱਚ ਵਧਦੀ ਹਿੰਸਾ

ਹਾਲ ਹੀ ਵਿੱਚ ਹਿਮਾਚਲ ਪ੍ਰਦੇਸ਼ ਵਿੱਚ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ, ਜਿੱਥੇ ਇੱਕ ਸਕੂਲ ਵਿਦਿਆਰਥੀ ਨੇ ਇੱਕ ਮਹਿਲਾ ਕਰਮਚਾਰੀ ਦੀ ਹੱਤਿਆ ਕਰ ਦਿੱਤੀ। ਇਹ ਘਟਨਾ ਸਿਰਫ਼ ਇੱਕ ਅਪਰਾਧਿਕ ਵਾਰਦਾਤ ਨਹੀਂ, ਸਗੋਂ ਸਾਡੇ ਸਮਾਜ ਦੇ ਅੰਦਰ ਡੂੰਘੀਆਂ ਜੜ੍ਹਾਂ ਤੱਕ ਫੈਲੀਆਂ ਸਮੱਸਿਆਵਾਂ ਦਾ ਸ਼ੀਸ਼ਾ ਹੈ। ਸਕੂਲ, ਜੋ ਕਦੇ ਗਿਆਨ, ਸੰਸਕਾਰ ਅਤੇ ਚਰਿੱਤਰ ਨਿਰਮਾਣ ਦੇ ਕੇਂਦਰ ਹੁੰਦੇ ਸਨ, ਅੱਜ ਹਿੰਸਾ ਦੀਆਂ ਘਟਨਾਵਾਂ ਦੇ ਅਖਾੜੇ ਬਣਦੇ ਜਾ ਰਹੇ ਹਨ। ਇਹ ਰੁਝਾਨ ਸਾਡੇ ਸਮਾਜ ਲਈ ਇੱਕ ਖ਼ਤਰੇ ਦੀ ਘੰਟੀ ਹੈ। ਸਕੂਲਾਂ ਵਿੱਚ ਵੱਧ ਰਹੀ ਹਿੰਸਾ ਦੇ ਕਈ ਕਾਰਨ ਹਨ। ਸਭ ਤੋਂ ਪਹਿਲਾਂ, ਪਰਿਵਾਰਕ ਟੁੱਟਣ ਅਤੇ ਮਾਪਿਆਂ ਦੀ ਅਣਦੇਖੀ ਬੱਚਿਆਂ ਦੇ ਮਾਨਸਿਕ ਵਿਕਾਸ ਨੂੰ ਪ੍ਰਭਾਵਿਤ ਕਰਦੀ ਹੈ। ਜਿਹੜੇ ਬੱਚੇ ਘਰ ਵਿੱਚ ਪਿਆਰ ਅਤੇ ਮਾਰਗਦਰਸ਼ਨ ਤੋਂ ਵਾਂਝੇ ਰਹਿੰਦੇ ਹਨ, ਉਹ ਗੁੱਸੇ ਅਤੇ ਨਿਰਾਸ਼ਾ ਦਾ ਸ਼ਿਕਾਰ ਹੋ ਜਾਂਦੇ ਹਨ। ਦੂਜਾ ਵੱਡਾ ਕਾਰਨ ਹੈ ਡਿਜੀਟਲ ਮੀਡੀਆ ਅਤੇ ਵੀਡੀਓ ਗੇਮਾਂ ਵਿੱਚ ਹਿੰਸਕ ਸਮੱਗਰੀ। ਅੱਜ ਦੇ ਬੱਚੇ ਸਮਾਰਟਫੋਨਾਂ ਅਤੇ ਇੰਟਰਨੈੱਟ ਰਾਹੀਂ ਅਜਿਹੀ ਸਮੱਗਰੀ ਵੇਖਦੇ ਹਨ ਜੋ ਹਿੰਸਾ ਨੂੰ ਆਮ ਗੱਲ ਦੱਸਦੀ ਹੈ। ਤੀਜਾ ਕਾਰਨ ਸਕੂਲਾਂ ਵਿੱਚ ਉਚਿਤ ਮਾਨਸਿਕ ਸਿਹਤ ਸੇਵਾਵਾਂ ਦੀ ਘਾਟ ਹੈ। ਬਹੁਤ ਸਾਰੇ ਵਿਦਿਆਰਥੀ ਮਾਨਸਿਕ ਤਣਾਅ, ਉਦਾਸੀ ਜਾਂ ਗੁੱਸੇ ਤੋਂ ਪੀੜਤ ਹੁੰਦੇ ਹਨ, ਪਰ ਉਨ੍ਹਾਂ ਨੂੰ ਕੋਈ ਕਾਊਂਸਲਿੰਗ ਜਾਂ ਸਹਾਇਤਾ ਨਹੀਂ ਮਿਲਦੀ। ਨਾਲ ਹੀ, ਸਕੂਲ ਵਿੱਚ ਧੱਕੇਸ਼ਾਹੀ (ਬੁਲੀਇੰਗ) ਦੀ ਸਮੱਸਿਆ ਵੀ ਬੱਚਿਆਂ ਨੂੰ ਅਪਰਾਧਿਕ ਰਾਹ ਵੱਲ ਧੱਕਦੀ ਹੈ। ਚੌਥਾ ਕਾਰਨ ਅਕਾਦਮਿਕ ਦਬਾਅ ਹੈ, ਬੱਚਿਆਂ ਉੱਤੇ ਵਧੇਰੇ ਅੰਕ ਲੈਣ ਦੀ ਇੱਛਾ ਅਤੇ ਅਸਫਲਤਾ ਦਾ ਡਰ ਕਈ ਵਾਰ ਉਨ੍ਹਾਂ ਨੂੰ ਮਾਨਸਿਕ ਰੂਪ ਵਿੱਚ ਅਸਥਿਰ ਕਰ ਦਿੰਦਾ ਹੈ। ਸਕੂਲੀ ਹਿੰਸਾ ਦੇ ਪ੍ਰਭਾਵ ਬਹੁਤ ਡੂੰਘੇ ਅਤੇ ਦੂਰਗਾਮੀ ਹਨ। ਇਹ ਘਟਨਾਵਾਂ ਸਿੱਧੇ ਤੌਰ 'ਤੇ ਸਕੂਲੀ ਮਾਹੌਲ ਨੂੰ ਖਰਾਬ ਕਰਦੀਆਂ ਹਨ, ਜਿਸ ਨਾਲ ਵਿਦਿਆਰਥੀਆਂ ਵਿੱਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ। ਜਦੋਂ ਸਕੂਲ ਸੁਰੱਖਿਅਤ ਸਥਾਨ ਨਹੀਂ ਰਹਿੰਦਾ ਤਾਂ ਬੱਚਿਆਂ ਦੀ ਪੜ੍ਹਾਈ ਅਤੇ ਮਾਨਸਿਕ ਸਿਹਤ ਦੋਵੇਂ ਪ੍ਰਭਾਵਿਤ ਹੁੰਦੇ ਹਨ। ਅਧਿਆਪਕ ਅਤੇ ਸਕੂਲ ਕਰਮਚਾਰੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗਦੇ ਹਨ, ਜਿਸ ਕਾਰਨ ਸਿੱਖਿਆ ਦੀ ਗੁਣਵੱਤਾ ਵੀ ਘੱਟਦੀ ਹੈ। ਸਮਾਜਿਕ ਪੱਧਰ 'ਤੇ ਅਜਿਹੀਆਂ ਘਟਨਾਵਾਂ ਮਾਪਿਆਂ ਵਿੱਚ ਭਰੋਸੇ ਦੀ ਕਮੀ ਪੈਦਾ ਕਰਦੀਆਂ ਹਨ ਅਤੇ ਸਿੱਖਿਆ ਪ੍ਰਣਾਲੀ ਪ੍ਰਤੀ ਸ਼ੱਕ ਪੈਦਾ ਹੁੰਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਹਿੰਸਕ ਵਿਵਹਾਰ ਕਰਨ ਵਾਲੇ ਬੱਚੇ ਦਾ ਭਵਿੱਖ ਤਬਾਹ ਹੋ ਜਾਂਦਾ ਹੈ, ਉਹ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਫਸ ਜਾਂਦਾ ਹੈ ਅਤੇ ਸਮਾਜ ਇੱਕ ਸੰਭਾਵੀ ਪ੍ਰਤਿਭਾ ਗੁਆ ਦਿੰਦਾ ਹੈ। ਪੀੜਤ ਪਰਿਵਾਰ ਦਾ ਦਰਦ ਤਾਂ ਬੇਅੰਤ ਹੈ ਹੀ। ਇਸ ਸਮੱਸਿਆ ਦਾ ਹੱਲ ਕੱਢਣ ਲਈ ਸਮਾਜ ਦੇ ਹਰ ਵਰਗ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਸਭ ਤੋਂ ਪਹਿਲਾਂ, ਹਰ ਸਕੂਲ ਵਿੱਚ ਯੋਗ ਕਾਊਂਸਲਰਾਂ ਦੀ ਨਿਯੁਕਤੀ ਕੀਤੀ ਜਾਵੇ। ਮਾਨਸਿਕ ਸਿਹਤ ਨੂੰ ਸਰੀਰਕ ਸਿਹਤ ਜਿੰਨਾ ਮਹੱਤਵ ਦੇਣਾ ਜ਼ਰੂਰੀ ਹੈ। ਮਾਪਿਆਂ ਦੀ ਭੂਮਿਕਾ ਸਭ ਤੋਂ ਅਹਿਮ ਹੈ, ਉਨ੍ਹਾਂ ਨੂੰ ਬੱਚਿਆਂ ਨਾਲ ਖੁੱਲ੍ਹਾ ਸੰਵਾਦ ਬਣਾਈ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ। ਸਕੂਲਾਂ ਵਿੱਚ ਨੈਤਿਕ ਸਿੱਖਿਆ ਅਤੇ ਭਾਵਨਾਤਮਕ ਬੁੱਧੀ (ਇਮੋਸ਼ਨਲ ਇੰਟੈਲੀਜੈਂਸ) ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਬੱਚਿਆਂ ਨੂੰ ਗੁੱਸੇ ਨੂੰ ਕਾਬੂ ਕਰਨਾ, ਟਕਰਾਅ ਦਾ ਸ਼ਾਂਤੀਪੂਰਨ ਹੱਲ ਕੱਢਣਾ ਅਤੇ ਦੂਜਿਆਂ ਦੀ ਭਾਵਨਾਵਾਂ ਦਾ ਸਤਿਕਾਰ ਕਰਨਾ ਸਿਖਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਰਕਾਰ ਨੂੰ ਅਜਿਹੀਆਂ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਜੋ ਬੱਚਿਆਂ ਦੀ ਡਿਜੀਟਲ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਹਿੰਸਕ ਸਮੱਗਰੀ ਤੱਕ ਉਨ੍ਹਾਂ ਦੀ ਪਹੁੰਚ ਨੂੰ ਸੀਮਤ ਕਰਨ। ਅਧਿਆਪਕਾਂ ਦੀ ਸਿਖਲਾਈ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੂੰ ਅਜਿਹੀਆਂ ਸਥਿਤੀਆਂ ਵਿੱਚ ਸ਼ੁਰੂਆਤੀ ਸੰਕੇਤ ਪਛਾਣਨ ਦੀ ਸਮਰੱਥਾ ਹੋਣੀ ਚਾਹੀਦੀ ਹੈ, ਜਦੋਂ ਕੋਈ ਵਿਦਿਆਰਥੀ ਮੁਸ਼ਕਿਲ ਵਿੱਚ ਹੋਵੇ। ਸਕੂਲ ਅਤੇ ਪਰਿਵਾਰ ਵਿਚਕਾਰ ਬਿਹਤਰ ਸੰਚਾਰ ਅਤੇ ਭਾਈਵਾਲੀ ਇਸ ਸਮੱਸਿਆ ਨੂੰ ਘੱਟ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਹਿਮਾਚਲ ਦੀ ਇਹ ਦੁਖਦਾਈ ਘਟਨਾ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਕਿਹੋ ਜਿਹਾ ਸਮਾਜ ਦੇ ਰਹੇ ਹਾਂ। ਸਕੂਲੀ ਹਿੰਸਾ ਦਾ ਵਧਦਾ ਰੁਝਾਨ ਸਿਰਫ਼ ਕਾਨੂੰਨ ਅਤੇ ਵਿਵਸਥਾ ਦੀ ਸਮੱਸਿਆ ਨਹੀਂ, ਸਗੋਂ ਇਹ ਸਾਡੀ ਸਮੂਹਿਕ ਸਮਾਜਿਕ ਅਤੇ ਨੈਤਿਕ ਅਸਫਲਤਾ ਦਾ ਸੂਚਕ ਹੈ। ਇਸ ਸਮੱਸਿਆ ਦਾ ਮੁਕਾਬਲਾ ਕਰਨ ਲਈ ਸਰਕਾਰ, ਸਕੂਲ ਪ੍ਰਸ਼ਾਸਨ, ਅਧਿਆਪਕ, ਮਾਪੇ ਅਤੇ ਸਮਾਜ ਸਭ ਨੂੰ ਇੱਕਜੁੱਟ ਹੋ ਕੇ ਕੰਮ ਕਰਨਾ ਹੋਵੇਗਾ। ਆਓ, ਅਸੀਂ ਆਪਣੇ ਬੱਚਿਆਂ ਦੀ ਮਾਨਸਿਕ ਸਿਹਤ ਵੱਲ ਧਿਆਨ ਦੇਈਏ, ਉਨ੍ਹਾਂ ਨੂੰ ਸੰਸਕਾਰਾਂ ਨਾਲ ਭਰੀਏ ਅਤੇ ਸਕੂਲਾਂ ਨੂੰ ਮੁੜ ਤੋਂ ਗਿਆਨ ਅਤੇ ਸ਼ਾਂਤੀ ਦੇ ਮੰਦਰ ਬਣਾਈਏ। ਤਦ ਹੀ ਅਸੀਂ ਅਜਿਹੀਆਂ ਦੁਖਦਾਈ ਘਟਨਾਵਾਂ ਨੂੰ ਰੋਕ ਸਕਾਂਗੇ ਅਤੇ ਇੱਕ ਸੁਰੱਖਿਅਤ, ਸਿਹਤਮੰਦ ਅਤੇ ਸਮ੍ਰਿੱਧ ਸਮਾਜ ਦੀ ਸਿਰਜਣਾ ਕਰ ਸਕਾਂਗੇ।

-ਜਗਜੀਤ ਸਿੰਘ ਦਰਦੀ

# ਸਿਆਸਤਦਾਨ ਹੈਡਲਾਈਨ ਦੀ ਤਲਾਸ਼ ਵਿੱਚ ਸਿਆਸੀ ਦਲਾਂ ਦਾ ਪੰਜਾਬ ਵਿੱਚ ਨਿਕੰਮਾ ਸ਼ੋਅ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

## ਅੱਜ ਪੰਜਾਬ ਨੂੰ ਹੈਡਲਾਈਨ ਤੇ ਇਸ਼ਤਿਹਾਰ ਨਹੀਂ ਜ਼ਮੀਨ 'ਤੇ ਕੰਮ ਦੀ ਲੋੜ ਹੈ?

ਅੱਜ ਰਾਜਨੀਤਿਕ ਹੈਡਲਾਈਨ ਬਣਨ ਲਈ ਪੰਜਾਬ ਦੀ ਰਾਜਨੀਤੀ ਤੇ ਰਾਜਨੀਤਿਕ ਨੇਤਾ ਅੱਜ ਇੱਕ ਅਜਿਹੇ ਮੋੜ 'ਤੇ ਖੜੇ ਹਨ, ਜਿੱਥੇ ਹੈੱਡਲਾਈਨਾਂ ਦੀ ਤਲਾਸ਼ ਵਿੱਚ ਪਾਰਟੀਆਂ ਆਪਣੇ ਆਪ ਨੂੰ ਭੁੱਲ ਰਹੀਆਂ ਨੇ ਅਤੇ ਲੋਕਾਂ ਦੀ ਹੋਣੀ ਤੇ ਭਵਿੱਖ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ।

ਅੱਜ ਫਰਵਰੀ 2026 ਵਿੱਚ, ਜਦੋਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਇੱਕ ਸਾਲ ਤੋਂ ਵੀ ਘੱਟ ਸਮਾਂ ਬਾਕੀ ਹੈ, ਰਾਜਨੀਤੀ ਦਾ ਮਾਹੌਲ ਤਿੱਖਾ ਹੋ ਰਿਹਾ ਹੈ। ਆਮ ਆਦਮੀ ਪਾਰਟੀ (ਆਪ) ਸੱਤਾ ਵਿੱਚ ਹੈ ਅਤੇ ਪਾਰਟੀ ਨੇ ਆਪਣੇ ਕੇਡਰ ਨੂੰ 2027 ਲਈ ਜੁਟਾਉਣਾ ਸ਼ੁਰੂ ਕਰ ਦਿੱਤਾ ਹੈ। ਉਹ ਕਹਿ ਰਹੇ ਨੇ ਕਿ ਪੁਰਾਣੀਆਂ ਪਾਰਟੀਆਂ ਆਪ ਨੂੰ ਕਾਪੀ ਕਰ ਰਹੀਆਂ ਨੇ ਪਰ ਪਿੱਛੇ ਰਹਿ ਗਈਆਂ ਨੇ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ (ਸਾਦ) ਨੇ ਜਲਦੀ ਹੀ ਰੈਲੀਆਂ ਅਤੇ ਮੋਬਿਲਾਈਜ਼ੇਸ਼ਨ ਸ਼ੁਰੂ ਕਰ ਦਿੱਤੀ ਹੈ ਅਤੇ ਸੁਖਬੀਰ ਸਿੰਘ ਬਾਦਲ ਨੇ ਵਿਕਾਸ ਅਤੇ ਵਿਜ਼ਨ ਦੀਆਂ ਗੱਲਾਂ ਕਰਕੇ ਵੋਟਰਾਂ ਨੂੰ ਵਾਪਸ ਖਿੱਚਣ ਦੀ ਕੋਸ਼ਿਸ਼ ਕੀਤੀ ਹੈ।

ਅੱਜ ਭਾਜਪਾ ਵਿੱਚ ਨਵੇਂ ਚਿਹਰੇ ਆ ਰਹੇ ਨੇ, ਪੁਰਾਣੇ ਕਾਂਗਰਸੀ ਅਤੇ ਆਪ ਵਾਲੇ ਵੀ ਜੁੜ ਰਹੇ ਨੇ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਰਗੇ ਲੀਡਰ ਪੰਜਾਬ ਵਿੱਚ ਆਉਂਦੇ ਫਿਰ ਰਹੇ ਨੇ ਗੁਰਦੁਆਰਾ ਵਿਜ਼ਿਟ ਅਤੇ ਨਾਨ-ਜੱਟ ਸਿੱਖ, ਓਬੀਸੀ ਵੋਟਰਾਂ ਨੂੰ ਟਾਰਗੇਟ ਕਰਨ ਲਈ। ਕਾਂਗਰਸ ਅੰਦਰੂਨੀ ਲੜਾਈਆਂ ਨਾਲ ਜੂਝ ਰਹੀ ਹੈ ਅਤੇ ਰਾਜਾ ਵੜਿੰਗ ਵਰਗੇ ਲੀਡਰ ਗਵਰਨਰ ਦੀਆਂ ਐਂਟੀ-ਡਰੱਗ ਵਾਕ ਨੂੰ ਸਮਝੌਤਾ ਐਕਸਪ੍ਰੈੱਸ ਕਹਿ ਕੇ ਸਾਦ-ਭਾਜਪਾ ਗਠਜੋੜ ਦੀ ਅਫਵਾਹ ਨੂੰ ਹਵਾ ਦੇ ਰਹੇ ਨੇ।

ਇਹ ਸਭ ਹੈੱਡਲਾਈਨਾਂ ਲਈ ਹੈ - ਗਵਰਨਰ ਦੀ ਐਂਟੀ-ਡਰੱਗ ਵਾਕ ਵਿੱਚ ਸੁਖਬੀਰ ਬਾਦਲ ਅਤੇ ਅਸ਼ਵਨੀ ਸ਼ਰਮਾ ਦਾ ਇੱਕੱਠੇ ਹੋਣਾ, ਰਾਧਾ ਸੁਆਮੀ ਡੇਰਾ ਦੇ ਗੁਰਿੰਦਰ ਸਿੰਘ ਦੀ ਮੌਜੂਦਗੀ, ਬਿਕਰਮ ਮਜੀਠੀਆ ਦੀ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਵਾਪਸ ਆਉਣਾ - ਇਹ ਸਭ ਰਾਜਨੀਤੀ ਦੇ ਡਰਾਮੇ ਨੂੰ ਵਧਾ ਰਹੇ ਨੇ। ਪਰ ਇਸ ਸਾਰੇ ਡਰਾਮੇ ਵਿੱਚ ਪੰਜਾਬ ਦੇ ਲੋਕਾਂ ਦੀ ਹੋਣੀ ਕਿੱਥੇ ਹੈ ?

ਅੱਜ ਨੌਜਵਾਨਾਂ ਦੀ ਬੇਰੁਜ਼ਗਾਰੀ, ਕਿਸਾਨਾਂ ਦੀਆਂ ਸਮੱਸਿਆਵਾਂ, ਡਰੱਗਸ ਦਾ ਜਾਲ, ਗੈਂਗਸਟਰ ਕਲਚਰ, ਭ੍ਰਿਸ਼ਟਾਚਾਰ ਅਤੇ ਨਕਾਰਾ ਪ੍ਰਸ਼ਾਸਨ - ਇਹ ਅਸਲ ਮਸਲੇ ਹਨ ਜੋ ਹੈੱਡਲਾਈਨ ਨਹੀਂ ਬਣ ਰਹੇ। ਲੋਕਾਂ ਨੂੰ ਇਹਨਾਂ ਮਸਲਿਆਂ 'ਤੇ ਵਿਚਾਰ ਕਰਨ ਵਾਲੀ ਰਾਜਨੀਤੀ ਚਾਹੀਦੀ ਹੈ, ਨਾ ਕਿ ਨੇਤਾਵਾਂ ਦੀਆਂ ਪਾਰਟੀ ਬਦਲਣ ਵਾਲੀਆਂ ਤਸਵੀਰਾਂ ਤੇ ਆਪ ਦਾ ਭਵਿੱਖ ਸੱਤਾ ਦਾ ਨਸ਼ਾ ਜਾਂ ਲੋਕਾਂ ਦੀ ਉਮੀਦ ?

ਆਪ ਨੇ 2022 ਵਿੱਚ 92 ਸੀਟਾਂ ਨਾਲ ਭਰਵੀਂ ਜਿੱਤ ਹਾਸਲ ਕੀਤੀ ਸੀ, ਪਰ ਅੱਜ ਉਹਨਾਂ ਦੇ ਵਾਅਦੇ - ਮੁਫ਼ਤ ਬਿਜਲੀ, ਨੌਕਰੀਆਂ, ਸਿਹਤ ਅਤੇ ਸਿੱਖਿਆ ਵਿੱਚ ਸੁਧਾਰ - ਪੂਰੇ ਨਹੀਂ ਹੋ ਰਹੇ। ਭਗਵੰਤ ਮਾਨ ਲੋਕ ਮਿਲਣੀਆਂ ਕਰ ਰਹੇ ਨੇ, ਲੋਕਾਂ ਦੀਆਂ ਸ਼ਿਕਾਇਤਾਂ ਸੁਣ ਰਹੇ ਨੇ, ਪਰ ਡਰੱਗਸ ਅਤੇ ਗੈਂਗਸਟਰਾਂ ਵਿਰੁੱਧ ਕਾਰਵਾਈ ਨੂੰ ਪੀਆਰ ਸਟੰਟ ਵਜੋਂ ਵੇਖਿਆ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਡਰੱਗਸ ਅਤੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਸਿਰਫ਼ ਟ੍ਰੇਲਰ ਹੈ, ਪਰ ਅਸਲ ਵਿੱਚ ਲੋਕਾਂ ਨੂੰ ਲੱਗ ਰਿਹਾ ਹੈ ਕਿ ਇਹ ਸਿਰਫ਼ ਗੱਲਾਂ ਹਨ।

ਅੱਜ ਵੀ ਨੌਜਵਾਨ ਅਜੇ ਵੀ ਵਿਦੇਸ਼ ਜਾ ਰਹੇ ਨੇ, ਕਿਸਾਨਾਂ ਨੂੰ MSP ਅਤੇ ਕਰਜ਼ੇ ਮਾਫੀ ਦੀ ਉਡੀਕ ਹੈ, ਅਤੇ ਗੈਂਗਸਟਰਾਂ ਦੇ ਨਾਂ ਤੇ ਡਰ ਵਧ ਰਿਹਾ ਹੈ। ਜੇ ਆਪ 2027 ਵਿੱਚ ਜਿੱਤਣੀ ਹੈ ਤਾਂ ਉਹਨਾਂ ਨੂੰ ਅਸਲ ਕੰਮ ਕਰਨਾ ਪਵੇਗਾ, ਨਹੀਂ ਤਾਂ ਲੋਕ ਫਿਰ ਧੋਖਾ ਮਹਿਸੂਸ ਕਰਨਗੇ। ਆਪ ਦਾ ਭਵਿੱਖ ਲੋਕਾਂ ਨਾਲ ਜੁੜੇ ਰਹਿਣ ਤੇ ਨਿਰਭਰ ਕਰਦਾ ਹੈ, ਨਹੀਂ ਤਾਂ ਉਹ ਵੀ ਪੁਰਾਣੀਆਂ ਪਾਰਟੀਆਂ ਵਾਂਗ ਭਟਕ ਜਾਵੇਗੀ।

ਅਕਾਲੀ ਦਲ ਦਾ ਭਵਿੱਖ ਪੁਰਾਣੀ ਸ਼ਾਨ ਵਾਪਸ ਜਾਂ ਨਵਾਂ ਵਿਜ਼ਨ ?

ਸੁਖਬੀਰ ਬਾਦਲ ਅਤੇ ਅਕਾਲੀ ਦਲ ਨੇ ਰੈਲੀਆਂ ਸ਼ੁਰੂ ਕਰ ਦਿੱਤੀਆਂ ਨੇ, ਮਾਘੀ ਮੇਲੇ ਵਿੱਚ ਵੱਡੇ ਵਾਅਦੇ ਕੀਤੇ ਨੇ। ਬਿਕਰਮ ਮਜੀਠੀਆ ਦੀ ਰਿਹਾਈ ਨੇ ਪਾਰਟੀ ਵਿੱਚ ਨਵੀਂ ਊਰਜਾ ਭਰੀ ਹੈ ਅਤੇ ਉਹ ਆਪ ਵਿਰੁੱਧ ਤਿੱਖੇ ਹਮਲੇ ਕਰ ਰਹੇ ਨੇ ਪਰ ਅਸਲ ਸਵਾਲ ਇਹ ਹੈ ਕਿ ਪੁਰਾਣੇ ਬਾਦਲ ਯੁੱਗ ਦੇ ਮਾਫੀਆ ਅਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਕਿਵੇਂ ਧੋਤੇ ਜਾਣਗੇ ?

ਲੋਕ ਅਜੇ ਵੀ ਯਾਦ ਰੱਖਦੇ ਨੇ ਕਿ ਅਕਾਲੀ-ਭਾਜਪਾ ਗਠਜੋੜ ਵਿੱਚ ਕੀ ਹੋਇਆ ਸੀ। ਹੁਣ ਗਵਰਨਰ ਦੀ ਵਾਕ ਵਿੱਚ ਭਾਜਪਾ ਨਾਲ ਨਜ਼ਦੀਕੀਆਂ ਵਧਣ ਨਾਲ ਗਠਜੋੜ ਦੀਆਂ ਅਫਵਾਹਾਂ ਨੇ ਲੋਕਾਂ ਵਿੱਚ ਸ਼ੱਕ ਪੈਦਾ ਕੀਤਾ ਹੈ। ਜੇ ਸਾਦ ਨੂੰ ਵਾਪਸ ਆਉਣਾ ਹੈ ਤਾਂ ਉਹਨਾਂ ਨੂੰ ਨਵਾਂ ਵਿਜ਼ਨ ਦੇਣਾ ਪਵੇਗਾ - ਨੌਜਵਾਨਾਂ ਲਈ ਨੌਕਰੀਆਂ, ਕਿਸਾਨਾਂ ਲਈ ਸਹੂਲਤਾਂ, ਅਤੇ ਡਰੱਗਸ ਵਿਰੁੱਧ ਅਸਲ ਜੰਗ। ਨਹੀਂ ਤਾਂ ਉਹ ਸਿਰਫ਼ ਪੁਰਾਣੀਆਂ ਗੱਲਾਂ ਤੇ ਅਟਕੇ ਰਹਿਣਗੇ।

ਅੱਜ ਭਾਜਪਾ ਦੇ ਭਵਿੱਖ ਵਿੱਚ ਆਪਰੇਸ਼ਨ ਲੋਟਸ ਜਾਂ ਅਸਲ ਵਿਕਾਸ ? ਅੱਜ ਭਾਜਪਾ ਪੰਜਾਬ ਵਿੱਚ ਅਜੇ ਵੀ ਮਜ਼ਬੂਤ ਨਹੀਂ ਹੈ, ਪਰ ਉਹ ਨਵੇਂ ਚਿਹਰੇ ਖਿੱਚ ਰਹੀ ਹੈ - ਜਗਮੀਤ ਬਰਾੜ ਵਰਗੇ ਲੋਕ ਜੁੜ ਰਹੇ ਨੇ। ਹਰਿਆਣਾ ਸੀਐੱਮ ਨਾਇਬ ਦੇ ਵਾਰ-ਵਾਰ ਆਉਣ ਨਾਲ ਲੱਗ ਰਿਹਾ ਹੈ ਕਿ ਭਾਜਪਾ ਗੁਰਦੁਆਰਾ ਰਾਜਨੀਤੀ ਅਤੇ ਓਬੀਸੀ-ਨਾਨ ਜੱਟ ਵੋਟਰਾਂ ਨੂੰ ਟਾਰਗੇਟ ਕਰ ਰਹੀ ਹੈ। ਪਰ ਲੋਕਾਂ ਨੂੰ ਯਾਦ ਹੈ ਕਿ ਭਾਜਪਾ ਨੇ ਕਿਸਾਨ ਅੰਦੋਲਨ ਵਿੱਚ ਕੀ ਭੂਮਿਕਾ ਨਿਭਾਈ ਸੀ। ਜੇ ਉਹ ਗਠਜੋੜ ਕਰਕੇ ਵਾਪਸ ਆਉਂਦੀ ਹੈ ਤਾਂ ਲੋਕ ਫਿਰ ਰੋਸ ਜਾਹਿਰ ਕਰ ਸਕਦੇ ਨੇ।

ਭਾਜਪਾ ਨੂੰ ਅਸਲ ਵਿਕਾਸ ਅਤੇ ਭ੍ਰਿਸ਼ਟਾਚਾਰ ਵਿਰੁੱਧ ਕੰਮ ਕਰਨਾ ਪਵੇਗਾ, ਨਹੀਂ ਤਾਂ ਉਹ ਸਿਰਫ਼ ਆਪਰੇਸ਼ਨ ਲੋਟਸ ਵਰਗੇ ਖੇਡਾਂ ਤੱਕ ਸੀਮਤ ਰਹੇਗੀ।ਕਾਂਗਰਸ ਦਾ ਭਵਿੱਖ: ਅੰਦਰੂਨੀ ਲੜਾਈ ਜਾਂ ਏਕਤਾ ਕਾਂਗਰਸ ਅੱਜ ਸਭ ਤੋਂ ਵੱਧ ਕਮਜ਼ੋਰ ਹੈ। ਰਾਜਾ ਵੜਿੰਗ ਲੀਡਰਸ਼ਿਪ ਕਰ ਰਹੇ ਨੇ, ਪਰ ਅੰਦਰੂਨੀ ਝਗੜੇ ਖਤਮ ਨਹੀਂ ਹੋ ਰਹੇ। ਚਰਨਜੀਤ ਸਿੰਘ ਚੰਨੀ, ਨਵਜੋਤ ਸਿੱਧੂ ਵਰਗੇ ਚਿਹਰੇ ਅਜੇ ਵੀ ਪਾਰਟੀ ਵਿੱਚ ਨਹੀਂ ਜੁੜ ਰਹੇ ਜਾਂ ਅਲੱਗ ਥਲੱਗ ਨੇ। ਲੋਕਾਂ ਨੂੰ ਯਾਦ ਹੈ ਕਿ ਕਾਂਗਰਸ ਨੇ ਵੀ ਡਰੱਗਸ ਅਤੇ ਭ੍ਰਿਸ਼ਟਾਚਾਰ ਵਿੱਚ ਭੂਮਿਕਾ ਨਿਭਾਈ ਸੀ। ਜੇ ਉਹ ਏਕਤਾ ਨਹੀਂ ਬਣਾਉਂਦੇ ਤਾਂ 2027 ਵਿੱਚ ਉਹਨਾਂ ਦਾ ਭਵਿੱਖ ਬਹੁਤ ਅੰਧੇਰਾ ਹੈ।

ਅੱਜ ਸਵਾਲ ਇਹ ਹੈ ਕਿ ਲੋਕਾਂ ਦੀ ਹੋਣੀ ਅਸਲ ਹੈੱਡਲਾਈਨ ਕਦੋਂ ਬਣੇਗੀ ? ਪੰਜਾਬ ਦੇ ਲੋਕ ਅੱਜ ਵੀ ਡਰੱਗਸ ਨਾਲ ਜੂਝ ਰਹੇ ਨੇ, ਨੌਜਵਾਨ ਬੇਰੁਜ਼ਗਾਰ ਨੇ, ਕਿਸਾਨ ਆਤਮਹੱਤਿਆਵਾਂ ਕਰ ਰਹੇ ਨੇ, ਗੈਂਗਸਟਰ ਰਾਜ ਚੱਲ ਰਿਹਾ ਹੈ ਅਤੇ ਭ੍ਰਿਸ਼ਟਾਚਾਰ ਹਰ ਪੱਧਰ 'ਤੇ ਫੈਲਿਆ ਹੋਇਆ ਹੈ।

ਅੱਜ ਇਹਨਾਂ ਮਸਲਿਆਂ 'ਤੇ ਅਸਲ ਹੈੱਡਲਾਈਨ ਬਣਨੀ ਚਾਹੀਦੀ ਹੈ। ਰਾਜਨੀਤੀ ਤਾਂ ਲੋਕਾਂ ਲਈ ਹੈ, ਨੇਤਾਵਾਂ ਲਈ ਨਹੀਂ। ਜੇ ਪਾਰਟੀਆਂ ਨੇ ਅਸਲ ਮਸਲੇ ਹੱਲ ਨਹੀਂ ਕੀਤੇ ਤਾਂ 2027 ਵੀ ਇੱਕ ਹੋਰ ਡਰਾਮਾ ਹੀ ਸਾਬਤ ਹੋਵੇਗਾ। ਲੋਕ ਹੈੱਡਲਾਈਨ ਬਣਨਗੇ ਜਦੋਂ ਉਹ ਆਪਣੇ ਹੱਕਾਂ ਲਈ ਉੱਠ ਖੜੇ ਹੋਣਗੇ ਅਤੇ ਰਾਜਨੀਤੀ ਨੂੰ ਲੋਕਾਂ ਵੱਲ ਮੋੜਨਗੇ। ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਨਵੇਂ ਸੁਪਨੇ ਅਤੇ ਨਵਾਂ ਨੇਤ੍ਰਤਵ ਚਾਹੀਦਾ ਹੈ - ਜੋ ਲੋਕਾਂ ਨਾਲ ਜੁੜੇ ਹੋਣ, ਨਾ ਕਿ ਸੱਤਾ ਨਾਲ।

# ਪੰਜਾਬ ਦੀ ਸਿਆਸਤ 'ਚ ਅਮਰਿੰਦਰ ਸਿੰਘ ਦੀ ਮੁੜ ਗੂੰਜ



ਕਮਲਜੀਤ ਸਿੰਘ ਬਨਵੈਤ
98147 34035

- 2027 ਦੀਆਂ ਚੋਣਾਂ 'ਚ ਮੁੱਖ ਮੰਤਰੀ ਦੀ ਕੁਰਸੀ ਦੀ ਝਾਕ ਰੱਖਣ ਵਾਲੇ ਕਾਂਗਰਸੀਆਂ ਦੇ ਢਿੱਡੀਂ ਸੂਲਾਂ ਪੈਣ ਲੱਗੀਆਂ
- ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਵੱਲੋਂ ਘਰ ਵਾਪਸੀ ਦੀ ਪੇਸ਼ਕਸ਼ ਕਰਨ ਤੋਂ ਬਾਅਦ ਅਮਰਿੰਦਰ ਸਿੰਘ ਦੀ ਪੈਂਠ ਵਧੀ
- ਕੇਂਦਰ ਸਰਕਾਰ ਹੱਥੋਂ ਨਹੀਂ ਛੱਡਦੀ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਲਗਾਮ
- ਸੱਤਾਧਾਰੀਆਂ ਦੀ ਮਨਮਰਜ਼ੀ ਨਾਲ ਈ ਡੀ ਵੱਧਦੀ ਹੈ ਅੱਗੇ, ਹਾਕਮਾਂ ਦੀ ਮਰਜ਼ੀ ਨਾਲ ਹੁੰਦੇ ਨੇ ਕੇਸ ਬੰਦ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਕੈਪਟਨ ਅਮਰਿੰਦਰ ਸਿੰਘ ਦੀਆਂ ਤਾਂ ਧੰਨਾ ਚਾਰਦਾ ਹੈ । ਬਿਨਾਂ ਕੁਝ ਕੀਤਿਆਂ ਕਤਰਿਆਂ ਕੈਪਟਨ ਦੀ ਪੰਜਾਬ ਦੀ ਸਿਆਸਤ ਵਿੱਚ ਮੁੜ ਬੁੱਕਤ ਵਧੀ ਹੈ ।ਦੂਜੇ ਬੰਨੇ ਕਈ ਕਾਂਗਰਸੀਆਂ ਦੇ ਢਿੱਡੀਂ ਸੂਲਾਂ ਪੈਣ ਲੱਗੀਆਂ ਹਨ। ਕੈਪਟਨ ਅਮਰਿੰਦਰ ਸਿੰਘ ਦੀ ਮੁੱਖ ਮੰਤਰੀ ਦੀ ਕੁਰਸੀ ਪਲਟਾਉਣ ਵਿੱਚ ਚਾਹੇ ਨਵਜੋਤ ਸਿੰਘ ਸਿੱਧੂ ਨੇ ਅਹਿਮ ਭੂਮਿਕਾ ਨਿਭਾਈ ਸੀ ਪਰ ਉਸ ਤੋਂ ਬਾਅਦ ਮੁੱਖ ਮੰਤਰੀ ਬਣਨ ਦਾ ਕਿਸੇ ਹੋਰ ਦਾ ਦਾਅ ਲੱਗ ਗਿਆ ਸੀ। ਹੁਣ ਵੀ ਉਹਨਾਂ ਕਾਂਗਰਸੀਆਂ ਨੂੰ ਧੁੜਕੂ ਲੱਗਾ ਹੈ ਜਿਹੜੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਦੀ ਕੁਰਸੀ ਨੂੰ ਹੱਥ ਪਾਉਣ ਦੀ ਕਾਹਲ ਵਿੱਚ ਸਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਦੀ ਪੇਸ਼ਕਸ਼ ਰਾਸ ਆ ਗਈ ਹੈ। ਅਮਰਿੰਦਰ ਸਿੰਘ ਦੇ ਪਰਿਵਾਰ ਵੱਲੋਂ ਕਾਂਗਰਸ ਵਾਪਸੀ ਨੂੰ ਨਿਰੀ ਅਫ਼ਵਾਹ ਦੱਸਿਆ ਜਾ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਆਪਣੀ ਪੂਰੀ ਧਾਂਕ ਜਮਾਈ ਰੱਖੀ । ਕੈਪਟਨ ਅਮਰਿੰਦਰ ਸਿੰਘ ਪੰਜਾਬੀਆਂ ਦੀ ਉਦੋਂ ਜ਼ਿਆਦਾ ਵੱਡੀ ਪਸੰਦ ਬਣੇ ਜਦੋਂ ਉਹਨਾਂ ਨੇ ਬਾਦਲਾਂ ਖ਼ਿਲਾਫ਼ ਖੂੰਡਾ ਖੜਕਾਉਣ ਦੀ ਗੱਲ ਸਟੇਜ ਤੋਂ ਕਹੀ ਸੀ। ਉਸ ਤੋਂ ਬਾਅਦ 2004 ਵਿੱਚ ਪਾਣੀਆਂ ਦੇ ਰਾਖੇ ਵਜੋਂ ਜਾਣੇ ਹੀ ਨਹੀਂ ਗਏ ਸਗੋਂ ਨਾਇਕ ਬਣ ਕੇ ਵੀ ਉਭਰੇ। ਦੁਬਾਰਾ ਮੁੱਖ ਮੰਤਰੀ ਤਾਂ ਬਣੇ ਪਰ ਉਹਨਾਂ ਨੇ ਸਰਕਾਰ ਇੱਕ ਤਰ੍ਹਾਂ ਨਾਲ ਲੀਜ਼ 'ਤੇ ਦੇਈ ਰੱਖੀ। ਉਹਨਾਂ ਉੱਤੇ ਭਾਰਤੀ ਜਨਤਾ ਪਾਰਟੀ ਦੇ ਇਸ਼ਾਰੇ ਉੱਤੇ ਕੰਮ ਕਰਨ ਅਤੇ ਅਕਾਲੀਆਂ ਨਾਲ 70:25 ਦੀ ਖੇਡ ਰਲ ਕੇ ਖੇਡਣ ਦੇ ਦੋਸ਼ ਲੱਗੇ।

ਮੁੱਖ ਮੰਤਰੀ ਦੀ ਕੁਰਸੀ ਹੱਥੋਂ ਛੁੱਟ ਜਾਣ ਤੋਂ ਥੋੜ੍ਹੇ ਸਮੇਂ ਬਾਅਦ ਉਹ ਭਾਰਤੀ ਜਨਤਾ ਪਾਰਟੀ ਦੇ ਬੇੜੇ ਵਿੱਚ ਜਾ ਸਵਾਰ ਹੋਏ। ਉਹਨਾਂ ਨੂੰ ਗਵਰਨਰ ਲਾਏ ਜਾਣ ਦੀਆਂ ਕਨਸੋਆਂ ਹੀ ਨਹੀਂ ਸਨ ਸਗੋਂ ਕਈ ਵਾਰ ਤਾਂ ਖਬਰਾਂ ਮੀਡੀਆ ਉਤੇ ਵੀ ਨਸ਼ਰ ਹੋਈਆਂ ਪਰ ਹਾਲੇ ਤੱਕ ਉਹਨਾਂ ਦੀ ਝੋਲੀ ਕੋਈ ਸੰਵਿਧਾਨ ਤਾਂ ਨਹੀਂ ਪਿਆ ਹੈ। ਉਹਨਾਂ ਦੀ ਬੇਟੀ ਜੈ ਇੰਦਰ ਕੌਰ ਪੰਜਾਬ ਭਾਜਪਾ ਇਸਤਰੀ ਵਿੰਗ ਦੀ ਪ੍ਰਧਾਨ ਹੈ। ਉਹਨਾਂ ਦੀ ਪਤਨੀ ਅਤੇ ਸਾਬਕਾ ਕੇਂਦਰੀ ਰਾਜ ਮੰਤਰੀ ਹਾਲੇ ਇੱਕ ਵਰਕਰ ਵਜੋਂ ਹੀ ਪਾਰਟੀ ਲਈ ਕੰਮ ਕਰ ਰਹੇ ਹਨ।

ਪਿੱਛੇ ਜਿਹੇ ਭਾਰਤੀ ਜਨਤਾ ਪਾਰਟੀ ਉਹਨਾਂ ਨੂੰ ਆਪਣੀ ਬੁੱਕ 'ਚ ਪੈਂਦੀ ਨਾ ਲੱਗੀ ਤਾਂ ਉਹਨਾਂ ਨੇ ਕਈ ਮੀਡੀਆ ਇੰਟਰਵਿਊ ਵਿੱਚ ਸਿੱਧੇ ਤੌਰ 'ਤੇ ਭਾਰਤੀ ਜਨਤਾ ਪਾਰਟੀ ਦੀ ਅਲੋਚਨਾ ਕੀਤੀ। ਭਾਰਤੀ ਜਨਤਾ ਪਾਰਟੀ ਅਤੇ ਕੈਪਟਨ ਅਮਰਿੰਦਰ ਵਿੱਚ ਦੂਰੀ ਦੀਆਂ ਚਰਚਾਵਾਂ ਨੂੰ ਉਦੋਂ ਠੱਲ ਪੈ ਗਈ ਜਦੋਂ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੇਰਾ ਬੱਲਾਂ ਦੀ ਫੇਰੀ ਸਮੇਂ ਉਸ ਨੂੰ ਕਲਾਵੇ ਵਿੱਚ ਲਿਆ।

ਹੁਣ ਜਦੋਂ ਉਹ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਗੋਡਿਆਂ ਦਾ ਆਪਰੇਸ਼ਨ ਕਰਾਉਣ ਲਈ ਦਾਖ਼ਲ ਹਨ ਤਾਂ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਉਹਨਾਂ ਨੂੰ ਸੰਮਨ ਭੇਜ ਦਿੱਤਾ ਗਿਆ । ਉਹਨਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਵੀ ਤਲਬ ਕੀਤਾ ਗਿਆ। ਇਸ ਦੌਰਾਨ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਪੇਸ਼ਕਸ਼ ਕੀਤੀ ਕਿ ਜੇ ਅਮਰਿੰਦਰ ਸਿੰਘ ਮੁੜ ਕਾਂਗਰਸ ਜਾਣਾ ਚਾਹੁੰਦੇ ਹਨ ਤਾਂ ਹਾਈਕਮਾਨ ਵਿਚਾਰ ਕਰ ਸਕਦੀ ਹੈ। ਇਸ ਬਿਆਨ ਨੇ ਪੰਜਾਬ ਕਾਂਗਰਸ ਵਿਚਲੇ ਉਹਨਾਂ ਆਗੂਆਂ ਨੂੰ ਧੁੜਕੂ ਲਾ ਦਿੱਤਾ ਜੋ ਮੁੱਖ ਮੰਤਰੀ ਦੀ ਕੁਰਸੀ ਦੀ ਝਾਕ ਲਾਈ ਬੈਠੇ ਸਨ । ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਸਮੇਤ ਕਈ ਹੋਰ ਲੀਡਰ ਉਹਨਾਂ ਦਾ ਹਸਪਤਾਲ ਵਿੱਚ ਇਲਾਜ ਪੁੱਛਣ ਲਈ ਗਏ ।ਜਿੱਥੋਂ ਤੱਕ ਹਰਿਆਣਾ ਦੇ ਕੈਬਨਿਟ ਮੰਤਰੀ ਅਨਿਲ ਵਿੱਜ ਵੀ ਪਤਾ ਲੈਣ ਲਈ ਪੁੱਜੇ।

ਕੈਪਟਨ ਅਮਰਿੰਦਰ ਸਿੰਘ ਨੂੰ ਸੰਮਨ ਭੇਜਣ ਵਾਲੇ ਈਡੀ ਦੇ ਅਧਿਕਾਰੀ ਨੂੰ ਬਦਲ ਦਿੱਤਾ ਗਿਆ ਹੈ ਪਰ ਉਹ ਸੂਬੇ ਦੀ ਸਿਆਸਤ ਵਿੱਚ ਚਰਚਾ ਦਾ ਕੇਂਦਰ ਬਣ ਗਏ ਹਨ। ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਨਿਸ਼ਾਨੇ ਉੱਤੇ ਲੈਣਾ ਸ਼ੁਰੂ ਕਰ ਦਿੱਤਾ ਹੈ। ਆਪ ਦੇ ਆਗੂਆਂ ਦਾ ਕਹਿਣਾ ਹੈ ਕਿ ਜਿਸ ਅਮਰਿੰਦਰ ਸਿੰਘ ਨੂੰ ਕਾਂਗਰਸ ਦੇ ਪੱਤਣ ਲਈ ਦੋਸ਼ੀ ਠਹਿਰਾਇਆ ਜਾ ਰਿਹਾ ਸੀ ਹੁਣ ਉਹਨਾਂ ਦਾ ਸਵਾਗਤ ਕਰਨ ਲਈ ਕਾਹਲੇ ਪੈ ਗਏ ਹਨ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਰੈਲੀ ਵਿੱਚ ਗੁਟਕੇ 'ਤੇ ਹੱਥ ਰੱਖ ਕੇ ਸੌ ਚੁੱਕੀ ਸੀ ਅਤੇ ਚਾਰ ਹਫਤਿਆਂ ਵਿੱਚ ਨਸ਼ਿਆਂ ਦਾ ਲੱਕ ਤੋੜਨ ਦੀ ਗੱਲ ਕਹੀ ਸੀ। ਕੈਪਟਨ ਅਮਰਿੰਦਰ ਦੇ ਇਸ ਵਾਅਦੇ ਕਰਕੇ ਪੰਜਾਬ ਕਾਂਗਰਸ ਨੂੰ ਅਕਸਰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਬਦਲਾਅ ਦੀ ਹਨੇਰੀ ਝੁੱਲੀ ਤਾਂ ਉਹ ਟਕਸਾਲੀ ਅਕਾਲੀ ਪਰਿਵਾਰ ਦੇ ਫਰਜ਼ੰਦ ਅਤੇ ਆਪ ਦੇ ਨਵੇਂ ਚਿਹਰੇ ਅਜੀਤਪਾਲ ਸਿੰਘ ਕੋਹਲੀ ਤੋਂ ਹਾਰ ਗਏ ।ਆਮ ਆਦਮੀ ਪਾਰਟੀ ਦੇ ਬਦਲਾਅ ਦੀ ਹਨੇਰੀ ਦੇ ਚਲਦਿਆਂ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੀ ਹਾਰ ਹੋਈ ਸੀ।

ਕੈਪਟਨ ਅਮਰਿੰਦਰ ਨੂੰ ਈਡੀ ਵੱਲੋਂ ਤਲਬ ਕਰਨ ਦੇ ਮਾਮਲੇ ਦੀ ਗੱਲ ਕਰੀਏ ਤਾਂ ਸੰਮਨ ਭੇਜਣ ਵਾਲੇ ਵਧੀਕ ਡਾਇਰੈਕਟਰ ਰਵੀ ਤਿਵਾੜੀ ਦੀ ਬਦਲੀ ਕਰ ਦਿੱਤੀ ਗਈ ਹੈ। ਹੁਣ ਉਸਦੀ ਥਾਂ ਵਧੀਕ ਨਿਰਦੇਸ਼ਕ ਵਜੋਂ ਜਲੰਧਰ ਵਿੱਚ ਦਿਨੇਸ਼ ਪਰਚੁਰੀ ਦੀ ਤਾਇਨਾਤੀ ਕੀਤੀ ਗਈ ਹੈ। ਉਹਨਾਂ ਨੂੰ ਚੇਨਈ ਭੇਜਿਆ ਗਿਆ ਹੈ। ਅਧਿਕਾਰੀ ਭਾਵੇਂ ਇਸ ਨੂੰ ਰੂਟੀਨ ਦੀ ਬਦਲੀ ਦੱਸ ਰਹੇ ਹਨ ਪਰ ਕੈਪਟਨ ਅਮਰਿੰਦਰ ਤੇ ਉਹਨਾਂ ਦੇ ਫਰਜ਼ੰਦ ਰਣਇੰਦਰ ਸਿੰਘ ਨੂੰ ਸੰਮਨ ਭੇਜਣ ਤੋਂ ਜਲਦ ਬਾਅਦ ਹੋਈ ਬਦਲੀ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰਦੀ ਹੈ।

ਪਿਓ-ਪੁੱਤ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਵਿਦੇਸ਼ੀ ਮੁਦਰਾ ਪ੍ਰਬੰਧਨ ਇੱਕ ਕਥਿਤ ਉਲੰਘਣਾ ਦੇ ਮਾਮਲੇ ਵਿੱਚ 12 ਫਰਵਰੀ ਲਈ ਤਲਬ ਕੀਤਾ ਗਿਆ ਸੀ । ਦੋਵੇਂ ਪਿਓ ਪੁੱਤ ਈਡੀ ਕੋਲ ਪੇਸ਼ ਨਹੀਂ ਹੋਏ। ਹੁਣ ਜਿੱਥੇ ਦੱਸਣਾ ਜ਼ਰੂਰੀ ਹੋਵੇਗਾ ਕਿ ਦੋਹਾਂ ਨੂੰ ਸੰਮਨ ਅਦਾਲਤ ਦੇ ਹੱਥਾਂ ਉੱਤੇ ਕੀਤਾ ਗਿਆ ਸੀ। ਈਡੀ ਪਹਿਲਾਂ ਵੀ ਰਣਇੰਦਰ ਸਿੰਘ ਤੋਂ ਸਵਿੱਟਜ਼ਰਲੈਂਡ ਵਿੱਚ ਫੰਡਾਂ ਦੀ ਕਥਿਤ ਹੇਰਾ ਫੇਰੀ ਅਤੇ ਜੈਕਾਰੰਡਾ ਟਰੱਸਟ ਦੇ ਗਠਨ ਨੂੰ ਲੈ ਕੇ ਪੁੱਛ ਪੜਤਾਲ ਕਰ ਚੁੱਕੀ ਹੈ।

ਈਡੀ ਵੱਲੋਂ ਕਿਸੇ ਸਿਆਸਤਦਾਨ ਜਾਂ ਕਿਸੇ ਹੋਰ ਨੂੰ ਹਵਾਲਾ ਦੇ ਕੇਸ ਵਿੱਚ ਪਹਿਲਾਂ ਤਲਬ ਕਰਨਾ ਅਤੇ ਫਿਰ ਪਿੱਛੇ ਹੱਟ ਜਾਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਵੇਲੇ ਸੀਬੀਆਈ ਨੂੰ ਪਿੰਜਰੇ ਦਾ ਤੋਤਾ ਕਿਹਾ ਜਾਂਦਾ ਸੀ। ਈਡੀ ਹੋਵੇ ਸੀਬੀਆਈ ਜਾਂ ਵਿਜੀਲੈਂਸ ਇਹਨਾਂ ਏਜੰਸੀਆਂ ਉੱਤੇ ਸਰਕਾਰੀ ਇਸ਼ਾਰੇ ਉੱਤੇ ਕੰਮ ਕਰਨ ਦੇ ਦੋਸ਼ ਲੱਗਦੇ ਹਨ। ਈਡੀ ਦੇ ਸੇਵਾ ਮੁਕਤ ਵੱਡੇ ਅਧਿਕਾਰੀ ਦਾ ਕਹਿਣਾ ਹੈ ਕਿ ਏਜੰਸੀਆਂ ਨੂੰ ਸਰਕਾਰਾਂ ਦੇ ਇਸ਼ਾਰੇ 'ਤੇ ਚੱਲਣਾ ਪੈਂਦਾ ਹੈ ਅਤੇ ਕਈ ਵਾਰ ਕੰਮ ਰੋਕਣਾ ਵੀ ਪੈਂਦਾ ਹੈ।ਬੜੀ ਵਾਰ ਇੰਝ ਵੀ ਹੋਇਆ ਹੈ ਕਿ ਸਰਕਾਰਾਂ ਚੋਣਾਂ ਤੱਕ ਕਾਰਵਾਈ ਲਮਕਾਉਣ ਦਾ ਇਸ਼ਾਰਾ ਵੀ ਕਰ ਦਿੰਦੀਆਂ ਰਹੀਆਂ ਹਨ।

ਇਸ ਅਧਿਕਾਰੀ ਦਾ ਇਹ ਵੀ ਕਹਿਣਾ ਹੈ ਕਿ ਫੇਮਾਂ ਲਾਗੂ ਹੋਣ ਤੋਂ ਬਾਅਦ ਸਰਕਾਰੀ ਏਜੰਸੀਆਂ ਦੇ ਹੱਥ ਕਾਫ਼ੀ ਹੱਦ ਤੱਕ ਬੰਨੇ ਗਏ ਹਨ। ਸਰਕਾਰੀ ਏਜੰਸੀਆਂ ਨੇ ਆਪਣਾ ਭਰੋਸਾ ਗਵਾ ਲਿਆ ਤਾਂ ਸਿਆਸੀ ਲੀਡਰਾਂ ਦੀਆਂ ਹੋਰ ਵੀ ਮੌਜਾਂ ਹੋ ਜਾਣਗੀਆਂ। ਭਾਰਤੀ ਜਨਤਾ ਪਾਰਟੀ ਨੇ ਸਵਿੱਟਜ਼ਰਲੈਂਡ ਤੋਂ ਕਾਲਾ ਧਨ ਮੰਗਵਾਉਣ ਦਾ ਵਾਅਦਾ ਕਰਕੇ ਸਰਕਾਰ ਬਣਾਈ ਸੀ। ਉਦੋਂ ਲੋਕ ਪਲੋਸ ਲਏ ਗਏ। ਪਰ ਬਾਅਦ ਵਿੱਚ ਸਰਕਾਰ ਦਾ ਇਹ ਭਰੋਸਾ ਹੋਰ ਵਾਅਦਿਆਂ ਦੀ ਤਰ੍ਹਾਂ ਲਾਰਿਆਂ ਵਿੱਚ ਬਦਲ ਗਿਆ। ਰਾਜਨੀਤਿਕ ਪਾਰਟੀਆਂ ਨੇ ਵੋਟਰਾਂ ਨੂੰ ਤਲੀ 'ਤੇ ਚੋਗ ਚੁਗਾਉਣ ਦੀ ਚਾਟ ਉੱਤੇ ਲਾ ਲਿਆ ਹੈ, ਜਿਹੜਾ ਕਿ ਸਮਾਜ ਤੇ ਮੁਲਕ ਦੇ ਹੱਕ ਵਿੱਚ ਨਹੀਂ ਹੈ।



ਵਿੰਕਲਜੀਤ ਸਿੰਘ ਸਰਾ
9501477889

## ਭਾਰਤੀ ਲੋਕਤੰਤਰ ਦੀ ਸ਼ੁੱਧੀ ਦਾ ਹੱਲ

# ਨੇਤਾਵਾਂ ਨੂੰ ਅਹੁਦੇ ਤੋਂ ਹਟਾਉਣ ਦਾ ਅਧਿਕਾਰ 'Right to Recall' ਦੀ ਹੈ ਮੁੱਖ ਲੋੜ ?

**ਆਜ਼ਾਦੀ ਦੇ 78 ਸਾਲਾਂ ਬਾਅਦ ਵੀ ਬੇਵੱਸ ਵੋਟਰ** : ਭਾਰਤ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਿਹਾ ਜਾਂਦਾ ਹੈ ਪਰ ਕੀ ਇਹ ਸੱਚਮੁੱਚ ਲੋਕਾਂ ਦਾ ਸ਼ਾਸਨ ਹੈ ? ਅਸਲੀਅਤ ਇਹ ਹੈ ਕਿ ਚੋਣਾਂ ਤੋਂ ਬਾਅਦ ਇਹ ਨੇਤਾਵਾਂ ਦਾ ਸ਼ਾਸਨ ਬਣ ਕੇ ਰਹਿ ਜਾਂਦਾ ਹੈ । ਵੋਟਰ ਦੀ ਹਸਤੀ ਸਿਰਫ਼ ਵੋਟ ਪਾਉਣ ਤੱਕ ਸੀਮਤ ਹੈ। ਇੱਕ ਵਾਰ ਜਦੋਂ ਕੋਈ ਨੇਤਾ ਜਿੱਤ ਕੇ ਵਿਧਾਨ ਸਭਾ ਜਾਂ ਸੰਸਦ ਵਿੱਚ ਪਹੁੰਚ ਜਾਂਦਾ ਹੈ ਤਾਂ ਉਹ ਅਗਲੇ ਪੰਜ ਸਾਲਾਂ ਲਈ ਜਨਤਾ ਦੀ ਪਹੁੰਚ ਤੋਂ ਬਾਹਰ ਹੋ ਜਾਂਦਾ ਹੈ। ਉਹ ਆਪਣੀ ਮਰਜ਼ੀ ਨਾਲ ਪਾਰਟੀਆਂ ਬਦਲਦਾ ਹੈ, ਭ੍ਰਿਸ਼ਟਾਚਾਰ ਕਰਦਾ ਹੈ ਅਤੇ ਜਨਤਾ ਦੇ ਬੁਨਿਆਦੀ ਮੁੱਦਿਆਂ ਨੂੰ ਅੱਖੋਂ-ਪਰੋਖੇ ਕਰਦਾ ਹੈ।

ਅਜੋਕੇ ਸਮੇਂ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਜੇਕਰ ਅਸੀਂ ਇੱਕ ਨਾਕਾਮ ਮੁਲਾਜ਼ਮ ਨੂੰ ਨੌਕਰੀ ਤੋਂ ਕੱਢ ਸਕਦੇ ਹਾਂ ਤਾਂ ਦੇਸ਼ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਸਿਆਸਤਦਾਨਾਂ ਨੂੰ ਵਿਚਕਾਰੋਂ ਹੀ ਅਹੁਦੇ ਤੋਂ ਹਟਾਉਣ ਅਤੇ ਸਿਆਸਤ ਵਿੱਚੋਂ ਬਾਹਰ ਕੱਢਣ ਦਾ ਹੱਕ ਸਾਡੇ ਕੋਲ ਕਿਉਂ ਨਹੀਂ ? 'Right to Recall' ਕੇਵਲ ਇੱਕ ਅਧਿਕਾਰ ਨਹੀਂ ਸਗੋਂ ਇਹ ਲੋਕਤੰਤਰ ਨੂੰ ਵਪਾਰ ਬਣਨ ਤੋਂ ਰੋਕਣ ਦਾ ਅੰਤਿਮ ਹਥਿਆਰ ਹੈ। ਸਾਨੂੰ ਇੱਕ ਅਜਿਹਾ ਸਖ਼ਤ ਕਾਨੂੰਨ ਚਾਹੀਦਾ ਹੈ ਜੋ ਨਾ ਸਿਰਫ਼ ਨਾਕਾਮ ਨੇਤਾ ਨੂੰ ਕੁਰਸੀ ਤੋਂ ਲਾਹੇ, ਸਗੋਂ ਉਸਦੀ ਥਾਂ ਹੋਣ ਵਾਲੀ ਨਵੀਂ ਚੋਣ ਦਾ ਸਾਰਾ ਖਰਚਾ ਵੀ ਉਸੇ ਕੱਢੇ ਗਏ ਨੇਤਾ ਦੀ ਜਾਇਦਾਦ ਵਿੱਚੋਂ ਵਸੂਲ ਕਰੇ।

**ਨੇਤਾਵਾਂ ਵਿੱਚ ਕੁਰਸੀ ਖੁੱਸਣ ਅਤੇ ਆਰਥਿਕ ਸਜ਼ਾ ਦਾ ਡਰ** : ਅੱਜ ਦੀ ਰਾਜਨੀਤੀ ਵਿੱਚ ਜਵਾਬਦੇਹੀ ਦੀ ਕਮੀ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਨੇਤਾਵਾਂ ਨੂੰ ਪਤਾ ਹੈ ਕਿ ਇੱਕ ਵਾਰ ਕੁਰਸੀ ਮਿਲ ਗਈ ਤਾਂ ਪੰਜ ਸਾਲ ਤੱਕ ਕੋਈ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਉਹ ਜਾਣਦੇ ਹਨ ਕਿ ਅਦਾਲਤੀ ਕੇਸਾਂ ਦੇ ਫੈਸਲੇ ਆਉਣ ਵਿੱਚ ਦਹਾਕੇ ਲੱਗ ਜਾਂਦੇ ਹਨ। ਜੇਕਰ ਸੰਵਿਧਾਨ ਵਿੱਚ ਇਹ ਵਿਵਸਥਾ ਹੋਵੇ ਕਿ ਜਨਤਾ ਉਸਨੂੰ ਵਿਚਕਾਰੋਂ ਹੀ ਅਹੁਦੇ ਤੋਂ ਬਰਖਾਸਤ ਕਰ ਸਕਦੀ ਹੈ ਤਾਂ ਨੇਤਾਵਾਂ ਦਾ ਹੰਕਾਰ ਆਪਣੇ ਆਪ ਟੁੱਟ ਜਾਵੇਗਾ। ਇਸ ਤੋਂ ਵੀ ਅੱਗੇ ਜਦੋਂ ਨੇਤਾ ਨੂੰ ਇਹ ਪਤਾ ਹੋਵੇਗਾ ਕਿ ਜੇਕਰ ਉਹ ਕੱਢਿਆ ਗਿਆ ਤਾਂ ਨਵੀਂ ਚੋਣ ਕਰਵਾਉਣ ਦਾ ਕਰੋੜਾਂ ਰੁਪਏ ਦਾ ਖਰਚਾ ਉਸਨੂੰ ਆਪਣੀ ਜੇਬ੍ਹ ਵਿੱਚੋਂ ਭਰਨਾ ਪਵੇਗਾ ਤਾਂ ਉਹ ਕਦੇ ਵੀ ਭ੍ਰਿਸ਼ਟਾਚਾਰ ਜਾਂ ਵਾਅਦਾ-ਖਿਲਾਫੀ ਕਰਨ ਦੀ ਹਿੰਮਤ ਨਹੀਂ ਕਰੇਗਾ। ਇਹ ਡਰ ਹੀ ਨੇਤਾਵਾਂ ਨੂੰ ਸ਼ਾਸਕ ਦੀ ਬਜਾਏ ਸੱਚਾ ਸੇਵਾਦਾਰ ਬਣਾ ਸਕਦਾ ਹੈ।

**ਦਲ-ਬਦਲੀ, ਵੋਟਰ ਦੇ ਭਰੋਸੇ ਦਾ ਕਤਲ** : ਭਾਰਤ ਵਿੱਚ ਦਲ-ਬਦਲੂ ਰਾਜਨੀਤੀ ਨੇ ਲੋਕਤੰਤਰ ਦਾ ਮਜ਼ਾਕ ਉਡਾ ਕੇ ਰੱਖ ਦਿੱਤਾ ਹੈ। ਨੇਤਾ ਇੱਕ ਪਾਰਟੀ ਦੀ ਵਿਚਾਰਧਾਰਾ 'ਤੇ ਵੋਟਾਂ ਲੈਂਦੇ ਹਨ ਪਰ ਜਿੱਤਣ ਤੋਂ ਬਾਅਦ ਨਿੱਜੀ ਸੁਆਰਥ, ਪੈਸੇ ਦੇ ਲਾਲਚ ਜਾਂ ਮੰਤਰੀ ਪਦ ਦੀ ਭੁੱਖ ਵਿੱਚ ਆਪਣੀ ਵਫ਼ਾਦਾਰੀ ਵੇਚ ਦਿੰਦੇ ਹਨ।

**ਤੁਰੰਤ ਬਰਖਾਸਤਗੀ ਅਤੇ ਖਰਚਾ ਵਸੂਲੀ**: ਮੌਜੂਦਾ ਦਲ-ਬਦਲ ਵਿਰੋਧੀ ਕਾਨੂੰਨ ਬਹੁਤ ਕਮਜ਼ੋਰ ਹੈ। ਸਾਨੂੰ ਅਜਿਹੇ ਕਾਨੂੰਨ ਦੀ ਲੋੜ ਹੈ ਕਿ ਜਿਵੇਂ ਹੀ ਕੋਈ ਨੇਤਾ ਪਾਰਟੀ ਬਦਲੇ ਜਾਂ ਜਨਤਕ ਫਤਵੇ ਨਾਲ ਧੋਖਾ ਕਰੇ, ਉਸਨੂੰ ਤੁਰੰਤ ਸਿਆਸਤ ਵਿੱਚੋਂ ਬਾਹਰ ਕੱਢ ਦਿੱਤਾ ਜਾਵੇ। ਅਜਿਹੇ ਧੋਖੇਬਾਜ਼ ਨੇਤਾਵਾਂ ਕਾਰਨ ਹੋਣ ਵਾਲੀਆਂ ਦੁਬਾਰਾ ਚੋਣਾਂ ਦਾ ਭਾਰ ਦੇਸ਼ ਦੇ ਖ਼ਜ਼ਾਨੇ ਜਾਂ ਜਨਤਾ ਦੇ ਟੈਕਸ 'ਤੇ ਨਹੀਂ ਪੈਣਾ ਚਾਹੀਦਾ; ਇਸਦਾ ਸਾਰਾ ਖਰਚਾ ਉਸੇ ਨੇਤਾ ਦੀ ਨਿੱਜੀ ਸੰਪਤੀ ਨੂੰ ਕੁਰਕ ਕਰਕੇ ਵਸੂਲਿਆ ਜਾਣਾ ਚਾਹੀਦਾ ਹੈ। ਜੇਕਰ ਕਿਸੇ ਕੰਪਨੀ ਦਾ ਡਾਇਰੈਕਟਰ ਕੰਪਨੀ ਦੇ ਹਿੱਤਾਂ ਦੇ ਖਿਲਾਫ਼ ਕੰਮ ਕਰਦਾ ਹੈ ਤਾਂ ਉਸਨੂੰ ਹਰਜਾਨਾ ਭਰਨਾ ਪੈਂਦਾ ਹੈ ਰਾਜਨੀਤੀ ਵਿੱਚ ਇਹ ਨਿਯਮ ਕਿਉਂ ਨਹੀਂ ?

**ਭ੍ਰਿਸ਼ਟਾਚਾਰ ਅਤੇ ਨਾਕਾਮੀ 'ਤੇ ਸਿੱਧੀ ਲਗਾਮ** : ਅਕਸਰ ਵੇਖਿਆ ਜਾਂਦਾ ਹੈ ਕਿ ਨੇਤਾ ਚੋਣਾਂ ਜਿੱਤਣ ਤੋਂ ਬਾਅਦ ਆਪਣੇ ਹਲਕੇ ਦੇ ਵਿਕਾਸ ਕਾਰਜਾਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੰਦੇ ਹਨ। ਸਰਕਾਰੀ ਫੰਡਾਂ ਦੀ ਦੁਰਵਰਤੋਂ ਹੁੰਦੀ ਹੈ ਅਤੇ ਘਪਲੇ ਆਮ ਗੱਲ ਬਣ ਚੁੱਕੀ ਹੈ।

**ਕੰਮ ਨਹੀਂ ਤਾਂ ਕੁਰਸੀ ਨਹੀਂ**: ਜੇਕਰ ਕੋਈ ਨੇਤਾ ਆਪਣੇ ਹਲਕੇ ਵਿੱਚ ਸਕੂਲ, ਹਸਪਤਾਲ ਜਾਂ ਬੁਨਿਆਦੀ ਸਹੂਲਤਾਂ ਦੇਣ ਵਿੱਚ ਨਾਕਾਮ ਰਹਿੰਦਾ ਹੈ ਤਾਂ ਜਨਤਾ ਕੋਲ ਇਹ ਸ਼ਕਤੀ ਹੋਣੀ ਚਾਹੀਦੀ ਹੈ ਕਿ ਉਹ ਅਗਲੀ ਚੋਣ ਦੀ ਉਡੀਕ ਕਰਨ ਦੀ ਬਜਾਏ ਉਸਨੂੰ ਵਿਚਕਾਰੋਂ ਹੀ ਬਾਹਰ ਦਾ ਰਸਤਾ ਦਿਖਾ ਸਕੇ।

**ਆਰਥਿਕ ਜੁਰਮਾਨਾ**: ਜਦੋਂ ਕਿਸੇ ਨੁਮਾਇੰਦੇ ਨੂੰ ਪਤਾ ਹੋਵੇਗਾ ਕਿ ਉਸਦੀ ਨਾਕਾਮੀ ਕਾਰਨ ਹੋਣ ਵਾਲੀ ਉਪ-ਚੋਣ ਦਾ ਖਰਚਾ, ਉਸਨੂੰ ਖੁਦ ਭਰਨਾ



ਪਵੇਗਾ ਤਾਂ ਉਹ ਦਿਨ-ਰਾਤ ਜਨਤਾ ਦੀ ਸੇਵਾ ਵਿੱਚ ਲੱਗਿਆ ਰਹੇਗਾ। ਇਹ ਪ੍ਰਣਾਲੀ ਰਾਜਨੀਤੀ ਵਿੱਚੋਂ ਵਪਾਰੀਆਂ ਨੂੰ ਬਾਹਰ ਕੱਢ ਕੇ ਸਿਰਫ਼ ਕੰਮ ਕਰਨ ਵਾਲਿਆਂਨੂੰ ਹੀ ਟਿਕਣ ਦੇਵੇਗੀ।

**ਵਿਸ਼ਵਵਿਆਪੀ ਮਿਸਾਲਾਂ, ਜਿੱਥੇ ਜਨਤਾ ਸੱਚਮੁੱਚ ਤਾਕਤਵਰ ਹੈ** : ਦੁਨੀਆ ਦੇ ਕਈ ਵਿਕਸਿਤ ਦੇਸ਼ਾਂ ਨੇ ਰਿਕਾਲ ਦੀ ਸ਼ਕਤੀ ਨੂੰ ਪਛਾਣਿਆ ਹੈ।

**ਅਮਰੀਕਾ (USA)**: ਅਮਰੀਕਾ ਦੇ ਕਈ ਰਾਜਾਂ ਵਿੱਚ ਲੋਕਾਂ ਨੇ ਇਸ ਹੱਕ ਦੀ ਵਰਤੋਂ ਕਰਕੇ ਵੱਡੇ-ਵੱਡੇ ਗਵਰਨਰਾਂ ਤੱਕ ਨੂੰ ਅਹੁਦੇ ਤੋਂ ਹਟਾਇਆ ਹੈ।

**ਸਵਿਟਜ਼ਰਲੈਂਡ**: ਇੱਥੇ ਸਿੱਧਾ ਲੋਕਤੰਤਰ ਹੈ। ਜਨਤਾ ਸਿਰਫ਼ ਨੇਤਾਵਾਂ ਨੂੰ ਹੀ ਨਹੀਂ, ਸਗੋਂ ਸਰਕਾਰ ਦੇ ਫੈਸਲਿਆਂ ਨੂੰ ਵੀ ਚੁਣੌਤੀ ਦੇ ਸਕਦੀ ਹੈ।

**ਕੈਨੇਡਾ**: ਬ੍ਰਿਟਿਸ਼ ਕੋਲੰਬੀਆ ਵਿੱਚ ਨੇਤਾਵਾਂ ਨੂੰ ਹਟਾਉਣ ਦੀ ਪ੍ਰਕਿਰਿਆ ਮੌਜੂਦ ਹੈ ਜੋ ਉਨ੍ਹਾਂ ਨੂੰ ਜਨਤਾ ਪ੍ਰਤੀ ਜਵਾਬਦੇਹ ਬਣਾਉਂਦੀ ਹੈ। ਭਾਰਤ ਵਿੱਚ ਵੀ ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਵਿੱਚ ਪੰਚਾਇਤ ਪੱਧਰ 'ਤੇ ਅਜਿਹੇ ਕਾਨੂੰਨ ਸਫਲਤਾਪੂਰਵਕ ਚੱਲ ਰਹੇ ਹਨ। ਜੇਕਰ ਇੱਕ ਸਰਪੰਚ ਨੂੰ ਉਸਦੀ ਮਾੜੀ ਕਾਰਗੁਜ਼ਾਰੀ ਕਾਰਨ ਹਟਾਇਆ ਜਾ ਸਕਦਾ ਹੈ ਤਾਂ ਐਮ.ਪੀ. ਅਤੇ ਐਮ.ਐਲ.ਏ. ਨੂੰ ਇਹ ਵੀ.ਆਈ.ਪੀ. ਸੁਰੱਖਿਆ ਕਿਉਂ ਮਿਲੀ ਹੋਈ ਹੈ? ਕੀ ਉਹ ਜਨਤਾ ਦੇ ਪੈਸੇ ਤੋਂ ਉੱਪਰ ਹਨ ?

**ਚੋਣ ਖਰਚਾ ਵਸੂਲਣ ਦੀ ਤਰਕਸੰਗਤਤਾ** : ਬਹੁਤ ਸਾਰੇ ਲੋਕ ਸਵਾਲ ਕਰਦੇ ਹਨ ਕਿ ਚੋਣਾਂ ਦਾ ਖਰਚਾ ਇੱਕ ਨੇਤਾ ਕਿਵੇਂ ਭਰ ਸਕਦਾ ਹੈ ? ਇਸਦਾ ਜਵਾਬ ਬਹੁਤ ਸਰਲ ਹੈ ਜਿਹੜੇ ਨੇਤਾ ਚੋਣਾਂ ਲੜਨ ਲਈ ਕਰੋੜਾਂ ਰੁਪਏ ਖਰਚ ਕਰਦੇ ਹਨ ਅਤੇ ਜਿੱਤਣ ਤੋਂ ਬਾਅਦ ਅਰਬਾਂ ਦੀ ਜਾਇਦਾਦ ਬਣਾ ਲੈਂਦੇ ਹਨ, ਉਨ੍ਹਾਂ ਕੋਲ ਚੋਣ ਖਰਚਾ ਭਰਨ ਦੀ ਸਮਰੱਥਾ ਵੀ ਹੁੰਦੀ ਹੈ।

**ਜਨਤਾ ਦੇ ਪੈਸੇ ਦੀ ਸੁਰੱਖਿਆ**: ਇੱਕ ਨੇਤਾ ਦੀ ਬੇਈਮਾਨੀ ਕਾਰਨ ਦੁਬਾਰਾ ਚੋਣ ਹੋਣੀ ਜਨਤਾ ਦੇ ਟੈਕਸ ਦੀ ਬਰਬਾਦੀ ਹੈ। ਇਹ ਪੈਸਾ ਨੇਤਾ ਦੀ ਨਿੱਜੀ ਸੰਪਤੀ ਨੂੰ ਕੁਰਕ ਕਰਕੇ ਵਸੂਲਿਆ ਜਾਣਾ ਚਾਹੀਦਾ ਹੈ।

**ਸਿਆਸੀ ਗੰਦਗੀ ਦੀ ਸਫਾਈ**: ਜਦੋਂ ਰਾਜਨੀਤੀ ਵਿੱਚੋਂ ਮੁਨਾਫ਼ਾ ਖਤਮ ਹੋ ਜਾਵੇਗਾ ਅਤੇ ਜ਼ਿੰਮੇਵਾਰੀ ਵੱਧ ਜਾਵੇਗੀ ਤਾਂ ਸਿਰਫ਼ ਸੱਚੇ ਸੇਵਾਦਾਰ ਹੀ ਰਾਜਨੀਤੀ ਵਿੱਚ ਆਉਣਗੇ।

**ਮਿਸਾਲੀ ਸਜ਼ਾ**: ਇਹ ਕਾਨੂੰਨ ਇੱਕ ਮਿਸਾਲ ਬਣੇਗਾ ਕਿ ਲੋਕਤੰਤਰ ਨਾਲ ਖਿਲਵਾੜ ਕਰਨ ਦੀ ਕੀਮਤ ਬਹੁਤ ਮਹਿੰਗੀ ਪੈਂਦੀ ਹੈ।

**ਲਾਗੂ ਕਰਨ ਲਈ ਠੋਸ ਸੁਝਾਅ : ਸਾਨੂੰ ਇੱਕ ਅਜਿਹੀ ਪ੍ਰਣਾਲੀ ਦੀ ਲੋੜ ਹੈ ਜੋ ਸੰਤੁਲਿਤ ਅਤੇ ਪਾਰਦਰਸ਼ੀ ਹੋਵੇ ਸਮਾਂ ਸੀਮਾ**: ਚੋਣ ਜਿੱਤਣ ਤੋਂ ਬਾਅਦ ਪਹਿਲੇ 2 ਸਾਲ ਅਤੇ ਆਖਰੀ 1 ਸਾਲ ਰਿਕਾਲ ਦੀ ਇਜਾਜ਼ਤ ਨਾ ਹੋਵੇ ਤਾਂ ਜੋ ਨੇਤਾ ਨੂੰ ਕੰਮ ਦਿਖਾਉਣ ਦਾ ਮੌਕਾ ਮਿਲੇ।

**ਦਸਤਖ਼ਤ ਪ੍ਰਕਿਰਿਆ**: ਹਲਕੇ ਦੇ ਘੱਟੋ-ਘੱਟ 40% ਵੋਟਰਾਂ ਦੇ ਬਾਇਓਮੀਟ੍ਰਿਕ ਪ੍ਰਮਾਣਿਤ ਦਸਤਖ਼ਤ ਹੋਣੇ ਚਾਹੀਦੇ ਹਨ।

**ਖਰਚਾ ਵਸੂਲੀ ਕਾਨੂੰਨ**: ਜੇਕਰ ਰਿਕਾਲ ਵਿੱਚ ਨੇਤਾ ਹਾਰ ਜਾਂਦਾ ਹੈ, ਤਾਂ ਚੋਣ ਕਮਿਸ਼ਨ ਉਸਦੀ ਜਾਇਦਾਦ ਦਾ ਵੇਰਵਾ ਲਵੇ ਅਤੇ ਨਵੀਂ ਚੋਣ ਦਾ 100% ਖਰਚਾ ਉਸ ਕੋਲੋਂ ਵਸੂਲੇ।

**ਲੋਕਤੰਤਰ ਨੂੰ ਲੋਕਾਂ ਦਾ ਬਣਾਉਣ ਦਾ ਵੇਲਾ** : Right to Recall ਅਤੇ ਚੋਣ ਖਰਚਾ ਵਸੂਲੀ ਦਾ ਕਾਨੂੰਨ ਕੋਈ ਸਿਆਸੀ ਮੰਗ ਨਹੀਂ ਸਗੋਂ ਇਹ ਭਾਰਤ ਦੇ ਕਰੋੜਾਂ ਵੋਟਰਾਂ ਦੀ ਆਤਮ-ਸਨਮਾਨ ਦੀ ਲੜਾਈ ਹੈ। ਜਦੋਂ ਤੱਕ ਨੇਤਾ ਦੀ ਕੁਰਸੀ ਹਿੱਲਣ ਅਤੇ ਉਸਦੀ ਜੇਬ੍ਹ 'ਤੇ ਅਸਰ ਪੈਣ ਦਾ ਡਰ ਉਸਦੇ ਮਨ ਵਿੱਚ ਹਰ ਵਕਤ ਨਹੀਂ ਹੋਵੇਗਾ ਉਦੋਂ ਤੱਕ ਉਹ ਜਨਤਾ ਨੂੰ ਵੋਟ ਬੈਂਕ ਤੋਂ ਵੱਧ ਕੁਝ ਨਹੀਂ ਸਮਝੇਗਾ।

ਨੇਤਾਵਾਂ ਨੂੰ ਅਹੁਦੇ ਤੋਂ ਕੱਢਣ, ਸਿਆਸਤ ਵਿੱਚੋਂ ਬਾਹਰ ਕਰਨ ਅਤੇ ਨਵੀਂ ਚੋਣ ਦਾ ਖਰਚਾ ਉਨ੍ਹਾਂ ਕੋਲੋਂ ਭਰਵਾਉਣ ਦਾ ਅਧਿਕਾਰ ਹੀ ਭਾਰਤੀ ਲੋਕਤੰਤਰ ਨੂੰ ਦੁਨੀਆ ਦਾ ਸਭ ਤੋਂ ਜਵਾਬਦੇਹ ਅਤੇ ਮਜ਼ਬੂਤ ਢਾਂਚਾ ਬਣਾਏਗਾ। ਹੁਣ ਵੇਲਾ ਹੈ ਕਿ ਜਨਤਾ ਜਾਗੇ ਅਤੇ ਅਜਿਹੇ ਸਖ਼ਤ ਸੁਧਾਰਾਂ ਦੀ ਮੰਗ ਕਰੇ ਜੋ ਨੇਤਾਵਾਂ ਨੂੰ ਜਨਤਾ ਦੇ ਸੱਚੇ ਸੇਵਾਦਾਰ ਬਣਨ ਲਈ ਮਜਬੂਰ ਕਰ ਦੇਣ। ਸੱਚਾ ਲੋਕਤੰਤਰ ਉਹੀ ਹੈ ਜਿੱਥੇ ਚੁਣਨ ਦੀ ਸ਼ਕਤੀ ਦੇ ਨਾਲ-ਨਾਲ ਹਟਾਉਣ ਅਤੇ ਸਜ਼ਾ ਦੇਣ ਦੀ ਸ਼ਕਤੀ ਵੀ ਜਨਤਾ ਦੇ ਹੱਥ ਵਿੱਚ ਹੋਵੇ।

ਰਾਜਨੀਤੀ ਵਿੱਚ ਸਭ ਤੋਂ ਵੱਡਾ ਗੁਨਾਹ ਚੁੱਪ ਰਹਿਣਾ ਹੈ। ਜੇਕਰ ਅਸੀਂ ਅੱਜ ਆਪਣੇ ਨੁਮਾਇੰਦਿਆਂ ਨੂੰ ਜਵਾਬਦੇਹ ਨਹੀਂ ਬਣਾਉਂਦੇ ਤਾਂ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਾਂ। ਨੇਤਾ ਨੂੰ ਕੱਢਣਾ ਹੀ ਕਾਫ਼ੀ ਨਹੀਂ ਉਸ ਨੂੰ ਉਸਦੀ ਗਲਤੀ ਦੀ ਆਰਥਿਕ ਕੀਮਤ ਵੀ ਚੁਕਾਉਣੀ ਪਵੇਗੀ। ਭਾਰਤ ਦੇ ਹਰ ਜਾਗਰੂਕ ਨਾਗਰਿਕ ਨੂੰ ਇਸ ਲੇਖ ਨੂੰ ਪੜ੍ਹਨਾ ਅਤੇ ਇਸ ਵਿਚਾਰ ਨੂੰ ਘਰ-ਘਰ ਪਹੁੰਚਾਉਣਾ ਚਾਹੀਦਾ ਹੈ। ਜੇਕਰ ਅਸੀਂ ਅੱਜ ਆਵਾਜ਼ ਨਹੀਂ ਉਠਾਵਾਂਗੇ ਤਾਂ ਕੱਲ੍ਹ ਨੂੰ ਸ਼ਿਕਾਇਤ ਕਰਨ ਦਾ ਹੱਕ ਵੀ ਗੁਆ ਬੈਠਾਂਗੇ।

# ਪੋਹ ਸੁਦੀ ੭– ਦੂਤਹ ਦਹਨੁ ਭਇਆ ਗੋਵਿੰਦ ਪ੍ਰਗਟਾਇਆ॥



ਗੁਰਚਰਨਜੀਤ ਸਿੰਘ ਲਾਂਬਾ
ਨਿਊ ਜਰਸੀ. ਯੂ.ਐਸ.ਏ

**ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿੱਚੋਂ**

ਗੁਰ ਨਾਨਕ ਦੇਵ ਗੋਵਿੰਦ ਰੂਪ (੧੧੯੨)। ਸਾਰੇ ਸੰਸਾਰ ਵਿਚ ਹਰ ਗੁਰੂ ਨਾਨਕ ਨਾਮ ਲੇਵਾ ਲਈ ਇਤਿਹਾਸ ਦੀਆਂ ਦੋ ਤਾਰੀਖਾਂ ਬਹੁਤ ਹੀ ਮਹੱਤਵ ਪੂਰਨ ਹਨ। ਸੁਤੇ ਸਿਧ ਹੀ ਹਰ ਜ਼ਿਹਨ ਵਿਚ ਇਹ ਅੰਕਤ ਹਨ, ਕੱਤਕ ਪੂੰਨਿਆ ਅਤੇ ਪੋਹ ਸੁਦੀ ਸਤਮੀ। ਇਹਨਾਂ ਦੀ ਉਡੀਕ ਹਰ ਸਿੱਖ ਨੂੰ ਹੁੰਦੀ ਹੈ। ਬਿਕ੍ਰਮੀ ਸੰਮਤ ੧੭੨੩ ਦੇ ਚਾਨਣੇ ਪੱਖ ਵਿਚ ਥਿਤੀ ਮੁਤਾਬਕ ਪੋਹ ਸੁਦੀ ਸਤਮੀ ਨੂੰ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪਟਨਾ ਸਾਹਿਬ ਦੀ ਪਾਵਨ ਧਰਤੀ 'ਤੇ ਅਵਤਾਰ ਧਾਰਿਆ।

ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ॥
ਦੂਤਹ ਦਹਨੁ ਭਇਆ ਗੋਵਿੰਦ ਪ੍ਰਗਟਾਇਆ ॥ (ਮ:੫ ੪੬੧)

ਪੋਹ ਸੁਦੀ ਸਤਮੀ ਸੂਰਜੀ ਕੈਲੰਡਰ ਮੁਤਾਬਕ ੨੩ ਪੋਹ, ੧੭੨੩ ਸੀ। ਉਸ ਸਮੇਂ ਦੇ ਪ੍ਰਚਲਤ ਜੂਲੀਅਨ ਕੈਲੰਡਰ ਮੁਤਾਬਕ ਇਹ ੨੨ ਦਿਸੰਬਰ, ੧੬੬੬ ਅਤੇ ਇਸਲਾਮਿਕ ਕੈਲੰਡਰ ਅਨੁਸਾਰ ੬ ਰਜਬ, ੧੦੭੭ ਅਲ ਹਿਜਰੀ ਸੀ। ਉਸ ਸਮੇਂ ਤਕ ਮੌਜੂਦਾ ਦੌਰ ਦਾ ਪੋਪ ਗ੍ਰੈਗਰੀ ਵਲੋਂ ਚਲਾਇਆ ਈਸਾਈ ਕੈਲੰਡਰ ਹੋਂਦ ਵਿਚ ਨਹੀਂ ਸੀ ਆਇਆ। ਬਾਅਦ ਵਿਚ ਜੂਲੀਅਨ ਕੈਲੰਡਰ ਵਿਚ ਦਸ ਦਿਨ ਦਾ ਵਾਧਾ ਕਰਕੇ ਇਹ ਤਾਰੀਖ਼ ੧ ਜਨਵਰੀ, ੧੬੬੭ ਨਿਸਚਤ ਕਰ ਦਿੱਤੀ ਗਈ।

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥ (੪੫) ਦਸਮੇਸ਼ ਪਿਤਾ ਦੇ ਆਗਮਨ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਲਾਏ ਨਿਰਮਲ ਪੰਥ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਇਸ ਤਰ੍ਹਾਂ ਹਰ ਸਿੱਖ ਨੂੰ ਸਦੀਵ ਕਾਲ ਲਈ ਗੁਰੂ ਗ੍ਰੰਥ–ਗੁਰੂ ਪੰਥ ਦੀ ਸੀਮਾ ਵਿਚ ਆਸੀਨ ਕਰ ਦਿੱਤਾ।

ਹੁਣ ਪੋਹ ਸੁਦੀ ਸਤਮੀ = ੨੩ ਪੋਹ (ਸੂਰਜੀ) = ੨੨ ਦਿਸੰਬਰ, ੧੬੬੬ (ਜੂਲੀਅਨ) = ੧ ਜਨਵਰੀ, ੧੬੬੭ (ਗ੍ਰੈਗੋਰੀਅਨ), ੬ ਰਜਬ, ੧੦੭੭ (ਅਲ ਹਿਜਰੀ) ਕਾਲ ਗਣਨਾ ਦੇ ਵੱਖ ਵੱਖ ਪੈਮਾਨੇ ਹਨ। ਪਰ ਮੁੱਢ ਅਰੰਭ ਤੋਂ ਹੀ ਸਾਰੇ ਸਿੱਖ ਜਗਤ ਨੇ ਸਤਿਗੁਰੂ ਜੀ ਦਾ ਪ੍ਰਕਾਸ਼ ਪੁਰਬ ਪੋਹ ਸੁਦੀ ਸਤਮੀ ਨੂੰ ਹੀ ਮਨਾਇਆ। ਇਸ ਦੇ ਨਾਲ ਹੀ ਸਾਰੇ ਦੇ ਸਾਰੇ ਗੁਰ ਇਤਿਹਾਸ ਵਾਰਤਕ ਅਤੇ ਕਾਵਿ ਵਿਚ ਅਤੇ ਹੋਰ ਭਾਸ਼ਾਵਾਂ ਵਿਚ ਵੀ ਲਿਖੇ ਇਤਿਹਾਸ ਵਿਚ ਪੋਹ ਸੁਦੀ ਸਤਮੀ ਦਾ ਹੀ ਜ਼ਿਕਰ ਮਿਲਦਾ ਹੈ। ਇਸ ਤੋਂ ਅਲਾਵਾ ਸ੍ਰੀ ਦਸਮੇਸ਼ ਪ੍ਰਕਾਸ਼ ਪੁਰਬ ੨੩ ਪੋਹ, ੨੨ ਦਿਸੰਬਰ, ੧ ਜਨਵਰੀ ਜਾਂ ੬ ਰਜਬ ਨੂੰ ਮਨਾਏ ਜਾਣ ਦਾ ਹਵਾਲਾ ਕਿਧਰੇ ਵੀ ਨਹੀਂ ਪ੍ਰਗਟ ਹੁੰਦਾ। ਹਰ ਸ੍ਰੋਤ ਪੋਹ ਸੁਦੀ ਸਤਮੀ ਦਾ ਹੀ ਹਵਾਲਾ ਦਿੰਦਾ ਹੈ।

ਗੁਰ ਬਿਲਾਸ ਪਾਤਿਸਾਹੀ ੧੦ ਵਿਚ ਭਾਈ ਸੁੱਖਾ ਸਿੰਘ ਵੀ ਪੋਹ ਸੁਦੀ ਸਤਮੀ ਦਾ ਹੀ ਹਵਾਲਾ ਦਿੰਦੇ ਹਨ।

ਚੌਪਈ:ਸੰਬਤ ਸਤਰਹ ਸਹਸ ਭਨਿਜੈ।
ਬੀਸ ਤੀਨ ਸੰਗ ਬਰਖ ਗਨਿਜੈ।
ਮਾਹਿ ਪੋਖ ਪੁਨ ਅਧਿਕ ਸੁ ਚੀਨੈ।
ਜਗਤ ਪ੍ਰਵੇਸ ਕ੍ਰਿਪਾ ਨਿਧਿ ਕੀਨੇ।੪੫।
ਘਰੀ ਨਿਛਤ੍ਰ ਸੁ ਅਧਿਕ ਪਵਿਤ੍ਰ।
ਲਗਨ ਮਹੂਰਤ ਪਰਮ ਬਚਿਤ੍ਰ।
ਜਗਤਾਰਕ ਉਤਰਿਓ ਗੁਰ ਪੂਰਾ।
ਦਸਵਾਂ ਸਾਹਿਬ ਅਧਿਕ ਹਜੂਰਾ। ੪੬।

ਗੁਰ ਬਿਲਾਸ ਪਾਤਿਸਾਹੀ ੧੦ (੧੭੯੭) – ਭਾਈ ਸੁੱਖਾ ਸਿੰਘ, ਪੰਨਾ ੩੪

ਕਵੀਂਦ੍ਰ ਸੰਤ ਨਿਹਾਲ ਸਿੰਘ ਲਿਖਦੇ ਹਨ,

ਟਾਰਯੋ ਜਾਂ ਪ੍ਰਿਥੀ ਕੋ ਭਾਰ ਮਾਰ ਕੈ ਮਲੇਛਨ ਕੋ
ਧਿਖਨਾ ਔ ਬਿਆਨ ਧੀਰ ਰਧਮ ਬਿਥਾਰਯੋ ਹੈ।
ਜਾਰਯੋ ਦ੍ਵੈਤ ਭਾਵ ਜਾਂ ਨਿਹਾਰਯੋ ਘਟ ਘਟੇ ਬ੍ਰਹਮ
ਰੂਪ ਰੇਖਾ ਰਹਿਤ ਅਕਾਲ ਹੀ ਉਚਾਰਯੋ ਹੈ।
ਤਾਰਯੋ ਜਾਂ ਨਿਹਾਲ ਸਿੰਘ ਸਿੱਖਨ ਕੋ ਗਿਆਨ ਦੈ ਕੈ
ਯਥਾਯੋਗ ਬਯਵਹਾਰ ਪ੍ਰਭੂ ਪੰਥ ਪਾਰਯੋ ਹੈ।
ਪੋਖ ਸੁਦੀ ਸਪਤਮੀ ਹੈ ਪਟਣੇ ਸਹਿਰ ਬੀਚ ਸ੍ਰੀ ਗੁਰੂ ਗੋਬਿੰਦ
ਸਿੰਘ ਅਵਤਾਰ ਧਾਰਯੋ ਹੈ॥੪॥

ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ – ਸੰਤ ਨਿਹਾਲ ਸਿੰਘ ਕਵੀਂਦ੍ਰ, (੧੯੬੩), ਪੰਨਾ ੩੧੧

(ਨਿਹਾਲ ਸਿੰਘ ਕਹਿੰਦਾ ਹੈ ਕਿ ਸਿੱਖਾਂ ਨੂੰ ਗਿਆਨ ਦੇ ਕੇ ਤਾਰਿਆ ਹੈ ਅਤੇ ਉਚਿਤ ਬਿਉਹਾਰ ਰਾਹੀਂ ਪ੍ਰਭੂ ਦਾ ਪੰਥ ਪਾਲਿਆ ਹੈ। ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ਸਤਮੀ ਨੂੰ ਪਟਨਾ ਸਾਹਿਬ ਵਿਚ ਅਵਤਾਰ ਧਾਰਿਆ ਹੈ।)

ਇਸੇ ਤਰ੍ਹਾਂ ਕਵਿ ਦੌਲਤ ਰਾਇ ਵੀ ਲਿਖਦੇ ਹਨ,

ਬੀਰ ਰਸ ਮੱਤੇ ਮਾਰੇ ਬੀਰ ਰਸ ਮੱਤੇ ਕਈ
ਕੀਏ ਹੈ ਨਪੱਤੇ ਭਾਸੇ ਅੱਤੇ ਮੈ ਨਪੱਤੇ ਮੈ।
ਹਤੇ ਬਾਂਗ ਛੱਤੇ ਬਿਲਖਤ ਲਗੇ ਕੱਤੇ ਤੇਜ਼ ਰੁਧਰ ਚੁਅੱਤੇ ਫਟੇ ਉਦਰ ਸੁ ਲੱਤੇ ਮੈ।
ਭਏ ਹੈ ਨਗੱਤੇ ਗਤੇ ਯਹ ਹਾਥ ਘੱਤੇ ਆਪ ਦੌਲਤ ਸੁਨੱਤੇ ਜਸ ਜੇਤਕ ਸੁਨੱਤੇ ਮੈ।
ਕਈ ਬਿਨਸੱਤੇ ਕਈ ਕੀਏ ਬਿਨ ਸੱਤੇ ਪੈਦਾ ਪੋਖ ਸੁਦੀ ਸੱਤੇ ਸਾਸ ਰਾਖੋ ਨ ਚੁਗੱਤੇ ਮੈ।

ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ – ਕਵਿ ਦੌਲਤ ਰਾਇ (੧੯੮੦), ਪੰਨਾ ੨੪੮

(ਬੇਵਕਤ ਹੋ ਗਏ, ਜਿਨ੍ਹਾਂ ਤੇ ਇਹ ਹੱਥ ਪਿਆ ਹੈ। ਉਹ ਦੌਲਤ ਨਾਲ ਦਬ ਗਏ ਜਿਨ੍ਹਾਂ ਨੇ ਝੁਕ ਕੇ ਜਸ ਗਾਇਆ ਹੈ। ਕਈ ਮਿਟ ਗਏ, ਕਈ ਸ਼ਕਤੀ ਹੀਣ ਹੋ ਗਏ, ਪੋਹ ਸੁਦੀ ਸਤਮੀ ਨੂੰ ਜਨਮ ਲੈਣ ਵਾਲੇ ਗੁਰੂ ਗੋਬੰਦ ਸਿੰਘ ਜੀ ਨੇ ਚੁਗੱਤੇ (ਔਰੰਗਜ਼ੇਬ) ਵਿਚ ਸਾਹ ਸਤ ਨਹੀਂ ਰਹਿਣ ਦਿੱਤਾ।)

ਡਾਕਟਰ ਚਰਨ ਸਿੰਘ ਜੀ ਚਰਨਹਰਿ ਵਿਸਥਾਰ ਵਿਚ ਅੰਕਤ ਕਰਦੇ ਹਨ, ਜ਼ੁਲਮ ਭੰਵਰ ਸੇ ਆਪ ਕੀਆ ਸਤਿਗੁਰ ਨੇ ਪਾਰ।

ਐਸੀ ਕਰਨੀ ਕਰੀ ਆਪ ਨੇ ਕੋਇ ਨ ਕਰਲੇਹਾਰ ਹੂਏ।
ਪਾਕਰ ਹੁਕਮ ਅਕਾਲ ਪੁਖ ਕਾ ਗੋਬਿੰਦ ਸਿੰਘ ਅਵਤਾਰ ਹੂਏ॥੪॥ ਅਵਤਾਰ॥
ਸਤਮੀ ਪੋਖ ਸੁਦੀ ਪਟਨੇ ਮੈਂ ਗੁਰ ਦਸਮੇਂ ਔਤਾਰ ਲੀਆ।
ਸੰਮਤ ਸੱਤਰਾਂ ਸੈ ਅਰ ਤੇਈ ਸਭ ਜਗ ਅਨੰਦ ਅਪਾਰ ਕੀਆ।

ਚਰਨਹਰਿ ਵਿਸਥਾਰ (੧੯੪੧) – ਡਾਕਟਰ ਚਰਨ ਸਿੰਘ

ਚਾਰ ਹਿੱਸਿਆਂ ਵਿਚ ਸਿੱਖ ਧਰਮ ਪੁਸਤਕ ਲਿਖਣ ਵਾਲੇ ਮੈਕਲਿਫ ਵੀ ਪੋਹ ਸੁਦੀ ਸਤਮੀ ਹੀ ਅੰਕਤ ਕਰਦੇ ਹਨ,

He was born three hours before sunrise on the Seventh day of the light half of the month of Poh, in the Sambat year 1723 (1.4.1666). (The Sikh Religion. by Max Arthu Macauliffe.(1909) Vol. IV, p. 358)

ਗਿਆਨੀ ਸ਼ੇਰ ਸਿੰਘ ਜੀ ਇਸ ਬਾਰੇ ਲਿਖਦੇ ਹਨ,

ਸਾਡੇ 'ਪਾਵਨ, ਪਵਿਤਰ, ਮਿਤਰ' ਦਸ਼ਮੇਸ਼ ਪਿਤਾ ਜੀ ਨੇ ਪੋਹ ਸੁਦੀ ਸਤਮੀ ਸੰਮਤ ੧੭੨੩ ਬਿਕ੍ਰਮੀ ਨੂੰ ਅਵਤਾਰ ਪਟਨੇ ਦੀ ਪਵਿਤਰ ਧਰਤੀ ਉਪਰ ਧਾਰਿਆ ਸੀ। ਉਹ ਪੋਹ ਸੁਦੀ ਸਤਮੀ ਮੁੜ ਮੁੜ ਆਉਂਦੀ ਹੈ ਤੇ ਸਾਨੂੰ ਉਸ ਘੜੀ ਦੀ ਯਾਦ ਦਿਲਾਉਂਦੀ ਹੈ ਜਦ ਅਵਤਾਰਾਂ ਦਾ ਵੱਡਾ ਅਵਤਾਰ, ਪੀਰਾਂ ਦਾ ਵੱਡ–ਪੀਰ, ਪੈਗੰਬਰਾਂ ਦਾ ਵੱਡਾ ਪੈਗੰਬਰ, ਮਸਾਹਾਂ ਦਾ ਵੱਡਾ–ਮਸੀਹ, ਗੁਰੂਆਂ ਦਾ ਮੁਖ–ਗੁਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਮਾਤਾ ਦੀ ਕੂਕ ਪੁਕਾਰ ਸੁਣਕੇ ਅਵਤਾਰ ਧਾਰਿਆ ਸੀ, ਤੇ ਸ੍ਰਿਸ਼ਟੀ ਦਾ ਬੋਝ ਅਪਣੇ ਕੰਧੇ ਉਪਰ ਚੁੱਕ ਲਿਆ ਸੀ।

ਦਸ਼ਮੇਸ਼ ਦਰਪਨ ਤੇ ਸ੍ਰੀ ਦਸਮ ਗ੍ਰੰਥ ਦੀ ਕੁੰਜੀ – ਸ਼ੇਰ ਸਿੰਘ ਐਮ.ਐਸ.ਸੀ. ਕਸ਼ਮੀਰ ਪੰਨਾ ੪

ਗੁਰਦੇਵ ਸਿੰਘ ਮਾਨ ਲਿਖਦੇ ਹਨ,

ਸੁਦੀ ਸੱਤਮੀਂ ਪੋਹ ਦੀ ਕਿਸੇ ਵੇਲੇ, ਦੁਖੀ ਹਿੰਦ ਦੇ ਦੁਖਾਂ ਨੂੰ ਕੱਟਿਆ ਸੀ।
ਅਤੇ ਲੱਖਾਂ ਹਜ਼ਾਰਾਂ ਹੀ ਰਾਖ਼ਸ਼ਾਂ ਨੂੰ, ਪਟਕ ਪਟਕ ਜ਼ਮੀਨ ਤੇ ਸੱਟਿਆ ਸੀ।
ਦਰਦ–ਭਰੀ ਇਸ ਦੇਸ਼ ਦੀ ਕੂਕ ਸੁਣਕੇ, ਜਦੋਂ ਜਿਗਰ ਹਿਮਾਲਾ ਦਾ ਫੱਟਿਆ ਸੀ।
ਤਦੋਂ ਰੱਬ ਨੇ ਖੰਡਾ ਦੋਧਾਰ ਵਾਲਾ, ਫੁੱਲਾਂ ਵਿਚ ਵਲ੍ਹੇਟ ਕੇ ਸੱਟਿਆ ਸੀ।

ਮਾਨਸਰੋਵਰ, ਗੁਰਦੇਵ ਸਿੰਘ ਮਾਨ, (੧੯੪੬) ਪੰਨਾ ੧੦

ਕੋਇਰ ਸਿੰਘ ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਲਿਖਦੇ ਹਨ,

ਦੋਹਰਾ। ਘੜੀ ਨਿਖੱਤ੍ਰ ਸੋਧ ਕੇ, ਸੁਭ ਲਗਨਨ ਸੁਭ ਕਾਲ।
ਸੰਮਤ ਅਗਨੀ ਬਿੰਸਤੌ ਮੁਨਿ ਸਸਿ ਜਨਮਤ ਭਾਲ॥੧੪[੫੪]॥

(ਅਰਥਾਤ ਸੰਮਤ ੧੭੨੩, (ਦੀ ਪੋਹ ਸੁਦੀ ੭) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ।)

ਗੁਰ ਬਿਲਾਸ ਪਾਤਸ਼ਾਹੀ ੧੦, ਕੋਇਰ ਸਿੰਘ, ਪੰਨਾ ੧੪

ਗਿਆਨ ਸਿੰਘ ਲੌਂਗੋਵਾਲੀਏ

ਨਿੰਦਕ ਬਿੰਦਕ ਦ੍ਵੈਤ ਦੁਰੇ ਹੈ ਨਖੱਤ ਬ੍ਰਿੰਦ, ਇੰਦ ਤੁਰਕਿੰਦ ਤੇਜ ਨਾ ਸਯੋ ਚੁਕੱਤੇ ਹੈਂ।
ਪੇਚਕ ਪੰਖਡੀ ਦੰਭੀ ਦੁਰੇ ਹੈਂ ਦੁਰੀਨ ਦੌਰ, ਨਿਸਚਕ ਨਿਕਰ ਫਿਕਰ ਮਾਰ ਘੱਤੇ ਹੈਂ।
ਕੁਮਤੀ ਅਸੱਜਨ ਜੋ ਕੁਮੁਦੀ ਜਯੋਂ ਕੁਮਲਾਏ, ਸੱਜਨ ਸਮੁੱਤੀ ਖਿਰੇ ਕਮਲ ਮਹੱਤੇ ਹੈਂ।
ਉਦਯੋ ਦਿਨਿੰਦ ਜਯੋਂ ਗੁਬਿੰਦ ਮ੍ਰਿਗਿੰਦ ਗੁਰੁ, ਆਜ ਪੋਸ ਮਾਸ ਕੀ ਅਦੋਸ ਸੇਤ ਸੱਤੇ ਹੈਂ॥੧੨॥

(ਅੱਜ ਪੋਹ ਮਹਾਨੇ ਦੀ ਬੇਦਾਗੀ ਚਾਨਣੇ ਪੱਖ ਦੀ ਸਪਤਮੀ ਹੈ। ਸੂਰਜ ਵਾਂਗ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਹੋ ਗਿਆ ਹੈ।

ਗਿਆਨ ਸਿੰਘ ਲੌਂਗੋਵਾਲੀਏ, ਪੰਨਾ ੨੧੫

ਲਾਹੌਰਾ ਸਿੰਘ ਦੀ ਲਿਖਤ

ਪੋਹ ਚੜ੍ਹੇ ਪਟਨੇ ਨਗਰੀ ਵਿਚ ਧਾਮ ਪਵਿੱਤ੍ਰ ਆਏ, ਅਤਿ ਛਬਿ ਪਾਏ।
ਤੇਗ ਬਹਾਦਰ ਨੌਮੇ ਗੁਰ ਘਰ ਦਸਮ ਗੁਰੂ ਪ੍ਰਗਟਾਏ ਆਨੰਦ ਪਾਏ।
ਮਾਤਾ ਗੁਜਰੀ ਧੰਨ ਜਨਮ ਤੁਹਿ ਜਿਨ੍ਹ, ਇਹ ਬਾਲ ਖਿਡਾਏ, ਗੋਦ ਸੁਹਾਏ।
ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਹਿਤ ਭਾਰਤ ਆਏ, ਦੁਖ ਮਿਟਾਏ॥੧॥

ਲਾਹੌਰਾ ਸਿੰਘ ੧੯੪੩, ਪੰਨਾ ੨੮੩

ਨਵੀਨ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਵਿਚ ਗਵਾਹੀ ਦਿੰਦੇ ਹਨ,

ਕਬਿੱਤ: ਸਤ੍ਰਾਂ ਸੌ ਤੇਈ, ਪੋਖ ਸੁਦੀ ਸੱਤੇ ਲੇਈ, ਏਕ ਪਹਿਰ ਰਹੇਈ ਨਿਸ, ਦਿਨ ਰਵ ਆਜ ਹੈਂ।
ਸ੍ਰੀ ਗੂਜਰੀ ਜੀ ਮਾਤ ਸਾਹਿਬ ਬਖ਼ਯਾਤ, ਆਦਿ ਸ਼ਕਤਿ ਸੁਹਾਤ ਤਾ ਤੈ ਬਿਦਤੇ ਦਰਾਜ ਹੈਂ।
ਭਯੋ ਪ੍ਰਕਾਸ਼ ਹੈ ਅਵਾਸ ਮੈਂ ਹੁਲਾਸ ਅਤਿ, ਦੇਵਨਿ ਅਕਾਸ਼ ਮੈਂ ਬਿਲਾਸ ਕੀਨ ਗਾਜ ਹੈਂ।
ਮੰਗਲ ਉਚਾਰ ਫੂਲ ਡਾਰ ਆਰਤੀ ਉਤਾਰ, ਗਾਇ ਜੈ ਜੈ ਕਾਰ ਔ ਬਜਾਏ ਬਹੁ ਬਾਜ ਹੈਂ॥੩॥

ਸ੍ਰੀ ਗੁਰੂ ਪੰਥ ਪ੍ਰਕਾਸ਼ – (੧੮੮੦) ਗਿ. ਗਿਆਨ ਸਿੰਘ ੬੫੭

ਕਾਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਦਰਜ ਕਰਦੇ ਹਨ,

ਦੋਹਰਾ– ਸੋਢੀ ਕੁਲ ਭੂਖਨ ਜਨਮ ਪੂਸ ਮਾਸ ਮਹਿੰ ਲੀਨ।
ਹੁਤੀ ਸ਼ੁਦੀ ਥਿਤਿ ਸਪਤਮੀ ਸੁੰਦਰ ਸੁ ਚੀਨ॥੧॥
ਚੌਪਈ– ਜਾਮ ਜਾਮਨੀ ਜਬਿਹੂੰ ਜਾਨੀ। ਸੁਰ ਗਨ ਆਨ ਪ੍ਰਸ਼ੰਸ਼ਾ ਠਾਨੀ।
ਬਿਥਰੀ ਬਰ ਸੁਗਧਿ ਪੁਰਿ ਸਾਰੇ। ਜਾਗਤਿ ਜੇ ਲਖਿ ਬਿਸਮੈ ਧਾਰੇ॥੨॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਔਲਖ, ਜਿਲਦ ੮ ਪੰਨਾ ੪੭੦

(ਸੋਢੀ ਕੁਲ ਦੇ ਭੂਖਨ ਨੇ ਪੋਹ ਦੇ ਮਹੀਨੇ ਵਿਚ ਅਵਤਾਰ ਧਾਰਨ ਕੀਤਾ। ਉਸ ਦਿਨ ਪੋਹ ਸੁਦੀ ਸੱਤਵੀਂ ਤਿਥੀ ਸੀ, ਜਿਹੜਾ ਸੁੰਦਰ ਸਮਾਂ ਜਾਣਿਆ ਜਾਂਦਾ ਹੈ। ਜਦ ਪਹਿਰ ਰਾਤ ਰਹਿੰਦੀ ਜਾਣੀ, ਤਾਂ ਸਾਰੇ ਦੇਵਤੇ ਆ ਕੇ ਪ੍ਰਸੰਸਾ ਕਰਨ ਲੱਗੇ। ਸਾਰੇ ਨਗਰ ਵਿਚ ਬਹੁਤ ਸੁਗੰਧੀ ਫੈਲ ਗਈ, ਜਿਹੜੇ ਜਾਗਦੇ ਸਨ ਉਹ ਸਮਝ ਕੇ ਬਹੁਤ ਹੈਰਾਨ ਹੋਏ॥)

ਗਿਆਨੀ ਗਰਜਾ ਸਿੰਘ ਰਚਿਤ ਗੁਰੂ ਕੀਆਂ ਸਾਖੀਆਂ ਵਿਚ ਵਰਣਤ ਭੱਟ ਵਹੀ ਪੂਰਬੀ ਦੱਖਣੀ ਦੀ ਲਿਖਤ ਮਹੱਤਵ ਪੂਰਨ ਹੈ,

ਗੁਰੂ ਗੋਬਿੰਦ ਦਾਸ ਬੇਟਾ ਗੁਰੂ ਤੇਗ ਬਹਾਦਰ ਮਹਲ ਨਾਮਾਂ ਕਾ, ਪੋਤਾ ਗੁਰੂ ਹਰਿ ਗੋਬਿੰਦ ਜੀ ਕਾ .....ਸੋਢੀ ਖਤਰੀ ਬਾਸੀ ਪਟਨਾ ਸਹਿਰ ਤਟ ਨਦੀ ਜਮਨਾ ਸੰਮਤ ਸਤਰਾਂ ਸੈ ਅਠਾਰਾਂ ਪੋਖ ਮਾਸੇ ਸੁਦੀ ਸਪਤਮੀ ਬੁਧਵਾਰ ਕੇ ਦਿਹੁੰ ਢਲੀ ਰੈਨ ਜਨਮ ਹੂਆ ਦਿਹੁੰ ਚਢੇ। ਮਾਤਾ ਨਾਨਕੀ ਜੀ ਨੇ ਗਰੀਬ ਗੁਰਬੇ ਕੋ ਦਾਨ ਦੀਆ, ਰੈਣ ਪਈ ਦੀਪਮਾਲਾ ਹੁਈ, ਬੜਾ ਕੰਤੂਹਲ ਹੂਆ। ਕਾਈ ਵਾਰਾ ਪਾਰ ਨਹੀਂ ਸੀ ਆਇ ਰਹਾ, ਗੁਰੂ ਗੁਰੂ ਜਪਣਾ, ਜਨਮ ਸਉਰੇਗਾ ਗੁਰੂ ਹਰ ਥਾਇੰ ਸਹਾਈ ਹੋਗੁ।

[(ਭੱਟ ਵਹੀ ਪੂਰਬੀ ਦੱਖਣੀ)–ਗੁਰੂ ਕੀਆਂ ਸਾਖੀਆਂ, ਗਰਜਾ ਸਿੰਘ ਪੰਨਾ ੧੬]

ਗਿਆਨੀ ਗੁਰਨਾਮ ਸਿੰਘ ਅੰਬਾਲਵੀ ਵੀ ਪੋਹ ਸੁਦੀ ਸਤਮੀ ਦਾ ਹਵਾਲਾ ਦਿੰਦੇ ਹਨ,

ਸ੍ਵੈਯਾ: ਮ੍ਰਿਦ ਸੀਤ ਸੁਗੰਧਿ ਸਮੀਰ ਚਲੇ, ਸੁਠ ਅਰਧਇੰਦੂ, ਉਡਗਨ ਨਭਿ ਛਾਇ।
ਬ੍ਰਿਖ ਫੂਲ ਫਲੇ ਛਿਤ ਸੋਹਿਤ ਭੀ, ਦਿਵ ਕੋਕਿਲ ਮੋਰ ਪਪੀਹਨ ਗਾਇ।
ਸਮੰਤ ਸੁਭ ਸੱਤਰਹ ਸੈ ਤੇਈ, ਸੁਦੀ ਪੋਸ਼ ਸਪਤਮੀ ਪਟਨੇ ਮਾਇ।
ਗੁਰੂ ਤੇਗ ਬਹਾਦਰ ਗੁਜਰੀ ਕੇ, ਸੁਠ ਧਾਰਿ ਕੇ ਮੂਰਤਿ ਗੋਬਿੰਦ ਆਇ॥੪੫੩॥

(ਠੰਡੀ ਤੇ ਮਿੱਠੀ ਸੁਗੰਧੀਆਂ ਭਰੀ ਪੌਣ ਚੱਲ ਰਹੀ ਸੀ ਤੇ ਆਕਾਸ਼ ਵਿੱਚ ਬੜਾ ਸੁੰਦਰ ਅੱਧਾ ਚੰਦ੍ਰਮਾ ਤੇ ਤਾਰਿਆਂ ਦਾ ਸਮੂੰਹ ਛਾਇਆ ਹੋਇਆ ਸੀ। ਸੁੰਦਰ ਬ੍ਰਿਠ ਫਲਾਂ ਤੇ ਫੁੱਲਾਂ ਨਾਲ ਲੱਦੇ ਹੋਏ, ਧਰਤੀ ਸੋਭਨ ਰਹੀ ਸੀ। ਦੇਵਤੇ, ਕੋਇਲਾਂ, ਮੋਰ ਤੇ ਪਪੀਹਿਆਂ ਨੇ ਖੁਸ਼ੀ ਵਿੱਚ ਗੀਤ ਗਾਏ। ਸੰਮਤ ੧੭੨੩ ਪੋਹ ਸੁਦੀ ਸੱਤਵੀਂ, ਪਟਨਾ ਸਾਹਿਬ ਵਿੱਚ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗ੍ਰਿਹ ਤੇ ਮਾਤਾ ਗੁਜਰੀ ਜੀ ਦੀ ਕੁੱਖੋਂ ਦਰ ਸਰੂਪ ਧਾਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਗਜਤ ਉਧਾਰ ਲਈ) ਇਸ ਸੰਸਾਰ ਵਿੱਚ ਆਏ। ਭਾਵ ਪ੍ਰਗਟ ਹੋਏ...) ਗੁਰ ਇਤਿਹਾਸ ਸਵੱਯੇ – ਗਿ. ਗੁਰਨਾਮ ਸਿੰਘ ਅੰਬਾਲਵੀ, ਪੰਨਾ ੨੧੩

ਇਹਨਾਂ ਤੋਂ ਅਲਾਵਾ ਹਰ ਹਵਾਲੇ ਵਿਚ ਪੋਹ ਸੁਦੀ ਸਤਮੀ ਦਾ ਹੀ ਜ਼ਿਕਰ ਹੈ। ਸਚਿਖੰਡ ਸ੍ਰੀ ਹਰਿਮੰਦਿਰ ਸਾਹਿਬ ਦਾ ਸੁਨਹਿਰੀ ਇਤਿਹਾਸ ਪੁਸਤਕ ਵਿਚ ਵੀ ਕਲਗੀਧਰ ਪਿਤਾ ਦਾ ਪ੍ਰਕਾਸ਼ ਦਿਵਸ ਪੋਹ ਸੁਦੀ ਸਤਮੀ ਨੂੰ ਹੀ ਮਨਾਏ ਜਾਣ ਦੇ ਹਵਾਲੇ ਨਾਲ ਬਾਕੀ ਪ੍ਰਮੁਖ ਗੁਰਪੁਰਬ ਵੀ ਥਿਤੀ ਮੁਤਾਬਕ ਮਨਾਏ ਜਾਣ ਦਾ ਹਵਾਲਾ ਹੈ।

**ਵੱਡੇ ਗੁਰਪੁਰਬ**: ਇਸ ਸਮੇਂ ਪੰਜ ਗੁਰਪੁਰਬ ਵਿਸ਼ੇਸ਼ ਕਰ ਕੇ ਵੱਡੇ ਪੱਧਰ 'ਤੇ ਮਨਾਏ ਜਾਂਦੇ ਹਨ। ਇਹ ਪੰਜ ਗੁਰਪੁਰਬ ਇਹ ਹਨ:

੧. ਕੱਤਕ ਪੂਰਨਮਾਸ਼ੀ, ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ।
੨. ਕੱਤਕ ਵਦੀ ਦੂਜ ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮਦਾਸ ਜੀ।
੩. ਪੋਹ ਸੁਦੀ ਸਪਤਮੀ, ਪ੍ਰਕਾਸ਼ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ
੪. ਜੇਠ ਵਦੀ ਅੱਠਵੀਂ, ਗੁਰ–ਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।

ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ ੨੬੬

ਇਹਨਾਂ ਦੇ ਨਾਲ ਹੀ ਹੋਰ ਪੰਥਕ ਅਤੇ ਧਾਰਮਿਕ ਸਮਾਗਮ ਜਾਂ ਵਿਸ਼ੇਸ਼ ਕਾਰਜ ਪੋਹ ਸੁਦੀ ਸਤਮੀ ਨੂੰ ਹੀ ਕੀਤੇ ਜਾਣ ਦਾ ਉਲੇਖ ਮਿਲਦਾ ਹੈ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੦੦ ਸਾਲਾ ਅਤੇ ੩੫੦ ਸਾਲਾ ਪ੍ਰਕਾਸ਼ ਦਿਵਸ ਵੀ ਪੋਹ ਸੁਦੀ ਸਤਮੀ ਨੂੰ ਹੀ ਮਨਾਏ ਗਏ।

ਸ੍ਰੀ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਦੀ ਨਵੀਂ ਇਮਾਰਤ ਦਾ ਉਦਘਾਟਨ ਵੀ ਮਹਾਰਾਜਾ ਯਾਦਵਿੰਦਰ ਸਿੰਘ ਵਲੋਂ ਪੋਹ ਸੁਦੀ ਸਤਮੀ, ਸੰਮਤ ੨੦੧੪ ਮੁਤਾਬਕ ੨੮ ਦਿਸੰਬਰ, ੧੯੫੭ ਨੂੰ ਕੀਤਾ ਗਿਆ। ਤਖ਼ਤ ਸਾਹਿਬ ਜੀ ਦੀ ਇਮਾਰਤ 'ਤੇ ਇਹ ਪੜੀ ਹਾਲੇ ਵੀ ਲੱਗੀ ਹੋਈ ਹੈ।

ਇਸ ਤੋਂ ਅਲਾਵਾ ਵੀ ਹਰ ਇਤਿਹਾਸਕ ਹਵਾਲੇ ਭਾਵੇਂ ਪੰਜਾਬੀ, ਹਿੰਦੀ, ਉਰਦੂ, ਫਾਰਸੀ ਜਾਂ ਅੰਗਰੇਜ਼ੀ ਦੇ ਹੋਣ ਹਰ ਇਕ ਵਿਚ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਤਾਰੀਖ਼ ਪੋਹ ਸੁਦੀ ਸਤਵੀਂ ਹੀ ਲਿਖੀ ਮਿਲਦੀ ਹੈ। ਇਸ ਨਾਲ ਸਾਰੀ ਕੌਮ ਦੀ ਮਾਨਸਿਕਤਾ ਜੁੜੀ ਹੋਈ ਹੈ।

ਇਸ ਸਾਰੀ ਵਾਰਤਾ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਬਿਕ੍ਰਮੀ ਪੋਹ ਸੁਦੀ ਸਤਮੀ, ੧੭੨੩ ਨੂੰ ਪਟਨਾ ਸਾਹਿਬ ਵਿਚ ਹੋਇਆ। ਕਾਲ ਗਣਨਾ ਦੇ ਵੱਖ ਵੱਖ ਪੈਮਾਨਿਆਂ ਮੁਤਾਬਕ ਇਹ ਪੋਹ ਸੁਦੀ ਸਤਮੀ = ੨੩ ਪੋਹ (ਸੂਰਜੀ) = ੨੨ ਦਿਸੰਬਰ, ੧੬੬੬ (ਜੂਲੀਅਨ) = ੧ ਜਨਵਰੀ, ੧੬੬੭ (ਗ੍ਰੈਗੋਰੀਅਨ), ੬ ਰਜਬ, ੧੦੭੭ (ਅਲ ਹਿਜਰੀ) ਹੈ। ਕਿਸੇ ਇਕ ਪੈਮਾਨੇ ਨੂੰ ਦੂਜੇ ਪੈਮਾਨੇ ਦੇ ਮੇਚ ਦਾ ਨਹੀਂ ਬਣਾਇਆ ਜਾ ਸਕਦਾ। ਜਿਵੇਂ ਮੀਲ ਅਤੇ ਕਿਲੋਮੀਟਰ, ਸੈਂਟੀਗ੍ਰੇਡ ਅਤੇ ਫੈਰਨਹੀਟ, ਗਜ਼ ਅਤੇ ਮੀਟਰ। ਇਸ ਲਈ ਪੋਹ ਸੁਦੀ ਸਤਮੀ ਦੀ ਤਾਰੀਖ਼ ਕਿਸੇ ਹੋਰ ਪੈਮਾਨੇ ਵਿਚ ਜਿਵੇਂ ਜੂਲੀਅਨ, ਗ੍ਰੈਗੋਰੀਅਨ, ਹਿਜਰੀ ਆਦਿ ਵਿਚ ਪੱਕੇ ਤੌਰ ਤੇ ਨੀਯਤ ਨਹੀਂ ਕੀਤੀ ਜਾ ਸਕਦੀ। ਇਹ ਕਰਨਾ ਇਸ ਤਰ੍ਹਾਂ ਹੋਵੇਗਾ ਕਿ ਕਿਸੇ ਨੂੰ ਕਹੋ ਕਿ ਕਿਸੇ ਤ੍ਰਿਕੋਣ ਦੀ ਚਾਰ ਭੁਜਾਵਾਂ ਕਿਉਂ ਨਹੀਂ ਹੁੰਦੀਆ। ਅੰਗ੍ਰੇਜ਼ੀ ਮਹੀਨੇ ਦੀ ਕਿਸੇ ਵੀ ਤਰੀਕ ਤੇ ਪੋਹ ਸੁਦੀ ਸਤਮੀ ਨਿਸਚਤ ਕਰਨਾ ਇਕ ਅਹਿਮਕਾਨਾ ਅਤੇ ਕੋਝੀ ਸੋਚ ਦਾ ਪ੍ਰਤੀਕ ਹੈ। ਇਸਦਾ ਮਕਸਦ ਸਾਰੇ ਦੇ ਸਾਰੇ ਗੁਰ ਇਤਿਹਾਸ ਅਤੇ ਇਤਿਹਾਸਕ ਹਵਾਲਿਆਂ ਵਿਚ ਖ਼ਲਲ ਪਾਉਣਾ ਹੈ।

ਡਾਕਟਰ ਬਲਬੀਰ ਸਿੰਘ ਜੀ ਦੀ ਟਿੱਪਣੀ ਬਹੁਤ ਹੀ ਮਹੱਤਵ ਪੂਰਨ ਹੈ, ਇਤਿਹਾਸਕਾਰਾਂ ਨੂੰ ਵੀ ਹੁਣ ਇਹ ਸਮਝ ਪੈ ਰਹੀ ਹੈ ਕਿ ਉਹ ਮਨੌਤਾਂ ਜੋ ਇਕ ਕੌਮ ਦੇ ਰਗ ਰੇਸ਼ੇ ਵਿਚ ਰਚ ਗਈਆਂ ਹਨ ਤੇ ਉਸਦੀ ਜਿੰਦ ਨਾਲ ਰਸ ਰੂਪ ਹੋ ਗਈਆਂ ਹਨ ਉਨ੍ਹਾਂ ਨੂੰ ਪੜਚੋਲ ਦੀ ਨਜ਼ਰ ਬਦਲ ਨਹੀ ਸਕਦੀ। ਉਨ੍ਹਾਂ ਨੂੰ ਬਦਲਣ ਲਈ ਕਿਸੇ ਕ੍ਰਾਂਤੀਕਾਰੀ ਤਾਕਤ ਦੀ ਲੋੜ ਹੈ। ਉਨ੍ਹਾਂ ਨੂੰ ਬਦਲਣ ਲਈ ਕਿਸੇ ਗੁਰੂ ਪੀਰ ਦੀ ਕੁਰਬਾਨੀ ਦੇ ਖ਼ੂਨ ਦੀ ਲੋੜ ਹੁੰਦੀ ਹੈ।

ਪਰ ਹਰ ਸਮੇਂ ਹਰ ਕੌਮ ਵਿਚ ਐਸੀਆਂ ਸ਼ਕਤੀਆਂ ਹੁੰਦੀਆਂ ਹਨ ਜਿਹਨਾਂ ਦੀ ਮਨਸ਼ਾ ਕੇਵਲ ਵਿਘਨ ਪਾਉਣਾ ਹੀ ਹੁੰਦਾ ਹੈ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ,

ਖੌਰੂ ਪਾਇ ਕੁਬਚ ਕੋ ਭਾਖੈ। ਦੂਖਤਿ ਕਰਨਿ ਗਾਂਦਲੀ ਕਾਖੈਂ।
ਸੋ ਝਖ ਮਾਰਤਿ ਰਹੈਂ ਕੁਪੱਤੇ। ਬਗਰਿ ਨਹਿੰ ਕਬਹੂੰ ਰਸ ਅੱਤੇ॥੪੦॥
(ਗੁ.ਪ੍ਰ.ਸੂ.ਗ੍ਰੰ. ਰਾਸਿ ੧੨)

ਸੋ ਇਹੀ ਕਿਹਾ ਜਾ ਸਕਦਾ ਹੈ, ਕਾਂਇ ਰੇ ਬਕਬਾਦੁ ਲਾਇਓ॥ (੭੧੮)। ਕੱਤਕ ਪੁੰਨਿਆ ਅਤੇ ਪੋਹ ਸੁਦੀ ਸਤਮੀ ਤੋਂ ਹਮੇਸ਼ਾਂ ਗੁਰੂ ਪੰਥ ਸੇਧ ਲੈਂਦਾ ਰਹੇਗਾ।

# ਸੰਯੁਕਤ ਪਰਿਵਾਰਾਂ ਤੋਂ ਇਕਹਿਰੇ ਪਰਿਵਾਰਾਂ ਵੱਲ ਨੂੰ ਵੱਧਦਾ ਰੁਝਾਨ



ਸੰਜੀਵ ਸਿੰਘ ਸੈਣੀ
7888966168

ਕੋਈ ਸਮਾਂ ਹੁੰਦਾ ਸੀ ਜਦੋਂ, ਇਕ ਛੱਤ ਦੇ ਥੱਲੇ ਹੀ ਤੀਹ–ਪੈਂਤੀ ਜੀਆਂ ਦਾ ਪਰਿਵਾਰ ਰਹਿੰਦਾ ਸੀ। ਸੰਯੁਕਤ ਪਰਿਵਾਰ ਸਾਡੇ ਸਮਾਜ ਦਾ ਅਹਿਮ ਹਿੱਸਾ ਹੁੰਦੇ ਸਨ। ਆਪਸ ਵਿੱਚ ਬਹੁਤ ਪਿਆਰ ਹੁੰਦਾ ਸੀ। ਸਾਰੇ ਹੀ ਜੀਅ ਇਕ–ਦੂਜੇ ਦਾ ਮਾਣ ਸਤਿਕਾਰ ਕਰਦੇ ਸਨ। ਸੰਯੁਕਤ ਪਰਿਵਾਰ ਨੂੰ ਟੱਬਰ, ਕੁਣਬਾ, ਕਟੁੰਬ ਜਾਂ ਖਾਨਦਾਨ ਕਿਹਾ ਜਾਂਦਾ ਸੀ। ਜਿਸ ਵਿਚ ਤਾਏ, ਚਾਚੇ , ਪੁੱਤਰ, ਭਰਜਾਈਆਂ ,ਨੂੰਹਾਂ ,ਦਾਦਾ ,ਦਾਦੀ ਬਜ਼ੁਰਗ ਹੁੰਦੇ ਸਨ। ਪਰਿਵਾਰ ਦਾ ਇੱਕ ਮੁਖੀ ਹੁੰਦਾ ਸੀ, ਜਿਸ ਨੂੰ ਲਾਣੇਦਾਰ ਜਾਂ ਚੌਧਰੀ ਕਿਹਾ ਜਾਂਦਾ ਸੀ। ਘਰ ਦੇ ਬਜ਼ੁਰਗ ਸਾਰੇ ਘਰ ਦੀ ਵਾਂਗਡੋਰ ਆਪ ਸੰਭਾਲਦੇ ਹੁੰਦੇ ਸਨ। ਜੇ ਘਰ ਵਿੱਚ ਕੋਈ ਵਿਆਹ ਰੱਖਿਆ ਜਾਂਦਾ ਸੀ ,ਤਾਂ ਪੂਰਾ ਪਰਿਵਾਰ ਇਕੱਠਾ ਹੋ ਕੇ ਤਿਆਰੀਆਂ ਕਰਦਾ ਸੀ। ਨਾਨਕ ਛੱਕਾਂ ਇਕੱਠੇ ਲਾਈਆਂ ਜਾਂਦੀਆਂ ਸਨ। ਪਰਿਵਾਰਾਂ ਵਿਚ ਆਪਸੀ ਬਹੁਤ ਜ਼ਿਆਦਾ ਪਿਆਰ ਹੁੰਦਾ ਸੀ। ਸਹਿਣਸ਼ੀਲਤਾ ਬਹੁਤ ਸੀ। ਇੰਨੇ ਵੱਡੇ ਪਰਿਵਾਰ ਵਿੱਚ ਵਿਚਰਦੇ ਹੋਏ ਬੱਚਿਆਂ ਨੂੰ ਵੱਡਿਆਂ ਦਾ ਸਤਿਕਾਰ ਕਰਨਾ, ਛੋਟਿਆਂ ਨੂੰ ਪਿਆਰ ਕਰਨਾ, ਵੱਡਿਆਂ ਦੇ ਕੰਮ ਵਿੱਚ ਹੱਥ ਵਟਾਉਣਾ , ਨੈਤਿਕ ਕਦਰਾ ਕੀਮਤਾਂ ਦਾ ਪਤਾ ਚੱਲ ਜਾਂਦਾ ਸੀ। ਬੱਚਾ ਪਰਿਵਾਰ ਵਿੱਚੋਂ ਬਹੁਤ ਕੁਝ ਸਿੱਖ ਲੈਂਦਾ ਸੀ।

ਜੇ ਘਰ ਵਿਚ ਕੋਈ ਉੱਨੀ–ਇੱਕੀ ਹੋ ਜਾਂਦੀ ਸੀ, ਤਾਂ ਪਰਿਵਾਰਕ ਮੈਂਬਰਾਂ ਵਿੱਚ ਗੱਲ ਬਰਦਾਸ਼ਤ ਕਰਨ ਦੀ ਤਾਕਤ ਹੁੰਦੀ ਸੀ। ਬੱਚਿਆਂ ਨੂੰ ਵੀ ਉਸ ਦਾ ਡਰ ਰਹਿੰਦਾ ਸੀ। ਜੇ ਘਰ ਵਿਚ ਕੋਈ ਬਿਮਾਰੀ ਆ ਜਾਂਦੀ ਸੀ ਤਾਂ ਪਤਾ ਹੀ ਨਹੀਂ ਲੱਗਦਾ ਸੀ ਕਿ ਬਿਮਾਰੀ ਵਿੱਚੋਂ ਕਿਸ ਤਰ੍ਹਾਂ ਬਾਹਰ ਨਿਕਲ ਜਾਂਦੇ ਸੀ। ਬੀਮਾਰ ਬੰਦੇ ਨੂੰ ਪੂਰਾ ਪਰਿਵਾਰ ਹੌਂਸਲਾ ਦਿੰਦਾ ਸੀ। ਪਤਾ ਹੀ ਨਹੀਂ ਲੱਗਦਾ ਸੀ ਕਿ ਕਿਸ ਤਰ੍ਹਾਂ ਕੁੱਝ ਕੁ ਦਿਨਾਂ ਵਿਚ ਉਹ ਬੰਦਾ ਤੰਦਰੁਸਤ ਹੋ ਜਾਂਦਾ ਸੀ। ਠੀਕ ਇਸੇ ਤਰ੍ਹਾਂ ਜੇ ਪਰਿਵਾਰ ਵਿਚ ਕਿਸੇ ਬੰਦੇ ਤੇ ਕੋਈ ਮੁਸੀਬਤ ਆ ਜਾਂਦੀ ਸੀ , ਜਾਂ ਸਮੱਸਿਆ ਦਾ ਸਮਾਧਾਨ ਨਹੀਂ ਹੁੰਦਾ ਸੀ, ਤਾਂ ਘਰ ਦੇ ਵੱਡੇ ਬਜ਼ੁਰਗ ਆਪਸ ਵਿਚ ਬੈਠ ਕੇ ਸਾਰਾ ਪਰਿਵਾਰ ਸਲਾਹ ਮਸ਼ਵਰਾ ਕਰਕੇ ਸਮੱਸਿਆ ਦਾ ਹੱਲ ਕੱਢ ਲੈਂਦਾ ਸੀ। ਪਰਿਵਾਰ ਵਿਚ ਪਿਆਰ ਬਹੁਤ ਹੁੰਦਾ ਸੀ। ਵੱਡੇ ਬਜ਼ੁਰਗਾਂ ਦੀ ਅੱਖ ਤੋਂ ਹੀ ਬੱਚੇ ਡਰ ਜਾਂਦੇ ਸੀ । ਜੇ ਕੋਈ ਬੱਚਾ ਗਲਤੀ ਵੀ ਕਰ ਦਿੰਦਾ ਸੀ, ਤਾਂ ਵੱਡੇ ਤਾਏ ਚਾਚੇ ਉਸਨੂੰ ਝਿੜਕ ਦਿੰਦੇ ਸਨ। ਮਾਂ–ਬਾਪ ਨੂੰ ਬਿਲਕੁਲ ਵੀ ਦੁੱਖ ਨਹੀਂ ਹੁੰਦਾ ਸੀ ਕਿ ਸਾਡੇ ਬੱਚੇ ਨੂੰ ਝਿੜਕਿਆ। ਪਰਿਵਾਰ ਵਿਚ ਇਕ–ਦੂਜੇ ਦੀ ਗੱਲ ਬਰਦਾਸ਼ਤ ਕਰਨ ਦੀ ਤਾਕਤ ਸੀ। ਜੋ ਵੱਡੇ ਬਜ਼ੁਰਗਾਂ ਨੇ ਕਹਿ ਦਿੱਤਾ ਉਸ ਤੇ ਪੂਰਨੇ ਪਾਏ ਜਾਂਦੇ ਸਨ। ਮਜਾਲ ਜੇ ਘਰ ਦਾ ਕੋਈ ਵੀ ਜੀਅ ਵੱਡੇ ਬਜ਼ੁਰਗਾਂ ਦੇ ਮੂਹਰੇ ਬੋਲ ਪਵੇ। ਖੇਤਾਂ ਵਿੱਚ ਖੇਤੀ ਸਾਰੇ ਰਲ ਮਲ ਕੇ ਹੀ ਕਰਦੇ ਸਨ। ਬੱਚੇ ਮਾਂ–ਬਾਪ ਦੇ ਕੰਮਾਂ ਵਿਚ ਹੱਥ ਵਟਾਉਂਦੇ ਸਨ। ਹਾੜ੍ਹੀ ਸੌਣੀ ਦੀਆਂ ਫਸਲਾਂ ਆਪ ਬੀਜੀਆਂ ਜਾਂਦੀਆਂ ਸਨ ਤੇ ਆਪ ਹੀ ਕਟਾਈ ਕੀਤੀ ਜਾਂਦੀ ਸੀ। ਪੂਰਾ ਏਕਾ ਹੁੰਦਾ ਸੀ।

ਸਮਾਂ ਬਦਲਿਆ।ਪਰ ਅੱਜ ਕੱਲ ਸੰਯੁਕਤ ਪਰਿਵਾਰ ਖ਼ਤਮ ਹੁੰਦੇ ਜਾ ਰਹੇ ਹਨ। ਪਰਿਵਾਰ ਵਿੱਚ ਜੇ ਕਿਸੇ ਜੀਅ ਨੂੰ ਬਾਹਰ ਨੌਕਰੀ ਮਿਲ ਜਾਂਦੀ ਹੈ ਤਾਂ ਉਹ ਫਿਰ ਆਪਣੇ ਹੀ ਪਰਿਵਾਰ ਨੂੰ ਬਾਹਰ ਲੈ ਜਾਂਦਾ ਹੈ। ਚਾਹੇ ਉਸਦਾ ਕੋਈ ਹੋਰ ਭੈਣ ਭਰਾ ਨਾ ਹੋਵੇ, ਫਿਰ ਪਿੱਛੇ ਮਾਂ ਬਾਪ ਹੀ ਰਹਿ ਜਾਂਦੇ ਹਨ। ਅੱਜ ਕੱਲ ਸਾਰੇ ਹੀ ਪੜ੍ਹ ਲਿਖ ਕੇ ਨੌਕਰੀ ਕਰ ਰਹੇ ਹਨ । ਪੱਛਮੀ ਸਭਿਅਤਾ ਦਾ ਬਹੁਤ ਜਿਆਦਾ ਬੋਲ ਬਾਲਾ ਹੈ ।ਵੱਡੇ ਪਰਿਵਾਰਾਂ ਦੀ ਜਗ$ਹਾ ਹੁਣ ਪਰਿਵਾਰ ਵਿਚ ਸਿਰਫ ਚਾਰ ਮੈਂਬਰਾਂ ਨੇ ਲੈ ਲਈ। ਸਾਰੇ ਹੀ ਅੱਡ–ਅੱਡ ਰਹਿੰਦੇ ਹਨ। ਪਦਾਰਥਵਾਦ ਭਾਰੂ ਹੋ ਰਿਹਾ ਹੈ। ਬੱਚਿਆਂ ਨੂੰ ਮਾਂ ਬਾਪ ਦੀ ਦਖਲਅੰਦਾਜ਼ੀ ਬਿਲਕੁਲ ਵੀ ਪਸੰਦ ਨਹੀਂ ਹੈ। ਉਹਨਾਂ ਵੇਲੇ ਘਰ ਦੇ ਆਦਮੀ ਹੀ ਬਾਹਰ ਨੌਕਰੀ ਕਰਨ ਜਾਂਦੇ ਸਨ। ਪਰ ਅੱਜ ਦੇ ਜਮਾਨੇ ਵਿੱਚ ਔਰਤਾਂ ਹਰ ਖੇਤਰ ਵਿੱਚ ਮੋਹਰੀ ਹਨ। ਅੱਜ ਔਰਤਾਂ ਨੌਕਰੀ ਨੂੰ ਤਰਜ਼ੀਹ ਦੇ ਰਹੀਆਂ ਹਨ। ਪਿੰਡਾਂ ਵਿੱਚੋਂ ਵੀ ਪੜ੍ਹੀਆਂ ਲਿਖੀਆਂ ਨੂੰਹਾਂ ਨੌਕਰੀ ਕਰ ਰਹੀਆਂ ਹਨ।

ਦੋਵੇਂ ਜੀਅ ਨੌਕਰੀ ਪੇਸ਼ਾ ਹੋਣ ਕਾਰਨ ਬੱਚਿਆਂ ਨੂੰ ਸਮਾਂ ਨਹੀਂ ਦੇ ਪਾਉਂਦੇ ਹਨ। ਜਿਸ ਕਾਰਨ ਬੱਚਿਆਂ ਨੂੰ ਚੰਗੇ ਸੰਸਕਾਰ ਨਹੀਂ ਹਨ। ਨੈਤਿਕ ਕਦਰਾਂ ਕੀਮਤਾਂ ਬਾਰੇ ਉਹਨਾਂ ਨੂੰ ਕੁੱਝ ਵੀ ਨਹੀਂ ਪਤਾ ਹੈ। ਅੱਜ ਕੱਲ ਦੇ ਬੱਚਿਆਂ ਵਿੱਚ ਸਹਿਣਸ਼ੀਲਤਾ ਬਿਲਕੁਲ ਵੀ ਨਹੀਂ ਹੈ। ਗੁੱਸੇ ਨਾਲ ਭਰੇ ਹੋਏ ਹਨ। ਛੋਟੀ ਛੋਟੀ ਗੱਲ ਤੇ ਲੜਾਈ ਝਗੜਾ ਤੱਕ ਕਰਨ ਨੂੰ ਆਉਂਦੇ ਹਨ। ਮਾਪੇ ਬੱਚਿਆਂ ਨੂੰ ਕੁੱਝ ਕਹਿਣ ਤੋਂ ਡਰਦੇ ਹਨ ਕਿਉਂਕਿ ਜੇ ਉਹਨਾਂ ਨੂੰ ਉਹ ਟੋਕਣਗੇ ,ਬੱਚੇ ਬਰਾਬਰੀ ਕਰਦੇ ਹਨ ਜਾਂ ਫਿਰ ਉਹ ਕਈ ਵਾਰ ਗਲਤ ਕਦਮ ਚੁੱਕ ਲੈਂਦੇ ਹਨ। ਆਤਮ ਹੱਤਿਆ ਤੱਕ ਕਰ ਰਹੇ ਹਨ। ਰਹਿੰਦੀ ਕਸਰ ਮੋਬਾਇਲ ਨੇ ਪੂਰੀ ਕਰ ਦਿੱਤੀ ਹੈ। ਬੱਚੇ ਬਾਹਰ ਖੇਡਣ ਜਾਂਦੇ ਨਹੀਂ ਹਨ।ਮੋਬਾਇਲ ਤੇ ਹੀ ਸਾਰਾ ਦਿਨ ਲੱਗੇ ਰਹਿੰਦੇ ਹਨ। ਜਿਸ ਕਾਰਨ ਉਹਨਾਂ ਦਾ ਸ਼ਰੀਰਿਕ ਵਿਕਾਸ ਚੰਗੀ ਤਰ੍ਹਾਂ ਨਹੀਂ ਹੋ ਰਿਹਾ ਹੈ। ਚੰਗੀਆਂ ਕਿਤਾਬਾਂ ਪੜ੍ਹਨ ਦਾ ਬੱਚਿਆਂ ਵਿੱਚ ਰੁਝਾਨ ਘਟਦਾ ਜਾ ਰਿਹਾ ਹੈ।

ਅੱਗੇ ਬੱਚੇ ਛੁੱਟੀਆਂ ਵਿੱਚ ਨਾਨੀ ,ਭੂਆ ਘਰ ਜਾਂਦੇ ਸਨ ।ਹੁਣ ਇੱਕ ਦਿਨ ਲਈ ਜਾਂਦੇ ਹਨ ਜਾਂ ਫਿਰ ਕੁਝ ਘੰਟਿਆਂ ਬਾਅਦ ਵਾਪਸ ਆ ਜਾਂਦੇ ਹਨ। ਜਿਹੜੀਆਂ ਚੰਗੀਆਂ ਗੱਲਾਂ, ਕਹਾਣੀਆਂ ਦਾਦਾ ਦਾਦੀ,ਨਾਨਾ ਨਾਨੀ ਬੱਚਿਆਂ ਨੂੰ ਸਿਖਾਉਂਦੇ ਹਨ, ਅੱਜ ਕੱਲ ਦੇ ਬੱਚਿਆਂ ਨੂੰ ਕੀ ਪਤਾ? ਸੰਯੁਕਤ ਪਰਿਵਾਰਾਂ ਦੀ ਜਗ$ਹਾ ਹੁਣ ਸੀਮਿਤ ਪਰਿਵਾਰ ਹੋ ਚੁੱਕੇ ਹਨ। ਘਰ ਵਿੱਚ ਹੁਣ ਮਾਂ ਬਾਪ ਤੇ ਬੱਚੇ ਹੀ ਹੁੰਦੇ ਹਨ। ਬੱਚਿਆਂ ਨੂੰ ਮਾਂ–ਬਾਪ ਦਾ ਬਿਲਕੁਲ ਵੀ ਡਰ ਵੀ ਨਹੀਂ ਰਿਹਾ ਹੈ। ਮਾਂ–ਬਾਪ ਦੇ ਮੂਹਰੇ ਬੱਚੇ ਬਹਿਸ ਕਰਨ ਲੱਗ ਪਏ ਹਨ।

ਭਾਈਚਾਰਕ ਸਾਂਝ ਖ਼ਤਮ ਹੋ ਚੁਕੀ ਹੈ। ਆਪਸੀ ਪ੍ਰੇਮ, ਪਿਆਰ ਮੁਹੱਬਤ ਸਿਰਫ਼ ਨਾਮ ਦਾ ਹੀ ਰਹਿ ਗਿਆ ਹੈ। ਰਿਸ਼ਤਿਆਂ ਦਾ ਘਾਣ ਹੋ ਚੁੱਕਿਆ ਹੈ। ਆਪਸੀ ਪ੍ਰੇਮ ਭਾਈਚਾਰਾ ਸਾਨੂੰ ਸਿਰਫ ਵੱਡੇ ਪਰਿਵਾਰ ਤੋਂ ਹੀ ਮਿਲ ਸਕਦਾ ਹੈ। ਅੱਜ ਦੀ ਪੀੜ੍ਹੀ ਲਈ ਚੰਗਾ ਮਾਰਗ ਦਰਸ਼ਕ ਕੋਈ ਵੀ ਨਹੀਂ ਹੈ।

# ਔਲਾਦ ਨੂੰ ਸੰਭਾਲ ਲਓ ਪੰਜਾਬੀਓ



ਬਘੇਲ ਸਿੰਘ ਧਾਲੀਵਾਲ
99142-58142

ਆਪਣੀ ਔਲਾਦ ਨੂੰ ਸੰਭਾਲ ਲਉ ਪੰਜਾਬੀਓ! ਜਿਵੇਂ ਸਾਡਾ ਪੁਰਾਤਨ ਇਤਿਹਾਸ ਪੜ੍ਹਦਿਆਂ ਪਤਾ ਚਲਦੈ ਕਿ ਜਦੋਂ ਵਿਦੇਸ਼ੀ ਰਾਜੇ ਮਹਾਰਾਜੇ ਸਾਡੇ ਭਾਰਤ ਦੇਸ਼ ਉੱਤੇ ਹਮਲੇ ਕਰਦੇ ਸਨ ਤਾਂ ਭਾਰਤ ਦੀ ਮਜਬੂਰ ਪਰਜਾ ਨੂੰ ਤੀਹਰੀ ਮਾਰ ਝੱਲਣੀ ਪੈਂਦੀ ਸੀ। ਇਕ ਤਾਂ ਉਹ ਵਿਦੇਸ਼ੀ ਧਾੜਵੀ ਰਾਜੇ ਲੋਕਾਂ ਦਾ ਧਨ ਲੁੱਟਦੇ ਸਨ, ਦੂਜਾ ਮਾਲ ਡੰਗਰ, ਤੀਜਾ ਸਾਡੇ ਦੇਸ਼ ਦੀਆਂ ਸੁੰਦਰ ਧੀਆਂ–ਭੈਣਾਂ ਨੂੰ ਬੰਧਕ ਬਣਾ ਕੇ ਆਪਣੇ ਨਾਲ ਹੀ ਲੈ ਜਾਂਦੇ ਸਨ।

ਨਾਲੋਂ ਨਾਲ ਉਹ ਪਰਜਾ ਦਾ ਬੜੀ ਹੀ ਬੇਰਿਹਮੀ ਨਾਲ ਕਤਲੇਆਮ ਵੀ ਕਰਦੇ ਸਨ। ਜਿਸ ਕਰਕੇ ਮਾਤਾਵਾਂ ਨੇ ਆਪਣੇ ਬੱਚਿਆਂ ਨੂੰ ਮਿੱਟੀ ਦੇ ਬਣੇ ਦਾਣੇ ਪਾਉਣ ਵਾਲੇ ਭੜੋਲਿਆਂ 'ਚ ਪਾ ਕੇ ਜਾਬਰਾਂ ਤੋਂ ਬਚਾਉਣਾ ਪੈਂਦਾ। ਕਿਉਂਕਿ ਘਰਾਂ ਦੇ ਮਰਦ ਤਾਂ ਘਰ ਬਾਰ ਛੱਡ ਕੇ ਜੰਗਲਾਂ ਆਦਿ ਵਿਚ ਚਲੇ ਜਾਂਦੇ ਸਨ। ਅੱਜ ਅਸੀਂ ਇਕ ਆਜ਼ਾਦ ਭਾਰਤ ਦੇ ਵਾਸੀ ਹਾਂ। ਸਾਡੀ ਰਾਖੀ ਦੀ ਜ਼ਿੰਮੇਵਾਰੀ ਸਾਡੇ ਦੇਸ਼ ਦੀ ਫੌਜ ਤੇ ਪੁਲਿਸ ਦੇ ਸਿਰ 'ਤੇ ਹੈ। ਇਸ ਕਰਕੇ ਅੱਜ ਸਾਨੂੰ ਕਿਸੇ ਵੀ ਬਾਹਰੀ ਖ਼ਤਰੇ ਦਾ ਡਰ ਨਹੀਂ ਹੈ। ਅੱਜ ਕੱਲ ਤਾਂ ਪੁਰਾਤਨ ਸਮੇਂ ਨਾਲੋਂ ਇਹ ਵੀ ਅੰਤਰ ਆ ਗਿਆ ਹੈ ਕਿ ਸਾਡੇ ਦੇਸ਼ ਦਾ ਹਰ ਨਾਗਿਰਕ ਪੜ੍ਹਿਆ –ਲਿਖਿਆ ਹੈ, ਜਿਸ ਕਰਕੇ ਅੱਜ ਦਾ ਇਨਸਾਨ ਵਿੱਦਿਅਕ ਯੋਗਤਾ ਕਰਕੇ ਇਲੈਕਟ੍ਰੋਨਿਕ ਯੰਤਰਾਂ ਦੀ ਮੱਦਦ ਨਾਲ ਪੂਰੀ ਦੁਨੀਆਂ ਦੀ ਪਲ–ਪਲ 'ਤੇ ਜਾਣਕਾਰੀ ਵੀ ਰੱਖਣ ਲੱਗ ਪਿਆ ਹੈ। ਵਿੱਦਿਅਕ ਯੋਗਤਾ ਦੇ ਸਿਰ 'ਤੇ ਹਰ ਇਨਸਾਨ ਦਾ ਆਰਥਿਕ ਪੱਖ ਵੀ ਚੰਗਾ ਹੈ। ਜਿਸ ਕਰਕੇ ਉਹ ਸਮੇਂ ਦੀਆਂ ਸੁੱਖ–ਸਹੂਲਤਾਂ ਮਾਣ ਰਿਹਾ ਹੈ। ਪਰ ਸਾਡੇ ਦੇਸ਼ ਵਾਸੀਆਂ ਕੋਲ ਸੁੱਖ–ਸਹੂਲਤਾਂ ਹੋਣ ਦੇ ਬਾਵਜੂਦ ਅੱਜ ਵੀ ਮਾਪੇ ਆਪਣੇ ਬੱਚਿਆਂ ਪ੍ਰਤੀ ਚਿੰਤਤ ਹਨ। ਕਈ ਮਾਂ–ਬਾਪ ਤਾਂ ਬੱਚਿਆਂ ਦੀ ਚਿੰਤਾ ਵਿਚ ਡੁੱਬੇ ਆਪਣੇ ਸਰੀਰਾਂ ਨੂੰ ਰੋਗ ਵੀ ਲਾ ਬੈਠਦੇ ਹਨ। ਇਹ ਸਭ ਕਿਉਂ? ਅੱਜ ਦੇ ਪੜ੍ਹੇ ਲਿਖੇ ਸਮਾਜ ਅੰਦਰ ਇਹ ਇਕ ਚਿੰਤਾ ਦਾ ਵਿਸ਼ਾ ਵੀ ਹੈ। ਦੇਖਿਆ ਗਿਆ ਹੈ ਕਿ ਜੇਕਰ ਇਨ੍ਹਾਂ ਸਭ ਗੱਲਾ 'ਤੇ ਗੌਰ ਕਰੀਏ ਤਾਂ ਪਤਾ ਲੱਗਦੈ ਕਿ ਇਹ ਜੋ ਸਾਡੇ ਪਰਿਵਾਰਾਂ ਵਿਚ ਵਾਪਰ ਰਿਹਾ ਹੈ, ਅਸੀਂ ਆਪ ਹੀ ਇਨ੍ਹਾਂ ਸਮੱਸਿਆਵਾਂ ਲਈ ਜ਼ਿੰਮੇਵਾਰ ਹਾਂ। ਕਿਉਂਕਿ ਅਸੀਂ ਤਾਂ ਖਾਹ–ਮਖਾਹ ਦੀਆਂ ਵਡਿਆਈਆਂ ਵਿਚ ਅਜਿਹੇ ਉਲ਼ਝ ਗਏ ਹਾਂ।

ਪਰ ਅੱਜ ਦੇ ਮੁਕਾਬਲੇ ਪੁਰਾਤਨ ਸਮੇਂ ਸਾਡੇ ਦੇਸ਼ ਵਾਸੀਆਂ ਨੇ ਆਪਣੇ ਬੱਚਿਆਂ ਦੀ ਉਮਰ ਵਧਣ ਦੇ ਨਾਲ–ਨਾਲ ਗਿਆਨ ਦੀਆਂ ਗੱਲਾਂ ਸਿਖਾਉਣੀਆਂ, ਘਰੇਲੂ ਜਾਨਵਰਾਂ ਜਾਂ ਪਸ਼ੂਆਂ ਪ੍ਰਤੀ ਉਨ੍ਹਾਂ ਦੇ ਅੰਦਰ ਮੋਹ ਪੈਦਾ ਕਰਨਾ। ਉਮਰ ਵਧਣ ਦੇ ਨਾਲ ਬੱਚਿਆਂ ਅੰਦਰ ਪਿਤਾ ਪੁਰਖੀ ਕਿੱਤੇ ਪ੍ਰਤੀ ਖਿੱਚ ਪੈਦਾ ਕਰਨੀ। ਇਸੇ ਕਰਕੇ ਪੁਰਾਤਨ ਸਮੇਂ 'ਚ ਬੱਚੇ ਘੱਟ ਵਿਗੜਦੇ ਸਨ। ਪਰ ਪੁਰਾਤਨ ਸਮੇਂ ਵਿੱਦਿਆ ਦਾ ਏਨਾ ਪਸਾਰਾ ਨਹੀਂ ਸੀ। ਪਹਿਲਾਂ ਨਿਰਮਲੇ ਮਹੰਤਾਂ ਦੇ ਡੇਰਿਆਂ ਵਿਚ ਪੜ੍ਹਾਇਆ ਜਾਂਦਾ ਸੀ। ਬਾਅਦ ਵਿਚ ਸਰਕਾਰੀ ਸਕੂਲ ਖੁੱਲ੍ਹ ਗਏ ਸਨ। ਪਰ ਉਨ੍ਹਾਂ ਸਮਿਆਂ ਵਿਚ ਕੋਈ ਟਾਵਾਂ–ਟਾਵਾਂ ਹੀ ਬੱਚਾ ਪੜ੍ਹਾਈ ਕਰਦਾ ਹੁੰਦਾ ਸੀ। ਵੀਹਵੀਂ ਸਦੀ ਦੇ ਅੱਧ 'ਚ ਆ ਕੇ ਪੇਂਡੂ ਬੱਚਿਆਂ ਨੂੰ ਮਾਪਿਆਂ ਨੇ ਕਹਿਣਾ ਕਿ ਪੁੱਤ ਪੜ੍ਹ ਲੈ? ਨਹੀਂ ਤਾਂ ਫਿਰੇਂਗਾ ਢੱਗਿਆਂ ਦੀਆਂ ਪੂੰਛਾਂ ਮਰੋੜਦਾ। ਭਾਵ ਇਹ ਸੀ ਕਿ ਜੇਕਰ ਕੋਈ ਬੱਚਾ ਲੋਅਰ ਮਿਡਲ ਵੀ ਕਰ ਲੈਂਦਾ ਸੀ ਤਾਂ ਉਸ ਲਈ ਸਰਕਾਰੀ ਨੌਕਰੀ ਪੱਕੀ ਜਾਣੀ ਜਾਂਦੀ ਸੀ। ਪੁਰਾਤਨ ਸਮੇਂ ਜਿਹੜੇ ਬੱਚੇ ਚੰਗੇ ਪੜ੍ਹਲਿਖ ਵੀ ਜਾਂਦੇ ਸਨ, ਤਾਂ ਵੀ ਉਹ ਆਪਣੇ ਸਕੇ–ਸਕੇਲਿਆਂ ਵਿਚ, ਰਿਸ਼ਤੇ ਨਾਤਿਆਂ ਵਿਚ ਵਧੀਆ ਮਿਲਵਰਤਨ ਰੱਖਦੇ ਸਨ। ਕਿਉਂਕਿ ਉਨ੍ਹਾਂ ਸਮਿਆਂ ਵਿਚ ਮਾਪੇ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਛੋਟੇ ਹੁੰਦਿਆਂ ਤੋਂ ਹੀ ਰਿਸ਼ਤੇ ਨਾਤਿਆਂ ਵਿਚ ਮੇਲ ਮਿਲਾਪ ਤੇ ਹਰ ਥਾਂ ਸਲੀਕੇ ਨਾਲ ਮਿਲਣ ਦੀ ਨਾਲੋਂ ਨਾਲ ਜਾਣਕਾਰੀ ਵੀ ਦਿੰਦੇ ਸਨ ਕਿ ਰਿਸ਼ਤੇ ਨਾਤੇ ਤਾਂ ਹਰ ਇਨਸਾਨ ਦੇ ਦੁੱਖ–ਸੁੱਖ ਵਿਚ ਖੰਭਾਂ ਵਾਂਗ ਹੁੰਦੇ ਹਨ। ਪਰ ਇਸ ਦੇ ਉਲਟ ਅੱਜ ਜ਼ਿਆਦਾਤਰ ਮਾਂ–ਬਾਪ ਦੇ ਮਨ ਵਿਚ ਇਹ ਗੱਲ ਚੱਲਦੀ ਹੈ ਕਿ ਜੇਕਰ ਬੱਚਾ ਚੰਗਾ ਪੜ੍ਹਲਿਖ ਜਾਵੇਗਾ, ਤਾਂ ਉਹ ਵੱਡਾ ਹੋ ਕੇ ਚੰਗਾ ਪੈਸਾ ਕਮਾਵੇਗਾ।

ਇਹ ਹੈ ਵੀ ਸੱਚ ਕਿਉਂਕਿ ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਬਚਪਨ ਵਿਚ ਹੀ ਇਹ ਗੱਲ ਰਟਾਉਣੀ ਸ਼ੁਰੂ ਕਰ ਦਿੰਦੇ ਹਨ ਕਿ ਬੇਟਾ! ਜੇਕਰ ਤੂੰ ਬਹੁਤੀ ਪੜ੍ਹਾਈ ਕਰੇਂਗਾ ਤਾਂ ਬਹੁਤਾ ਪੈਸਾ ਕਮਾ ਕੇ ਆਪਣਾ ਜੀਵਨ ਖ਼ੁਸ਼ਹਾਲ ਬਣਾਵੇਂਗਾ। ਸੋ, ਹਰ ਮਾਪੇ ਬੱਚਿਆਂ ਦੇ ਖੇਡਣ–ਮੱਲਣ ਦੇ ਦਿਨਾਂ ਤੋਂ ਹੀ ਉਕਤ ਗੱਲਾਂ ਵਾਰ–ਵਾਰ ਬੱਚੇ ਕੋਲ਼ ਰੱਟਦੇ ਹਨ। ਭਾਵ ਤਿੰਨ ਸਾਢੇ ਤਿੰਨ ਸਾਲ ਦੇ ਬੱਚੇ ਦੇ ਦਿਮਾਗ ਉੱਤੇ ਅਸੀਂ ਪੜ੍ਹਾਈ ਦਾ ਬੋਝ ਪਾ ਕੇ ਉਸਨੂੰ ਰਿਸ਼ਤੇ ਨਾਤਿਆਂ ਦਾ ਮੋਹ ਤਿਆਗ, ਪਾਲਤੂ ਪਸ਼ੂ–ਪੰਛੀਆਂ ਤੇ ਜਾਨਵਰਾਂ ਦਾ ਮੋਹ ਗਵਾ ਕੇ ਤੇ ਪਿਤਾ ਪੁਰਖੀ ਕਿੱਤਿਆਂ ਨੂੰ ਬਚਪਨ ਤੋਂ ਹੀ ਤਿਲਾਂਜਲੀ ਦਿੰਦਿਆਂ ਬੱਸ ਇੱਕੋ ਗੱਲ ਉਸ ਦੇ ਦਿਲ ਦਿਮਾਗ ਵਿਚ ਚੰਗੀ ਤਰ੍ਹਾਂ ਵਸਾ ਦਿੱਤੀ ਜਾਂਦੀ ਹੈਕਿ ਜੇਕਰ ਚੰਗੀ ਪੜ੍ਹਾਈ ਕਰੇਂਗਾ, ਤਾਂ ਹੀ ਤੇਰਾ ਜੀਵਨ ਸਫ਼ਲ ਹੋਵੇਗਾ। ਅਜੋਕੇ ਸਮੇਂ ਵਿਚ ਪੜ੍ਹਾਈ ਬਹੁਤ ਜ਼ਰੂਰੀ ਹੈ। ਪਰ ਇੱਥੇ ਇਹ ਗੱਲ ਕਰਨੀ ਵੀ ਜ਼ਰੂਰੀ ਹੈ ਜੀ ਕਿ ਜਿਹੜੇ ਮਾਪੇ ਆਪਣੇ ਬੱਚਿਆਂ ਦਾ ਖ਼ਿਆਲ ਰੱਖਦੇ ਹਨ ਭਾਵ ਉਸ ਦੀ ਹਰ ਹਰਕਤ ਉੱਤੇ ਜਾਂ ਬੱਚੇ ਦੀ ਸੁਸਾਇਟੀ ਕਿਹੋ ਜਿਹੀ ਹੈ, ਕਿਹੋ ਜਿਹੇ ਬੱਚਿਆਂ ਨਾਲ ਬੈਠਦਾ ਉੱਠਦਾ ਹੈ, ਭਾਵ ਜੇਕਰ ਬੱਚਾ ਗ਼ਲਤ ਬੱਚਿਆਂ ਨਾਲ਼ ਉੱਠਦਾ–ਬਹਿੰਦਾ ਹੈ ਤਾਂ ਆਪਣੇ ਬੱਚੇ ਨੂੰ ਵਰਜਦੇ ਵੀ ਹਨ। ਮਾੜੀ ਸੰਗਤ ਦੇ ਮਾੜੇ ਨਤੀਜਿਆਂ ਬਾਰੇ ਬੱਚੇ ਨੂੰ ਸੁਚੇਤ ਵੀ ਕਰਦੇ ਰਹਿੰਦੇ ਹਨ। ਨਾਲੋਂ ਨਾਲ ਬੁਰੀ ਸੰਗਤ ਦੇ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵ ਪ੍ਰਤੀ ਸੁਚੇਤ ਵੀ ਕਰਦੇ ਹਨ ਤਾਂ ਉਨ੍ਹਾਂ ਦੇ ਬੱਚੇ ਕਦੇ ਵੀ ਗ਼ਲਤ ਪਾਸੇ ਨਹੀਂ ਜਾਂਦੇ। ਅੱਜ ਦੇ ਤੇਜ਼ ਤਰਾਰ ਜ਼ਮਾਨੇ ਵਿਚ ਹਰ ਇਨਸਾਨ ਦਾ ਪੜ੍ਹਿਆ ਲਿਖਿਆ ਹੋਣਾ ਅਤਿ ਜ਼ਰੂਰੀ ਹੈ ਜੀ। ਨਾਲੇ ਵਿੱਦਿਅਕ ਯੋਗਤਾ ਦਾ ਕੋਈ ਅੰਤ ਨਹੀਂ ਹੈ।

ਇਨਸਾਨ ਭਾਵੇਂ ਸਾਰੀ ਜ਼ਿੰਦਗੀ ਪੜ੍ਹਦਾ ਰਹੇ, ਤਾਂ ਵੀ ਪੜ੍ਹਾਈ ਪੂਰੀ ਨਹੀਂ ਹੁੰਦੀ। ਪਰ ਹਰ ਪੜ੍ਹੇ ਲਿਖੇ ਇਨਸਾਨ ਨੂੰ ਸਿਆਣਾ ਜਾਂ ਅਤਿ ਸਿਆਣਾ ਹੋਣਾ ਵੀ ਅਤਿ ਜ਼ਰੂਰੀ ਹੈ। ਕਿਉਂਕਿ ਜੇਕਰ ਪੜ੍ਹਿਆ ਲਿਖਿਆ ਇਨਸਾਨ ਆਪਣੇ ਵਿੱਦਿਅਕ ਗਿਆਨ ਨੂੰ ਸਿਆਣਪ ਨਾਲ ਚੰਗੇ ਪਾਸੇ ਲਾਵੇਗਾ ਤਾਂ ਉਹ ਆਪਣੇ ਤੇ ਆਪਣੇ ਪਰਿਵਾਰ ਦਾ ਇਕੱਲਾ ਜੀਵਨ ਹੀ ਖ਼ੁਸ਼ਹਾਲ ਨਹੀਂ ਕਰੇਗਾ, ਸਗੋਂ ਉਹ ਸਮਾਜ ਲਈ ਵੀ ਦਵਾ ਦਾਰੂ ਦਾ ਕੰਮ ਕਰੇਗਾ। ਪਰ ਜੇਕਰਂ ਕਸੇ ਪੜ੍ਹੇ ਲਿਖੇ ਇਨਸਾਨ ਨੇ ਆਪਣਾ ਦਿਮਾਗ਼ ਪੁੱਠੇ ਪਾਸੇ ਲਾ ਲਿਆ ਤਾਂ ਉਹ ਸਮਾਜ ਲਈ ਅਤਿ ਘਾਤਕ ਹੋਵੇਗਾ। ਕਿਉਂਕਿ ਅੱਜ ਜਿਵੇਂ ਅਸੀਂ ਹਰ ਰੋਜ਼ ਹੀ ਅਜਿਹੀਆਂ ਖ਼ਬਰਾਂ ਸੁਣਦੇ ਹਾਂ ਕਿ ਤਕਨੀਕੀ ਤੌਰ 'ਤੇ ਲੋਕਾਂ ਨਾਲ਼ ਕਿੰਨੇ ਫਰੌਡ ਹੋ ਰਹੇ ਹਨ। ਸੈਂਕੜੇ ਹਜ਼ਾਰਾਂ ਮੀਲ ਦੂਰ ਬੈਠੇ ਬੈਠੇ ਭੋਲ਼ੇ–ਭਾਲ਼ੇ ਲੋਕਾਂ ਦੇ ਬੈਂਕ ਖਾਤਿਆਂ 'ਚੋਂ ਤਕਨੀਕ ਨਾਲ ਹੀ ਪੈਸੇ ਕੱਢ ਰਹੇ ਹਨ। ਇੱਥੇ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਜੇਕਰ ਅਨਪੜ੍ਹ ਜਾਂ ਘੱਟ ਪੜ੍ਹਿਆ ਲਿਖਿਆ ਬੰਦਾ ਵਿਗੜੇ ਤਾਂ ਉਹ ਸਮਾਜ ਲਈ ਏਨਾ ਘਾਤਕ ਨਹੀਂ ਹੋਵੇਗਾ, ਜਿੰਨਾ ਇਕ ਪੜ੍ਹਿਆ ਲਿਖਿਆ। ਇਸ ਦੀ ਮਿਸਾਲ ਸਾਡੇ ਸਾਹਮਣੇ ਹੈ,ਜਿਵੇਂ ਇਕ ਮੁਲਕ ਦੇ ਕੁਝ ਬੰਦਿਆਂ ਨੇ ਅਮਰੀਕਾ ਵਿਚ ਇਕ ਜਹਾਜ਼ ਅਗਵਾਹ ਕਰਕੇ 16 ਮੰਜ਼ਿਲਾ ਟਾਵਰ ਵਿਚ ਮਾਰਿਆ ਸੀ। ਜਿਸ ਦੇ ਨਾਲ਼ ਹਜ਼ਾਰਾਂ ਲੋਕ ਮਾਰੇ ਗਏ ਤੇ ਅਨੇਕਾਂ ਜ਼ਖ਼ਮੀ ਹੋਏ। ਕੁਝ ਅਪਾਹਜ ਵੀ ਹੋ ਕੇ ਰਹਿ ਗਏ ਹੋਣਗੇ। ਆਰਥਿਕ ਨੁਕਸਾਨ ਵੱਖ ਸੀ। ਉਹ ਜਹਾਜ਼ ਜਿਨ੍ਹਾਂ ਨੇ ਅਗਵਾਹ ਕੀਤਾ ਸੀ, ਉਹ ਕੋਈ ਅਨਪੜ੍ਹ ਥੋੜ੍ਹਾ ਸਨ। ਉਹ ਤਾਂ ਪੜ੍ਹੇ–ਲਿਖੇ ਸਨ, ਜਿਨ੍ਹਾਂ ਨੇ ਪਾਇਲਟ ਦੀ ਡਿਗਰੀ ਪਾਸ ਕੀਤੀ ਹੋਈ ਸੀ। ਉਸ ਦਾ ਅੰਤ ਕੀ ਹੋਇਆ?

ਆਪਾਂ ਸਭ ਨੇ ਸੁਣਿਆ ਸੀ। ਪਰ ਅੱਜ ਸਾਡੇ ਪੰਜਾਬ ਦੇ ਹਾਲਾਤ ਕੀ ਨੇ ਕਿ ਅਸੀਂ ਪੰਜਾਬੀ ਖ਼ਾਸਕਰ ਪੰਜਾਬੀ ਹਰ ਤਿਉਹਾਰ 'ਤੇ ਕਾਰ ਵਿਹਾਰ ਨੂੰ ਬਿਨਾਂ ਸੋਚੇ ਸਮਝੇ ਦਿਖਾਵੇ ਦੇ ਤੌਰ 'ਤੇ ਜ਼ਿਆਦਾ ਹੀ ਉਤਸ਼ਾਹ ਨਾਲ ਮਨਾਉਣ ਲੱਗ ਪਏ ਹਾਂ। ਖ਼ਾਸਕਰ ਬੱਚਿਆਂ ਦਾ ਰੁਝਾਨ ਦਿਖਾਵੇ ਵਾਲੇ ਪਾਸੇ ਇੱਥੋਂ ਹੀ ਪੈਦਾ ਹੋਣਾ ਸ਼ੁਰੂ ਹੁੰਦੈ। ਹਰ ਸਾਲ ਜਨਵਰੀ–ਫਰਵਰੀ ਦੇ ਮਹੀਨੇ ਸਾਡੇ ਸਮਾਜ ਅੰਦਰ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ ਜਾਂਦੈ। ਸਾਡੇ ਗੁਰੂ ਸਾਹਿਬ ਜੀ ਨੇ ਵੀ ਕੀਤਰਨ ਵਿਚ ਬਸੰਤ ਰਾਗ ਰਚਿਆ ਸੀ, ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬਸੰਤ ਪੰਚਮੀ ਦੇ ਦਿਨ ਤੋਂ ਅੰਮ੍ਰਿਤ ਵੇਲ਼ੇ ਗਾਇਆ ਜਾਂਦਾ ਸੀ। ਕਿਉਂਕਿ ਪੋਹ ਦੀ ਅਤਿ ਕਹਿਰ ਦੀ ਸਰਦੀ ਤੋਂ ਬਾਅਦ ਕੁਝ ਦਿਨ ਵਧਣ ਦੇ ਨਾਲ–ਨਾਲ ਮੌਸਮ ਵੀ ਕੁਝ ਕਰਵਟ ਲੈਂਦਾ ਹੈ। ਪਰ ਅਸੀਂ ਲੋਕ ਉਸ ਅਕਾਲ ਪੁਰਖ ਦੇ ਗੁਣਗਾਨ ਕਰਨ ਦੀ ਥਾਵੇਂ ਅਸਮਾਨ ਵਿਚ ਪਤੰਗ ਚੜ੍ਹਾਉਣ ਨੂੰ ਹੀ ਬਸੰਤ ਦਾ ਤਿਉਹਾਰ ਸਮਝ ਬੈਠੇ ਹਾਂ। ਬਸੰਤ ਪੰਚਮੀ ਤੋਂ ਇਕ ਦੋ ਦਿਨ ਪਹਿਲਾਂ ਬਾਜ਼ਾਰਾਂ ਵਿਚ ਜਾ ਕੇ ਵੇਖੋ ਕਿ ਮਾਪੇ ਆਪਣੇ ਬੇਸਮਝ ਬੱਚਿਆਂ ਨੂੰ ਪੰਜ–ਪੰਜ ਸੌ ਤੱਕ ਦੇ ਪਤੰਗ ਤੇ ਸੈਂਕੜੇ ਰੁਪਏ ਦੀ ਚਾਇਨਾ ਡੋਰ ਦਿਵਾ ਕੇ ਫੁੱਲੇ ਨਹੀਂ ਸਮਾਉਂਦੇ। ਜਿਹੜੀ ਇਹ ਡੋਰ ਖ਼ਰੀਦਦੇ ਹਨ,ਇਹ ਡੋਰ ਪਤੰਗ ਨੂੰ ਬੰਨ ਕੇ ਜਦੋਂ ਬੱਚੇ ਪਤੰਗ ਅਸਮਾਨ ਵਿਚ ਚੜ੍ਹਦੀਆਂ ਤੇ ਡਿਗਦੀਆਂ ਹਨ, ਤਾਂ ਇਹ ਪਲਾਸਿਟਕ ਦੀ ਡੋਰ ਸਾਡੇ ਘਰਾਂ ਦੀਆਂ ਛੱਤਾਂ, ਨਾਲ਼ੀਆਂ, ਰੁੱਖਾਂ ਤੇ ਸੜਕਾਂ ਤੋਂ ਲੰਘਣ ਵੇਲ਼ੇ ਇਕੱਲੀ ਮਨੁੱਖਤਾ ਦਾ ਹੀ ਜ਼ਖ਼ਮੀ ਹੋਣਾ ਜਾਂ ਮੌਤ ਦਾ ਕਾਰਨ ਨਹੀਂ ਬਣਦੀ। ਇਹ ਡੋਰ ਤਾਂ ਅਸਮਾਨ 'ਚ ਉਡਾਰੀਆਂ ਭਰਨ ਵਾਲ਼ੇ ਪੰਛੀਆਂ, ਪਸ਼ੂਆਂ, ਪਾਲਤੂ ਤੇ ਅਵਾਰਾ ਜਾਨਵਰਾਂ ਦੀ ਵੀ ਦੁਸ਼ਮਣ ਬਣਦੀ ਹੈ। ਜਿਸ ਦੇ ਨਾਲ ਹਰ ਸਾਲ ਅਨੇਕਾਂ ਇਕੱਲੀਆਂ ਮਨੁੱਖੀ ਜਾਨਾਂ ਹੀ ਨਹੀਂ ਜਾਂਦੀਆਂ, ਸਗੋਂ ਆਪਣੇ ਫਰਜੰਦਾਂ ਨੂੰ ਖ਼ੁਸ਼ ਕਰਨ ਲਈ ਅਸੀਂ ਪਸ਼ੂ, ਪੰਛੀਆਂ ਤੇ ਜਾਨਵਰਾਂ ਤੋਂ ਵੀ ਧਰਤੀ 'ਤੇ ਆਜ਼ਾਦਰਾਨਾ ਰਹਿਣ ਦੇ ਹੱਕ ਖੋਹ ਰਹੇ ਹਾਂ। ਕੀ ਅਸੀਂ ਤਿਉਹਾਰ ਮਨਾ ਰਹੇ ਹਾਂ ਜਾਂ ਸ੍ਰਿਸ਼ਟੀ 'ਤੇ ਜ਼ੁਲਮ ਕਮਾਉਣ 'ਤੇ ਉੱਤਰ ਆਏ ਹਾਂ? ਕਿਉਂਕਿ ਹਰ ਸਾਲ ਚਾਇਨਾ ਡੋਰ ਨਾਲ਼ ਕਿੰਨੇ ਲੋਕਾਂ ਦੀ ਜਾਨ ਜਾਂਦੀ ਹੈ। ਪਰ ਫਿਰ ਵੀ ਬੱਚਿਆਂ ਦੇ ਮਾਪੇ ਆਪਣੇ ਬੱਚਿਆਂ ਨੂੰ ਨਹੀਂ ਰੋਕਦੇ, ਜੋਕਿ ਗ਼ਲਤ ਹੈ। ਇਹ ਨਿੱਕੇ ਬੱਚਿਆਂ ਤੋਂ ਗ਼ਲਤ ਕੰਮ ਕਰਵਾਉਣ ਦੀ ਸ਼ੁਰੂਆਤ ਹੈ। ਜਿਹੜੇ ਬੱਚੇ ਅਜਿਹੇ ਮਾਹੌਲ 'ਚੋਂ ਲੰਘ ਕੇ ਵੱਡੇ ਹੋ ਗਏ ਨੇ, ਉਹ ਇਕੱਲੇ ਪਤੰਗ ਹੀ ਨਹੀਂ ਚੜ੍ਹਾਉਂਦੇ, ਸਗੋਂ ਨਾਲੋਂ ਨਾਲ ਆਪਣੇ ਘਰਾਂ ਦੀਆਂ ਛੱਤਾਂ 'ਤੇ ਵਿਆਹਾਂ ਵਾਂਗ ਡੀ.ਜੇ. ਦੇ ਇਕ–ਦੋ ਬਕਸੇ ਰੱਖਕੇ ਸਾਰਾ ਦਿਨ ਅਤਿ ਉੱਚੀ ਆਵਾਜ਼ ਵਿਚ ਗਾਣੇ ਚਲਾਉਂਦੇ ਹਨ। ਨੇੜੇ–ਤੇੜੇ ਘਰਾਂ 'ਚ ਕੋਈ ਬਜ਼ੁਰਗ ਜਾਂ ਬਿਮਾਰ ਹੁੰਦੈ, ਤਾਂ ਉਨ੍ਹਾਂ ਨੂੰ ਇਹ ਫੁਕਰੇ ਹੋਏ ਲੋਕ ਸਾਰਾ ਦਿਨ ਦੁਖੀ ਕਰਦੇ ਹਨ। ਭਲਾ ਜੇਕਰ ਕਿਸੇ ਨੂੰ ਪੁੱਛੋ ਕਿ ਭਾਈ ਇਹ ਕਾਹਦਾ ਤਿਉਹਾਰ ਮਨਾਇਆ ਜਾ ਰਿਹਾ ਹੈ, ਇਸ ਤਰ੍ਹਾਂ ਕਰਨ ਨਾਲ਼ ਅਸੀਂ ਭਲਾ ਸਮਾਜ ਨੂੰ ਕੀ ਸੇਧ ਦੇ ਰਹੇ ਹਾਂ? ਕੋਈ ਵੀ ਪੜ੍ਹਿਆ ਲਿਖਿਆ ਮਾਂ–ਬਾਪ ਕਦੇ ਇਹ ਨਹੀਂ ਸੋਚਦਾ ਕਿ ਇਸ ਤਰ੍ਹਾਂ ਕਰਨ ਨਾਲ ਬੱਚਿਆਂ ਦੀ ਜ਼ਿੰਦਗੀ 'ਚ ਕੀ ਲਾਭ ਹੋਵੇਗਾ? ਇਹ ਵੇਖ ਕੇ ਉਨ੍ਹਾਂ ਦੇ ਮਾਪੇ ਤਾਂ ਖੁਸ਼ ਹੁੰਦੇ ਹਨ, ਪਰ ਆਮ ਲੋਕ ਇਸ ਗੱਲ ਦਾ ਪ੍ਰਸ਼ਾਸਨ 'ਤੇ ਗਿਲਾ ਕਰਦੇ ਹਨ। ਪਰ ਭੈਣੋ ਤੇ ਭਰਾਵੋ! ਪ੍ਰਸ਼ਾਸਨ ਕੀਹਦੇ–ਕੀਹਦੇ ਘਰ ਜਾ ਕੇ ਬੱਚਿਆਂ ਨੂੰ ਸਮਝਾਵੇ। ਪਰ ਸਭ ਤੋਂ ਪਹਿਲਾਂ ਤਾਂ ਮਾਤਾ ਪਿਤਾ ਦਾ ਫ਼ਰਜ਼ ਹੈ। ਆਪਣੇ ਫ਼ਰਜ਼ ਪਛਾਣੋ।

ਸੋ, ਅਜਿਹੀਆਂ ਹਰਕਤਾਂ ਨਾਲ ਹੀ ਬੱਚਿਆਂ ਵੱਲੋਂ ਮਾਪਿਆਂ ਤੇ ਸਮਾਜ ਦੇ ਸਾਹਮਣੇ ਆਪ ਮੁਹਾਰੇ ਹੋ ਕੇ ਚੱਲਣ ਦਾ ਰਸਤਾ ਖੁੱਲ੍ਹਦਾ ਹੈ। ਜਿਸ ਨਾਲ ਮੋਟਰ ਸਾਈਕਲਾਂ 'ਤੇ ਬਿਨਾਂ ਮਤਲਬ ਗਲ਼ੀਆਂ, ਬਾਜ਼ਾਰਾਂ ਦੇ ਗੇੜੇ ਕੱਢਣੇ, ਪਟਾਖੇ ਪਾਉਣੇ, ਦੋਸਤਾਂ ਨਾਲ ਦੇਰ ਤੱਕ ਘੁੰਮਣਾ, ਸ਼ਰਾਬ ਪੀ ਕੇ ਆਉਂਦੇ ਤਾਂ ਮਾਵਾਂ ਪਹਿਲਾਂ ਹੀ ਪਰਦੇ ਰੱਖਦੀਆਂ ਹਨ। ਪਰ ਜਦੋਂ ਬੱਚੇ ਵੱਡੇ ਹੁੰਦੇ ਨੇ ਤਾਂ ਮਾਪਿਆਂ ਅਤੇ ਸਮਾਜ ਤੋਂ ਬੇਖ਼ੌਫ਼ ਹੋ ਕੇ ਸਮਾਜ ਵਿਰੋਧੀ ਕਾਰੇ ਕਰਨ ਲੱਗਦੇ ਹਨ। ਫਿਰ ਮਾਵਾਂ ਝੂਰਦੀਆਂ ਹਨ। ਜਿਸ ਦਾ ਅੰਤ ਅਸੀਂ ਸਭ ਲੋਕ ਆਪਣੀਆਂ ਅੱਖਾਂ ਸਾਹਮਣੇ ਹੀ ਵੇਖ ਰਹੇ ਹਾਂ। ਆਮ ਲੋਕਾਂ ਦਾ ਕਹਿਣਾ ਹੈ, ਜ਼ਮਾਨਾ ਬੜਾ ਖਰਾਬ ਐ, ਅਸੀਂ ਏਨਾ ਆਖ ਕੇ ਖਹਿੜਾ ਨਹੀਂ ਛੁਡਾ ਸਕਦੇ। ਜ਼ਮਾਨੇ ਨੂੰ ਸੰਵਾਰਨਾ ਜਾਂ ਵਿਗਾੜਨਾ ਹੀ ਇਨਸਾਨਾਂ ਨੇ ਹੈ। ਸਮਾਜ ਅੰਦਰ ਝਾਤੀ ਮਾਰੋ। ਪਸ਼ੂ, ਪੰਛੀ, ਜਾਨਵਰ ਸਦੀਆਂ ਤੋਂ ਹੀ ਆਪਣਾ ਉਸੇ ਤਰ੍ਹਾਂ ਦਾ ਜੀਵਨ ਜੀਅ ਰਹੇ ਹਨ,.........ਪਰ ਜਿਹੜੇ ਮਾਪਿਆਂ ਨੇ ਬਚਪਨ ਤੋਂ ਹੀ ਆਪਣੇ ਬੱਚਿਆਂ ਨੂੰ ਸਮਾਂ ਵੀ ਦਿੱਤਾ ਤੇ ਸੇਧ ਵੀ ਦਿੱਤੀ ਐ, ਉਹ ਹੀਰਿਆਂ ਵਰਗੇ ਮਾਪਿਆਂ ਦੇ ਬੱਚੇ ਸਮਾਜ ਲਈ ਚਾਨਣ ਮੁਨਾਰਾ ਵੀ ਹਨ। ਉਹ ਆਪ ਤੇ ਆਪਣੇ ਸਮਾਜ ਨੂੰ ਸੇਧ ਦੇ ਰਹੇ ਹਨ। ਸੋ, ਭੈਣੋ ਤੇ ਭਰਾਉ! ਆਓ! ਜੋ ਪਿੱਛੇ ਸਾਥੋਂ ਗ਼ਲਤੀਆਂ ਹੋਈਆਂ ਨੇ, ਉਨ੍ਹਾਂ ਦਾ ਸੁਧਾਰ ਕਰਦੇ ਹੋਏ ਅੱਜ ਤੋਂ ਹੀ ਹਰ ਮਾਂ– ਬਾਪ ਬੱਚਿਆਂ ਲਈ ਢੁੱਕਵਾਂ ਸਮਾਂ ਕੱਢਣਾ ਸ਼ੁਰੂ ਕਰੋ ਤੇ ਉਨ੍ਹਾਂ ਨੂੰ ਸਹੀ ਸੇਧ ਦਿੰਦੇ ਹੋਏ ਪੜ੍ਹਾਈ ਦੇ ਨਾਲ਼–ਨਾਲ ਆਪਣਾ ਗੁਰ ਇਤਿਹਾਸ ਪੜ੍ਹਨ, ਵਾਚਣ ਅਤੇ ਸਮਝਣ ਵਾਲੇ ਪਾਸੇ ਉਨ੍ਹਾਂ ਦਾ ਵਿਹਲਾ ਸਮਾਂ ਲਾਓ। ਇਸ ਦੇ ਦੋ ਲਾਭ ਹੋਣਗੇ।

ਇਕ ਤਾਂ ਬੱਚੇ ਦਾ ਗ਼ਲਤ ਪਾਸੇ ਤੋਂ ਧਿਆਨ ਮੁੜੇਗਾ, ਦੂਜਾ, ਉਹ ਆਪਣੇ ਪੁਰਾਤਨ ਗੁਰ ਇਤਿਹਾਸ ਪ੍ਰਤੀ ਸੁਚੇਤ ਹੋ ਕੇ ਸਮਾਜ ਲਈ ਚਾਨਣ ਮੁਨਾਰਾ ਬਣੇਗਾ। ਸੋ, ਇਸ ਤਰ੍ਹਾਂ ਕਰਨ ਨਾਲ ਸਾਡਾ ਸਭ ਦਾ ਜੀਵਨ ਸੁਚੱਜਾ ਹੀ ਨਹੀਂ ਹੋਵੇਗਾ, ਸਗੋਂ ਚੰਗੇ ਤੇ ਸਿਆਣੇ ਸੱਜਣਾਂ ਵੱਲੋਂ ਸੁਚੱਜੇ ਸਿਰਜੇ ਇਤਿਹਾਸ ਪ੍ਰਤੀ ਇਤਿਹਾਸ ਵੀ ਲਿਖੇ ਜਾਣਗੇ, ਜੋ ਸਦੀਆਂ ਬਾਅਦ ਪੜ੍ਹੇ ਜਾਣਗੇ। ਜਦੋਂ ਕੋਈ ਵੀ ਕੌਮ ਆਪਣੇ ਗੁਰੂ ਦੇ ਦਰਸਾਏ ਮਾਰਗ ਤੋਂ ਭਟਕ ਜਾਵੇ, ਤਾਂ ਉਸ ਕੌਮ ਨੂੰ ਲੰਮੇ ਸਮੇਂ ਬਾਅਦ ਆਪਣੀ ਅਸਲੀ ਹੋਂਦ ਦਾ ਅਹਿਸਾਸ ਹੁੰਦਾ ਹੈ, ਤਾਂ ਉਦੋਂ ਤੱਕ ਉਹ ਕੌਮ ਆਪਣਾ ਬੇਸ਼ਕੀਮਤੀ ਸਮਾਂ ਗੁਆ ਚੁੱਕੀ ਹੁੰਦੀ ਹੈ ਅਤੇ ਉਸਦੀ ਹੋਂਦ ਨੂੰ ਵੀ ਵੱਡੀ ਢਾਅ ਲੱਗ ਚੁੱਕੀ ਹੁੰਦੀ ਹੈ। ਕਿਉਂਕਿ ਸਮਾਜ ਅੰਦਰ ਪਲ਼ ਰਹੇ ਬੱਚਿਆਂ ਜਾ ਨੌਜਵਾਨਾਂ ਨੇ ਹੀ ਤਹਿ ਕਰਨਾ ਹੁੰਦਾ ਹੈ, ਕਿ ਕਿਸੇ ਵੀ ਕੌਮ ਦਾ ਆਉਣ ਵਾਲਾ ਭਵਿੱਖ ਕਿਹੋ ਜਿਹਾ ਹੋਵੇਗਾ। ਅਖ਼ੀਰ 'ਚ ਪਰਮਾਤਮਾ ਅੱਗੇ ਇਹੋ ਅਰਦਾਸ ਕਰਦੇ ਹਾਂ ਕਿ ਸਾਨੂੰ ਸਭ ਨੂੰ ਸਿਰਜਣਹਾਰਾ ਸੁਮੱਤ ਬਖ਼ਸ਼ੇ ਤੇ ਹਰ ਪ੍ਰਾਣੀ ਆਨੰਦਮਈ ਜੀਵਨ ਬਤੀਤ ਕਰਦਾ ਹੋਇਆ ਉਮਰਾਂ ਦਾ ਸਫ਼ਰ ਤਹਿ ਕਰੇ।

# ਗੈਂਗਸਟਰ ਵਿਕਰਮ ਸ਼ਰਮਾ ਦੀ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀ ਮਾਰ ਕੇ ਹੱਤਿਆ

**☛50 ਤੋਂ ਵੱਧ ਅਪਰਾਧਿਕ ਮਾਮਲਿਆਂ 'ਚ ਸੀ ਸ਼ਾਮਲ**

ਦੇਹਰਾਦੂਨ, 14 ਫਰਵਰੀ (ਚ.ਨ.ਸ): ਉੱਤਰਾਖੰਡ ਦੇ ਦੇਹਰਾਦੂਨ 'ਚ ਰਾਜਪੁਰ ਰੋਡ ਵਿਖੇ




ਇੱਕ ਜਿੰਮ ਤੋਂ ਬਾਹਰ ਨਿਕਲਦੇ ਸਮੇਂ ਗੈਂਗਸਟਰ ਵਿਕਰਮ ਸ਼ਰਮਾ ਦੀ 2 ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।ਗੰਭੀਰ ਰੂਪ 'ਚ ਜ਼ਖਮੀ ਹੋਏ ਵਿਕਰਮ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।ਪੁਲਿਸ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਸ ਵਿਰੁੱਧ 50 ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ।ਇਨ੍ਹਾਂ 'ਚ ਕਤਲ ਵਰਗੇ ਗੰਭੀਰ ਅਪਰਾਧ ਵੀ ਸ਼ਾਮਲ ਹਨ। ਉਸ ਦੇ ਝਾਰਖੰਡ 'ਚ ਵੀ ਕਈ ਅਪਰਾਧਿਕ ਗਿਰੋਹਾਂ ਨਾਲ ਸਬੰਧ ਸਨ। ਪੁਲਿਸ ਇਸ ਮਾਮਲੇ ਦੀ ਜਾਂਚ ਗੈਂਗ-ਵਾਰ, ਨਿੱਜੀ ਰੰਜਿਸ਼ ਜਾਂ ਪੁਰਾਣੇ ਵਿਵਾਦਾਂ ਦੇ ਆਧਾਰ 'ਤੇ ਕਰ ਰਹੀ ਹੈ।ਪੁਲਿਸ ਸੀ.ਬੀ.ਟੀ.ਵੀ. ਫੁਟੇਜ ਦੀ ਜਾਂਚ ਕਰ ਰਹੀ ਹੈ।ਤਕਨੀਕੀ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਸ਼ੱਕੀਆਂ ਦੀ ਭਾਲ ਲਈ ਛਾਪੇਮਾਰੀ ਹੋ ਰਹੀ ਹੈ।

# ਈਰਾਨ ਨਾਲ ਵੱਧਦੇ ਤਣਾਅ ਵਿਚਾਲੇ ਅਮਰੀਕਾ ਨੇ ਸਭ ਤੋਂ ਵੱਡੇ ਜਹਾਜ਼ ਨੂੰ ਪੱਛਮੀ ਏਸ਼ੀਆ ਵੱਲ ਭੇਜਿਆ

ਨਵੀਂ ਦਿੱਲੀ, 14 ਫਰਵਰੀ (ਚ.ਨ.ਸ): ਈਰਾਨ ਨਾਲ ਵੱਧਦੇ ਤਣਾਅ ਵਿਚਾਲੇ ਅਮਰੀਕਾ ਨੇ ਹੁਣ ਦੁਨੀਆਂ ਦੇ ਸਭ ਤੋਂ ਵੱਡੇ ਜਹਾਜ਼ ਢੋਣ ਵਾਲੇ ਬੇੜੇ ਨੂੰ ਪੱਛਮੀ ਏਸ਼ੀਆ ਵੱਲ ਭੇਜ ਦਿੱਤਾ ਹੈ।ਖੇਤਰ 'ਚ ਪਹਿਲਾਂ ਤੋਂ ਹੀ ਇੱਕ ਅਮਰੀਕੀ ਬੇੜਾ ਮੌਜੂਦ ਹੈ।ਇਸ ਨਾਲ ਈਰਾਨ ਦੇ ਖ਼ਿਲਾਫ਼ ਫ਼ੌਜੀ ਕਾਰਵਾਈ ਦਾ ਖ਼ਦਸ਼ਾ ਵੱਧਦਾ ਜਾ ਰਿਹਾ ਹੈ।ਹਾਲ ਹੀ ਦੀ ਰਿਪੋਰਟ 'ਚ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਅਮਰੀਕਾ, ਕਤਰ ਦੇ ਅਲ-ਉਦੀਦ 'ਚ ਆਪਣੇ ਫ਼ੌਜੀ ਅੱਡੇ ਤੋਂ ਮਿਜ਼ਾਈਲ ਹਮਲੇ ਦੀ ਤਿਆਰੀ 'ਚ ਹੈ। ਇਸ ਦੇ ਲਈ ਮੋਬਾਇਲ ਲਾਂਚਰਾਂ 'ਤੇ ਪੈਟ੍ਰੀਅਟ ਮਿਜ਼ਾਈਲਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ।ਇਹ ਘਟਨਾਕ੍ਰਮ ਅਜਿਹੇ ਸਮੇਂ 'ਚ ਸਾਹਮਣੇ ਆਇਆ ਹੈ, ਜਦੋਂ ਤਣਾਅ ਦੂਰ ਕਰਨ ਲਈ ਕੂਟਨੀਤਕ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ। ਪਿਛਲੇ ਸ਼ੁੱਕਰਵਾਰ ਨੂੰ ਓਮਾਨ 'ਚ ਦੋਵਾਂ ਪੱਖਾਂ 'ਚ ਪ੍ਰਤੱਖ ਪਰਮਾਣੂ ਗੱਲਬਾਤ ਹੋਈ ਤੇ ਇਸ ਨੂੰ ਅੱਗੇ ਜਾਰੀ ਰੱਖਣ 'ਤੇ ਸਹਿਮਤੀ ਬਣੀ ਹੈ।ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਚਾਰ ਅਮਰੀਕੀ ਅਧਿਕਾਰੀਆਂ



ਨੇ ਦੱਸਿਆ ਕਿ ਯੂਐਸਐਸ ਗੇਰਾਲਡ ਆਰ ਫੋਰਡ ਨੂੰ ਵੀਰਵਾਰ ਨੂੰ ਕੈਰੇਬੀਅਨ ਸਮੁੰਦਰ ਤੋਂ ਪੱਛਮੀ ਏਸ਼ੀਆ 'ਚ ਭੇਜਣ ਦੀ ਹਦਾਇਤ ਕੀਤੀ ਗਈ। ਇਹ ਜੰਗੀ ਬੇੜਾ ਤਿੰਨ ਜਨਵਰੀ ਨੂੰ ਵੈਨੇਜ਼ੁਏਲਾ ਦੇ ਖ਼ਿਲਾਫ਼ ਅਮਰੀਕੀ ਫ਼ੌਜੀ ਮੁਹਿੰਮ 'ਚ ਸ਼ਾਮਲ ਸੀ, ਜਿਸ ਵਿੱਚ ਵੈਨੇਜ਼ੁਏਲਾ ਦੇ ਤਤਕਾਲੀ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਫੜ ਕੇ ਅਮਰੀਕਾ ਲਿਆਂਦਾ ਗਿਆ ਸੀ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਹਫ਼ਤੇ ਦੀ ਸ਼ੁਰੂਆਤ 'ਚ ਖੇਤਰ 'ਚ ਇੱਕ ਹੋਰ ਜਹਾਜ਼ ਢੋਣ ਵਾਲਾ ਬੇੜਾ ਭੇਜਣ ਦਾ ਸੰਕੇਤ ਦਿੱਤਾ ਸੀ।ਏਪੀ ਅਨੁਸਾਰ ਟਰੰਪ ਈਰਾਨ 'ਤੇ ਦਬਾਅ ਬਣਾਉਣ ਤੇ ਫ਼ੌਜੀ ਕਾਰਵਾਈ 'ਤੇ ਵਿਚਾਰ ਕਰ ਰਹੇ ਹਨ। ਇਨ੍ਹਾਂ ਯੋਜਨਾਵਾਂ ਦੇ ਸਬੰਧ 'ਚ ਜਾਣਕਾਰੀ ਰੱਖਣ ਵਾਲੇ ਇੱਕ ਸੂਤਰ ਨੇ ਦੱਸਿਆ ਕਿ ਯੂਐਸਐਸ ਗੇਰਾਲਡ ਆਰ ਫੋਰਡ ਦੇ ਪੁੱਜਣ ਨਾਲ ਖੇਤਰ 'ਚ ਦੋ ਜਹਾਜ਼ ਢੋਣ ਵਾਲੇ ਬੇੜੇ ਹੋ ਜਾਣਗੇ। ਯੂਐਸਐਸ ਅਬ੍ਰਾਹਮ ਲਿੰਕਨ ਜਹਾਜ਼ ਢੋਣ ਵਾਲਾ ਬੇੜਾ ਤੇ ਤਿੰਨ ਗਾਈਡਿਡ ਮਿਜ਼ਾਈਲ ਤਬਾਹਕੁੰਨ ਬੇੜੇ ਦੋ ਹਫਤਿਆਂ ਤੋਂ ਵੱਧ ਸਮੇਂ ਤੋਂ ਪੱਛਮੀ ਏਸ਼ੀਆ 'ਚ ਤਾਇਨਾਤ ਹਨ। ਟਰੰਪ ਈਰਾਨ 'ਤੇ ਉਸਦੇ ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਸਮਝੌਤਾ ਕਰਨ ਲਈ ਦਬਾਅ ਬਣਾ ਰਿਹਾ ਹੈ।

# ਸ਼ਰਾਬ ਵਿਅਕਤੀ ਦੀ ਸਰੀਰਕ-ਮਾਨਸਿਕ ਸਿਹਤ, ਰਿਸ਼ਤੇ, ਕਰੀਅਰ ਤੇ ਸਭ ਕੁਝ ਬਰਬਾਦ ਕਰ ਸਕਦੀ ਹੈ: ਬੰਬਈ ਹਾਈਕੋਰਟ

ਮੁੰਬਈ, 14 ਫਰਵਰੀ (ਚ.ਨ.ਸ): ਬੰਬਈ ਹਾਈ ਕੋਰਟ ਨੇ ਆਪਣੇ ਇੱਕ ਅਹਿਮ ਫ਼ੈਸਲੇ 'ਚ ਅਮਰੀਕੀ ਨਾਵਲਕਾਰ ਐਫ ਸਕਾਟ ਫਿਟਜ਼ਗੇਰਾਲਡ ਦੇ ਮਸ਼ਹੂਰ ਕਥਨ ਦਾ ਹਵਾਲਾ ਦਿੰਦਿਆਂ ਰੇਲ ਗੱਡੀ ਦੀ ਲਪੇਟ 'ਚ ਆ ਕੇ ਜ਼ਖ਼ਮੀ ਹੋਏ ਵਿਅਕਤੀ ਨੂੰ ਮੁਆਵਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਐਫ. ਸਕਾਟ ਦੇ ਕਥਨ ਪਹਿਲਾਂ ਤੁਸੀਂ ਸ਼ਰਾਬ ਪੀਂਦੇ ਹੋ, ਫਿਰ ਸ਼ਰਾਬ ਤੁਹਾਨੂੰ ਪੀਣ ਲੱਗਦੀ ਹੈ ਤੇ ਅੰਤ 'ਚ ਇਹ ਤੁਹਾਨੂੰ ਪੂਰੀ ਤਰ੍ਹਾਂ ਆਪਣੇ ਕਬਜ਼ੇ 'ਚ ਲੈ ਲੈਂਦੀ ਹੈ, ਦਾ ਜ਼ਿਕਰ ਕਰਦਿਆਂ ਅਦਾਲਤ ਨੇ ਕਿਹਾ ਕਿ ਸ਼ਰਾਬ ਵਿਅਕਤੀ ਦੀ ਸਰੀਰਕ-ਮਾਨਸਿਕ ਸਿਹਤ, ਰਿਸ਼ਤੇ, ਕਰੀਅਰ ਤੇ ਸਮਾਜਿਕ ਜੀਵਨ ਸਭ ਕੁਝ ਬਰਬਾਦ ਕਰ ਸਕਦੀ ਹੈ। ਜਸਟਿਸ ਜਿਤੇਂਦਰ ਜੈਨ ਦੇ ਸਿੰਗਲ ਬੈਂਚ ਵੱਲੋਂ ਬੁੱਧਵਾਰ ਨੂੰ ਦਿੱਤੇ ਗਏ ਆਦੇਸ਼ 'ਚ 2014 ਦੇ ਉਸ ਫ਼ੈਸਲੇ ਨੂੰ ਬਰਕਰਾਰ ਰੱਖਿਆ, ਜਿਸ 'ਚ ਰੇਲਵੇ ਕਲੇਮਸ ਟ੍ਰਿਬਿਊਨਲ ਨੇ ਮੁਆਵਜ਼ਾ ਦੇਣ ਤੋਂ



ਇਨਕਾਰ ਕੀਤਾ ਸੀ। ਅਦਾਲਤ ਨੇ ਕਿਹਾ ਕਿ ਪਟੀਸ਼ਨਰਾਂ ਨੂੰ ਰਾਹਤ ਇਸ ਲਈ ਨਹੀਂ ਮਿਲ ਸਕਦੀ ਕਿਉਂਕਿ ਸੱਟ ਨਸ਼ੇ ਦੀ ਹਾਲਤ 'ਚ ਕੀਤੇ ਗਏ ਆਪਣੇ ਕਾਰੇ ਕਾਰਨ ਲੱਗੀ ਹੈ। ਮਾਮਲੇ ਮੁਤਾਬਿਕ, ਬੰਬਈ ਹਸਪਤਾਲ 'ਚ ਲੈਬ ਅਸਿਸਟੈਂਟ ਦੇ ਰੂਪ 'ਚ ਕੰਮ ਕਰਦੇ ਬਿਨੈਕਾਰ ਨੇ ਦਾਅਵਾ ਕੀਤਾ ਸੀ ਕਿ 10 ਮਾਰਚ 2001 ਦੀ ਅੱਧੀ ਰਾਤ ਉਹ ਮਰੀਨ ਲਾਈਨਸ ਸਟੇਸ਼ਨ 'ਤੇ ਰੇਲ ਗੱਡੀ ਦੀ ਉਡੀਕ ਕਰ ਰਿਹਾ ਸੀ, ਉਸੇ ਵੇਲੇ ਉਹ ਰੇਲ ਗੱਡੀ ਦੀ ਲਪੇਟ 'ਚ ਆ ਗਿਆ। ਉਸ ਨੂੰ ਪਹਿਲਾਂ ਜੀਟੀ ਹਸਪਤਾਲ ਤੇ ਬਾਅਦ 'ਚ ਬਾਂਬੇ ਹਸਪਤਾਲ ਲਿਜਾਇਆ ਗਿਆ। ਜਾਂਚ ਰਿਕਾਰਡ 'ਚ ਪਤਾ ਲੱਗਿਆ ਕਿ ਉਸ ਨੇ ਭਾਰੀ ਮਾਤਰਾ 'ਚ ਸ਼ਰਾਬ ਪੀਤੀ ਹੋਈ ਸੀ। ਹਾਈ ਕੋਰਟ ਨੇ ਕਿਹਾ ਕਿ ਇਸ ਘਟਨਾ ਨੂੰ ਅਨਟੁਵਰਡ ਇੰਸੀਡੈਂਟ ਯਾਨੀ ਬਦਕਿਸਮਤੀ ਨਾਲ ਹੋਈ ਘਟਨਾ ਨਹੀਂ ਮੰਨਿਆ ਜਾ ਸਕਦਾ। ਆਦੇਸ਼ 'ਚ ਸਪੱਸ਼ਟ ਕੀਤਾ ਗਿਆ ਕਿ ਜਦੋਂ ਕੋਈ ਵਿਅਕਤੀ ਜ਼ਿਆਦਾ ਨਸ਼ੇ 'ਚ ਪਲੇਟਫਾਰਮ ਦੇ ਕਿਨਾਰੇ ਖੜ੍ਹਾ ਹੁੰਦਾ ਹੈ ਤਾਂ ਰੇਲਵੇ ਐਕਟ ਦੀ ਧਾਰਾ 124ਏ ਲਾਗੂ ਹੁੰਦੀ ਹੈ, ਜਿਹੜਾ ਨਸ਼ੇ ਦੀ ਹਾਲਤ 'ਚ ਹੋਏ ਹਾਦਸੇ 'ਤੇ ਮੁਆਵਜ਼ਾ ਦੇਣ ਤੋਂ ਰੋਕ ਲਗਾਉਂਦੀ ਹੈ।

## 'ਪੱਛਮੀ ਬੰਗਾਲ ਕੋਲਾ ਤਸਕਰੀ ਮਾਮਲਾ'

# ਈਡੀ ਵੱਲੋਂ 100 ਕਰੋੜ ਰੁਪਏ ਦੀਆਂ ਜਾਇਦਾਦਾਂ ਕੁਰਕ

ਨਵੀਂ ਦਿੱਲੀ/ਕੋਲਕਾਤਾ, 14 ਫਰਵਰੀ (ਚ.ਨ.ਸ): ਪੱਛਮੀ ਬੰਗਾਲ ਵਿੱਚ ਕਥਿਤ ਕੋਲਾ ਤਸਕਰੀ ਦੇ ਵੱਡੇ ਘੁਟਾਲੇ ਦੀ ਜਾਂਚ ਕਰ ਰਹੀ ਕੇਂਦਰੀ ਜਾਂਚ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਇੱਕ ਵੱਡੀ ਕਾਰਵਾਈ ਕਰਦਿਆਂ 100 ਕਰੋੜ ਰੁਪਏ ਤੋਂ ਵੱਧ ਦੀਆਂ ਜਾਇਦਾਦਾਂ ਕੁਰਕ ਕਰ ਲਈਆਂ ਹਨ।ਏਜੰਸੀ ਵੱਲੋਂ ਜਾਰੀ ਕੀਤੇ ਗਏ ਅਧਿਕਾਰਤ ਬਿਆਨ ਅਨੁਸਾਰ ਇਹ ਕਾਰਵਾਈ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੇ ਤਹਿਤ ਕੀਤੀ ਗਈ ਹੈ।ਇਸ ਤਾਜ਼ਾ ਕਾਰਵਾਈ ਨਾਲ ਇਸ ਮਾਮਲੇ ਵਿੱਚ ਹੁਣ ਤੱਕ ਕੁਰਕ ਕੀਤੀਆਂ ਗਈਆਂ ਜਾਇਦਾਦਾਂ ਦੀ ਕੁੱਲ ਕੀਮਤ 322.71 ਕਰੋੜ ਰੁਪਏ ਤੱਕ ਪਹੁੰਚ ਗਈ ਹੈ।ਪ੍ਰਮੁੱਖ ਕੰਪਨੀਆਂ 'ਤੇ ਕੱਸਿਆ ਸ਼ਿਕੰਜਾ ਈਡੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਕੁਰਕ ਕੀਤੀਆਂ ਗਈਆਂ ਜਾਇਦਾਦਾਂ ਵਿੱਚ ਮੁੱਖ ਤੌਰ 'ਤੇ ਸ਼ਾਕੰਭਰੀ ਇਸਪਾਤ ਐਂਡ ਪਾਵਰ ਲਿਮਟਿਡ ਤੇ ਗਗਨ ਫੈਰੋਟੈਕ ਲਿਮਟਿਡ ਵਰਗੀਆਂ ਕੰਪਨੀਆਂ ਦੀਆਂ ਅਚੱਲ ਜਾਇਦਾਦਾਂ, ਫਿਕਸਡ ਡਿਪਾਜ਼ਿਟ ਤੇ ਮਿਊਚਲ ਫੰਡ ਸ਼ਾਮਲ ਹਨ। ਜਾਂਚ ਏਜੰਸੀ ਦਾ ਦਾਅਵਾ ਹੈ ਕਿ ਇਹ ਕੰਪਨੀਆਂ ਕੋਲਾ ਤਸਕਰੀ



ਦੇ ਸਿੰਡੀਕੇਟ ਨਾਲ ਜੁੜੀਆਂ ਹੋਈਆਂ ਸਨ ਤੇ ਗੈਰ-ਕਾਨੂੰਨੀ ਢੰਗ ਨਾਲ ਕਮਾਏ ਗਏ ਪੈਸੇ ਦਾ ਲਾਭ ਉਠਾ ਰਹੀਆਂ ਸਨ।ਸਥਾਨਕ ਪ੍ਰਸ਼ਾਸਨ 'ਤੇ ਮਿਲੀਭੁਗਤ ਦੇ ਦੋਸ਼ ਜਾਰੀ ਇੱਕ ਬਿਆਨ ਵਿੱਚ ਏਜੰਸੀ ਨੇ ਖੁਲਾਸਾ ਕੀਤਾ ਕਿ ਪੱਛਮੀ ਬੰਗਾਲ ਦੇ ਵੱਖ-ਵੱਖ ਹਿੱਸਿਆਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਕੱਢਿਆ ਗਿਆ ਕੋਲਾ ਸਥਾਨਕ ਪ੍ਰਸ਼ਾਸਨ ਦੀ ਕਥਿਤ ਸਰਗਰਮ ਸਹਾਇਤਾ ਨਾਲ ਕਈ ਫੈਕਟਰੀਆਂ ਵਿੱਚ ਵੰਡਿਆ ਜਾ ਰਿਹਾ ਸੀ।ਈਡੀ ਅਨੁਸਾਰ ਇਸ ਪੂਰੇ ਘੁਟਾਲੇ ਵਿੱਚ ਹੁਣ ਤੱਕ ਲਗਭਗ 2,742 ਕਰੋੜ ਰੁਪਏ ਦੀ ਅਪਰਾਧਿਕ ਕਮਾਈਦਾ ਪਤਾ ਲੱਗ ਚੁੱਕਾ ਹੈ।ਆਈ-ਪੈਕ ਤੇ ਮਮਤਾ ਬੈਨਰਜੀ ਨਾਲ ਜੁੜਿਆ ਵਿਵਾਦ ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਈਡੀ ਨੇ ਕੋਲਕਾਤਾ ਵਿੱਚ ਸਿਆਸੀ ਸਲਾਹਕਾਰ ਕੰਪਨੀ ਆਈ-ਪੈਕ ਤੇ ਇਸ ਦੇ ਡਾਇਰੈਕਟਰ ਪ੍ਰਤੀਕ ਜੈਨ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਸੀ। ਏਜੰਸੀ ਦਾ ਦੋਸ਼ ਹੈ ਕਿ ਇਸ ਕੰਪਨੀ ਨੂੰ ਕੋਲਾ ਤਸਕਰੀ ਨਾਲ ਜੁੜੇ ਅਪਰਾਧਿਕ ਪੈਸੇ ਵਿੱਚੋਂ ਲਗਭਗ 20 ਕਰੋੜ ਰੁਪਏ ਪ੍ਰਾਪਤ ਹੋਏ ਸਨ।ਇਸ ਛਾਪੇਮਾਰੀ ਤੋਂ ਬਾਅਦ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਕੇਂਦਰ ਸਰਕਾਰ ਵਿਚਾਲੇ ਤਣਾਅ ਹੋਰ ਵੱਧ ਗਿਆ ਹੈ।ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਗਾਇਆ ਸੀ ਕਿ ਈਡੀ ਵੱਲੋਂ ਆਈ-ਪੈਕ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਜੋ ਤ੍ਰਿਣਮੂਲ ਕਾਂਗਰਸ ਦਾ ਗੁਪਤ ਸਿਆਸੀ ਡਾਟਾ ਚੋਰੀ ਕੀਤਾ ਜਾ ਸਕੇ।ਇਹ ਮਾਮਲਾ ਇਸ ਸਮੇਂ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹੈ।

# ਪਹਿਲਾਂ ਪਤਨੀ ਤੇ ਪੁੱਤਰ ਫਿਰ ਖੁਦ 'ਤੇ ਚਲਾਈ ਗੋਲ਼ੀ, ਜ਼ਖ਼ਮੀ

ਫਿਰੋਜ਼ਪੁਰ, 14 ਫਰਵਰੀ (ਚ.ਨ.ਸ): ਪਿੰਡ ਬਜੀਦਪੁਰ ਵਿੱਚ ਸ਼ੁੱਕਰਵਾਰ ਬਾਅਦ ਦੁਪਹਿਰ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਇੱਕ ਹੱਸਦੇ-ਵੱਸਦੇ ਕਿਸਾਨ ਪਰਿਵਾਰ ਦੇ ਇੱਕ ਵਿਅਕਤੀ ਵੱਲੋਂ ਆਪਣੀ ਪਤਨੀ ਤੇ ਚਾਰ ਸਾਲਾ ਪੁੱਤਰ ਨੂੰ ਗੋਲੀ ਮਾਰ ਕੇ ਖੁਦ ਨੂੰ ਵੀ ਗੋਲੀ ਮਾਰ ਲਈ। ਗੰਭੀਰ ਜ਼ਖ਼ਮੀ ਹਾਲਤ ਵਿੱਚ ਉਨ੍ਹਾਂ ਨੂੰ ਸਥਾਨਕ ਨਿੱਜੀ ਹਸਪਤਾਲ ਲਿਆਂਦਾ ਗਿਆ, ਉਥੇ ਡਾਕਟਰਾਂ ਨੇ ਇਨ੍ਹਾਂ ਨੂੰ ਲੁਧਿਆਣਾ ਦੇ ਨਿੱਜੀ ਹਸਪਤਾਲ ਰੈਫਰ ਕਰ ਦਿੱਤਾ ਗਿਆ। ਡੀਐਸਪੀ ਦਿਹਾਤੀ ਕਰਨ ਸ਼ਰਮਾ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚ ਗਏ ਸਨ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡੀਐਸਪੀ ਕਰਨ ਸ਼ਰਮਾ ਨੇ ਦੱਸਿਆ ਕਿ ਜਾਣਕਾਰੀ ਮਿਲੀ ਸੀ ਕਿ ਪਿੰਡ ਬਜੀਦਪੁਰ ਦੇ ਇੱਕ ਕਿਸਾਨ ਜਗਜੀਤ ਸਿੰਘ ਪੁੱਤਰ ਗੁਰਮੇਜ ਸਿੰਘ ਨੇ ਕਥਿਤ ਤੌਰ 'ਤੇ ਆਪਣੀ ਲਾਇਸੰਸੀ ਰਿਵਾਲਵਰ ਨਾਲ ਆਪਣੀ 35 ਸਾਲਾ ਪਤਨੀ ਨਵਨੀਤ ਕੌਰ ਤੇ 4 ਸਾਲਾ ਮਾਸੂਮ




ਪੁੱਤਰ ਵਾਰਿਸਦੀਪ ਸਿੰਘ ਨੂੰ ਗੋਲੀ ਮਾਰ ਦਿੱਤੀ।ਪਰਿਵਾਰ ਗੋਲੀਆਂ ਚਲਾਉਣ ਤੋਂ ਬਾਅਦ ਕਿਸਾਨ ਨੇ ਉਸੇ ਰਿਵਾਲਵਰ ਨਾਲ ਖੁਦ ਨੂੰ ਵੀ ਗੋਲੀ ਮਾਰ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ।ਇਸ ਖ਼ੂਨੀ ਘਟਨਾ ਵਿੱਚ ਪਰਿਵਾਰ ਦੇ ਤਿੰਨੋਂ ਮੈਂਬਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਤੁਰੰਤ ਫ਼ਿਰੋਜ਼ਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਪਰ ਹਾਲਤ ਜ਼ਿਆਦਾ ਚਿੰਤਾਜਨਕੇ ਹੋਣ ਕਾਰਨ ਡਾਕਟਰਾਂ ਨੇ ਮੁੱਢਲੀ ਸਹਾਇਤਾ ਤੋਂ ਬਾਅਦ ਉਨ੍ਹਾਂ ਨੂੰ ਲੁਧਿਆਣਾ ਦੇ ਵੱਡੇ ਹਸਪਤਾਲ ਲਈ ਰੈਫਰ ਕਰ ਦਿੱਤਾ ਹੈ।ਫਿਲਹਾਲ ਤਿੰਨਾਂ ਦੀ ਹਾਲਤ ਬੇਹੱਦ ਨਾਜ਼ੁਕ ਦੱਸੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਇਸ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਕਿਸਾਨ ਨੇ ਮਾਨਸਿਕ ਪ੍ਰੇਸ਼ਾਨੀ ਕਾਰਨ ਇਹ ਕਦਮ ਚੁੱਕਿਆ ਹੈ।ਫਿਲਹਾਲ ਪੁਲਿਸ ਕਿਸੇ ਵੀ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਸਾਰੇ ਤੱਥਾਂ ਖੰਗਾਲ ਰਹੀ ਹੈ।ਜਗਜੀਤ ਸਿੰਘ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਪਰਿਵਾਰ ਵਿੱਚ ਜਗਜੀਤ ਦੇ ਬਜ਼ੁਰਗ ਮਾਤਾ-ਪਿਤਾ ਹਨ।ਉਸ ਦੇ ਭਰਾ ਦੀ ਪਹਿਲੋਂ ਹੀ ਮੌਤ ਹੋ ਚੁੱਕੀ ਹੈ ਤੇ ਉਸ ਦੀ ਭਰਜਾਈ ਤੇ ਭਤੀਜਾ ਕੈਨੇਡਾ ਵਿਖੇ ਰਹਿੰਦੇ ਹਨ।

# ਪ੍ਰੇਰਨਾ ਉਤਸਵ ਤਹਿਤ ਜ਼ਿਲ੍ਹਾ ਪੱਧਰੀ ਸਮਾਗਮ ਪੂਰੇ ਉਤਸ਼ਾਹ ਨਾਲ ਕਰਵਾਇਆ

ਫਿਰੋਜ਼ਪੁਰ, 14 ਫਰਵਰੀ (ਤਿਵਾੜੀ): ਪੀਐਮ ਸ੍ਰੀ ਸਕੂਲ, ਜਵਾਹਰ ਨਵੋਦਿਆ ਵਿਦਿਆਲਿਆ ਮਹੀਆਂਵਾਲਾ ਕਲਾਂ ਵਿਖੇ ਅੱਜ ਜ਼ਿਲ੍ਹਾ ਪੱਧਰੀ ਪ੍ਰੇਰਨਾ ਉਤਸਵ ਦਾ ਸੁਚੱਜਾ ਤੇ ਭਵਿੱਖਬੱਧੀ ਆਯੋਜਨ ਕੀਤਾ ਗਿਆ।ਇਸ ਸਮਾਗਮ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ-ਵੱਖ ਸਰਕਾਰੀ ਤੇ ਨਿੱਜੀ ਸਕੂਲਾਂ ਦੇ ਚੁਣੇ ਹੋਏ ਵਿਦਿਆਰਥੀਆਂ ਨੇ



ਉਤਸ਼ਾਹ ਨਾਲ ਹਿੱਸਾ ਲਿਆ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਰਚਨਾਤਮਕ ਸੋਚ, ਆਤਮ-ਅਭਿਵਿਕਤੀ ਤੇ ਰਾਸ਼ਟਰੀ ਵਿਕਾਸ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸੀ।ਇਸ ਮੌਕੇ ਡਿਪਟੀ ਡੀ.ਈ.ਓ. ਫ਼ਿਰੋਜ਼ਪੁਰ ਡਾ.ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਆਪਣੇ ਸੰਬੋਧਨ ਦੌਰਾਨ ਉਨ੍ਹਾਂ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਕਿ ਪ੍ਰੇਰਨਾ ਉਤਸਵ ਵਰਗੇ ਮੰਚ ਬੱਚਿਆਂ ਦੀਆਂ ਛੁਪੀਆਂ ਹੋਈਆਂ ਪ੍ਰਤਿਭਾਵਾਂ ਨੂੰ ਨਿਖਾਰਦੇ ਹਨ ਤੇ ਉਨ੍ਹਾਂ ਨੂੰ ਵੱਡੇ ਸੁਪਨੇ ਦੇਖਣ ਲਈ ਪ੍ਰੇਰਿਤ ਕਰਦੇ ਹਨ।ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਦੇ ਵਿਚਾਰ ਹੀ ਭਵਿੱਖ ਦੇ ਵਿਕਸਿਤ ਭਾਰਤ ਦੀ ਨੀਂਹ ਰੱਖਣਗੇ।ਜ਼ਿਲ੍ਹਾ ਕੋਆਰਡੀਨੇਟਰ ਅਸ਼ਵਿੰਦਰ ਸਿੰਘ ਬਰਾੜ ਤੇ ਰਵੀ ਇੰਦਰ ਸਿੰਘ ਸਟੇਟ ਐਵਾਰਡੀ ਨੇ ਸਮਾਗਮ ਦੀ ਸਫਲਤਾ ਲਈ ਵਿਸ਼ੇਸ਼ ਯੋਗਦਾਨ ਦਿੱਤਾ। ਨੋਡਲ ਸੈਂਟਰ ਵਜੋਂ ਜਵਾਹਰ ਨਵੋਦਿਆ ਵਿਦਿਆਲਿਆ ਨੇ ਪ੍ਰਬੰਧਕੀ ਜ਼ਿੰਮੇਵਾਰੀਆਂ ਸੁਚਾਰੂ ਢੰਗ ਨਾਲ ਨਿਭਾਈਆਂ।

# ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਵਿੱਤੀ ਸਾਖਰਤਾ ਕੈਂਪ ਲਗਾਇਆ



ਫਿਰੋਜ਼ਪੁਰ, 14 ਫਰਵਰੀ (ਤਿਵਾੜੀ): ਜ਼ਿਲ੍ਹਾ ਫਿਰੋਜ਼ਪੁਰ ਵਿੱਚ 09 ਫ਼ਰਵਰੀ 2026 ਤੋਂ 13 ਫ਼ਰਵਰੀ 2026 ਤੱਕ ਕੇਵਾਈ ਸੀ-ਸੁਰੱਖਿਅਤ ਬੈਂਕਿੰਗ ਵੱਲ ਤੁਹਾਡਾ ਪਹਿਲਾ ਕਦਮ ਥੀਮ ਅਧੀਨ ਵਿੱਤੀ ਸਾਖਰਤਾ ਹਫ਼ਤਾ ਮਨਾਇਆ ਗਿਆ।ਇਸ ਦੌਰਾਨ ਜ਼ਿਲ੍ਹੇ ਦੀਆਂ ਸਾਰੀਆਂ ਬੈਂਕ ਸ਼ਾਖਾਵਾਂ, ਫਾਈਨੈਂਸ਼ਲ ਲਿਟਰੇਸੀ ਸੈਂਟਰ ਤੇ ਸੈਂਟਰ ਫਾਰ ਫਾਈਨੈਂਸ਼ਲ ਲਿਟਰੇਸੀ ਵੱਲੋਂ ਪਿੰਡ ਤੇ ਅਰਧ-ਸ਼ਹਿਰੀ ਖੇਤਰਾਂ ਸਮੇਤ ਵੱਖ-ਵੱਖ ਸਥਾਨਾਂ 'ਤੇ ਵਿੱਤੀ ਸਾਖਰਤਾ ਕੈਂਪ ਲਗਾਏ ਗਏ।ਇਸੇ ਕੜੀ ਵਿੱਚ 13 ਫ਼ਰਵਰੀ 2026 ਨੂੰ ਰਿਜ਼ਰਵ ਬੈਂਕ ਆਫ਼ ਇੰਡੀਆ, ਚੰਡੀਗੜ੍ਹ ਵੱਲੋਂ ਬਲਾਕ ਮੱਖੂ (ਆਕਾਂਕਸ਼ੀ ਬਲਾਕ) ਦੇ ਅਧੀਨ ਐਮ.ਸੀ. ਦਫ਼ਤਰ ਮੱਲਾਂਵਾਲਾ ਵਿਖੇ ਇੱਕ ਮੈਗਾ ਵਿੱਤੀ ਸਾਖਰਤਾ ਕੈਂਪ ਦਾ ਆਯੋਜਨ ਕੀਤਾ ਗਿਆ। ਸੁਧੀਰ ਸਿੱਧੂ, ਏਜੀਐਮ, ਆਰਬੀਆਈ ਚੰਡੀਗੜ੍ਹ, ਸੁਨੀਲ ਕੁਮਾਰ, ਸਰਕਲ ਹੈਡ, ਪੀਐਨਬੀ ਮੋਗਾ ਤੇ ਸ਼੍ਰੀਮਤੀ ਗੀਤਾ ਮਹਤਾ, ਐਲਡੀਐਮ ਫਿਰੋਜ਼ਪੁਰ ਕੈਂਪ ਵਿੱਚ ਹਾਜ਼ਰ ਰਹੇ।ਇਸ ਤੋਂ ਇਲਾਵਾ ਡਾਇਰੈਕਟਰ, ਆਰਸੇਟੀ ਜ਼ੀਰਾ, ਸੀਐਫਐਲ ਸਟਾਫ, ਪ੍ਰਗਤੀਸ਼ੀਲ ਕਿਸਾਨ, ਸਥਾਨਕ ਮਾਣਯੋਗ ਵਿਅਕਤੀ ਤੇ ਆਮ ਲੋਕਾਂ ਨੇ ਭਰਪੂਰ ਹਿੱਸਾ ਲਿਆ।ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਕੇਵਾਈਸੀ ਦੀ ਪਾਲਣਾ ਦੀ ਮਹੱਤਤਾ, ਸੁਰੱਖਿਅਤ ਬੈਂਕਿੰਗ ਪ੍ਰਥਾਵਾਂ, ਧੋਖਾਧੜੀ ਤੋਂ ਬਚਾਅ ਤੇ ਵਿੱਤੀ ਸਾਇਬਰ ਅਪਰਾਧਾਂ ਤੋਂ ਸੁਰੱਖਿਆ ਬਾਰੇ ਜਾਗਰੂਕ ਕਰਨਾ ਸੀ।

# ਵਿਧਾਇਕ ਰਾਏ ਨੇ ਪਟਿਆਲਾ-ਸਰਹਿੰਦ ਰੋਡ ਤੋਂ ਸੇਹਰਾ-ਸੇਹਰੀ ਤੱਕ ਬਣਨ ਵਾਲੀ ਸੜਕ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਕਰਵਾਇਆ

ਸ੍ਰੀ ਫ਼ਤਹਿਗੜ੍ਹ ਸਾਹਿਬ, 14 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਸਰਹਿੰਦ-ਪਟਿਆਲਾ ਰੋਡ ਤੋਂ ਸੇਹਰਾ ਸੇਹਰੀ ਤੱਕ ਬਣਨ ਵਾਲੀ 10.18 ਕਿਲੋਮੀਟਰ ਸੜਕ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਕਰਵਾਇਆ ਗਿਆ।ਇਸ ਸੜਕ ਦੇ ਬਣਨ ਨਾਲ ਜਿੱਥੇ ਰਾਜਪੁਰਾ-ਬਹਾਦਰਗੜ੍ਹ ਜਾਣ ਵਾਲੇ ਰਾਹਗੀਰਾਂ ਨੂੰ ਆਸਾਨੀ ਹੋਵੇਗੀ।ਉਥੇ ਹੀ ਇਲਾਕੇ ਦੇ ਲੋਕਾਂ ਨੂੰ ਵੀ ਆਉਣ-ਜਾਣ ਦੇ ਵਿੱਚ ਸੌਖ ਹੋਵੇਗੀ।ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹਲਕੇ



ਦਾ ਸਰਬਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ। ਜਿੱਥੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੇ ਲਈ ਸਿੱਖਿਆ ਕ੍ਰਾਂਤੀ ਦਾ ਕੰਮ ਵੱਡੇ ਪੱਧਰ 'ਤੇ ਚਲਾਇਆ ਜਾ ਰਿਹਾ ਹੈ, ਉਥੇ ਹੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾ ਕੇ ਲੋਕਾਂ ਨੂੰ ਇਲਾਜ ਦੇ ਵਿੱਚ ਵੱਡੀ ਰਾਹਤ ਦਿੱਤੀ ਜਾ ਰਹੀ ਹੈ। ਇਸੇ ਦੇ ਤਹਿਤ ਅੱਜ ਪਟਿਆਲਾ-ਸਰਹਿੰਦ ਰੋਡ ਤੋਂ ਸੇਹਰਾ-ਸੇਹਰੀ (ਵਾਇਆ ਨਲੀਨੀ, ਮੂਲੇਪੁਰ ਸੈਪਲਪੁਰ, ਮੁਹੰਮਦੀਪੁਰ) ਸੜਕ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ।ਇਸ ਸੜਕ ਦੀ ਕੁੱਲ ਲੰਬਾਈ 10.18 ਕਿਲੋਮੀਟਰ ਹੈ ਤੇ ਕਰੀਬ 2.36 ਕਰੋੜ ਰੁਪਏ ਦੀ ਲਾਗਤ ਦੇ ਨਾਲ ਕੰਮ ਕਰਵਾਇਆ ਜਾ ਰਿਹਾ।ਰਾਜਪੁਰਾ ਬਹਾਦਰਗੜ੍ਹ ਜਾਣ ਵਾਲੇ ਰਾਹਗੀਰਾਂ ਨੂੰ ਇਸ ਸੜਕ ਦੇ ਬਣਨ ਨਾਲ ਵੱਡੀ ਰਾਹਤ ਮਿਲੇਗੀ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਲਜਿੰਦਰ ਸਿੰਘ, ਬਲਾਕ ਸੰਮਤੀ ਮੈਂਬਰ ਹਰਮੇਸ਼ ਸਿੰਘ ਛੰਨਾ, ਸਰਪੰਚ ਰਾਜਦੀਪ ਰਾਜੂ, ਸਰਪੰਚ ਅਰਸ਼ਦੀਪ ਸ਼ਰਮਾ, ਸਰਪੰਚ ਗੁਰਦੀਪ ਲਾਲਾ, ਸਾਬਕਾ ਸਰਪੰਚ ਸ਼ਿੰਗਾਰਾ ਸਿੰਘ ਨਲੀਨੀ, ਮੂਲੇਪੁਰ ਦੇ ਸਰਪੰਚ ਦਿਲਦਾਰ ਮੁਹੰਮਦ, ਬੱਗਾ ਨਲੀਨੀ, ਗੁਰਪ੍ਰੀਤ ਭਿੰਡਰ, ਬਹਾਦਰ ਖਾਨ ਦਫਤਰ ਸਕੱਤਰ, ਹਰਭਜਨ ਸਿੰਘ, ਦਰਸ਼ਨ ਸਿੰਘ ਪੰਡਰਾਲੀ, ਲਖਵਿੰਦਰ ਸਿੰਘ ਜਾਗੋ, ਜੋਤੀ ਸਾਧੂਗੜ੍ਹ, ਬਲਵਿੰਦਰ ਸਰਪੰਚ ਨੌਲਖਾ, ਹਾਕਮ ਸਿੰਘ ਮੂਲੇਪੁਰ ਆਦਿ ਹਾਜ਼ਰ ਸਨ।

# ਪੰਥ ਰਤਨ ਜਥੇ. ਗੁਰਚਰਨ ਸਿੰਘ ਟੌਹੜਾ ਦਾ ਤਰਾਸ਼ਿਆ, ਅਕਾਲੀ ਆਗੂ ਜਥੇ. ਹਰੀ ਸਿੰਘ ਮਛਰਾਏ ਦਾ ਅਕਾਲ ਚਲਾਣਾ ਖ਼ਾਲਸਾ ਪੰਥ ਲਈ ਵੱਡਾ ਘਾਟਾ: ਪੰਜੋਲੀ

ਸ੍ਰੀ ਫਤਹਿਗੜ੍ਹ ਸਾਹਿਬ, 14 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਅਕਾਲੀ ਮੋਰਚਿਆਂ ਦਾ ਸ਼ਾਹ ਅਸਵਾਰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਮਿੱਤਰ ਪਿਆਰਾ ਟਕਸਾਲੀ ਅਕਾਲੀ ਆਗੂ ਜਥੇਦਾਰ ਹਰੀ ਸਿੰਘ ਮਛਰਾਏ ਦਾ ਸਦੀਵੀ ਵਿਛੋੜਾ ਖ਼ਾਲਸਾ ਪੰਥ ਲਈ ਵੱਡਾ ਘਾਟਾ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਦੱਸਿਆ ਕਿ ਜਥੇਦਾਰ ਹਰੀ ਸਿੰਘ ਮਛਰਾਏ ਸਾਹਿਬ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਰਹਿੰਦਿਆਂ ਖ਼ਾਲਸਾ ਪੰਥ ਦੀ ਚੜ੍ਹਦੀਕਲਾ ਲਈ ਮਾਣ ਮੱਤਾ ਸੰਘਰਸ਼ ਕੀਤਾ ਹੈ, ਜਿਸ ਨੂੰ ਹਮੇਸ਼ਾ ਯਾਦ ਰੱਖਿਆ ਜਾਏਗਾ। ਉਨ੍ਹਾਂ ਦੇ ਵਿਛੋੜੇ ਉਤੇ ਹੋਰਨਾਂ ਤੋਂ ਇਲਾਵਾ ਗਹਿਰਾ ਦੁੱਖ ਪ੍ਰਗਟ ਕਰਨ ਵਾਲੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਮੈਂਬਰ ਪਾਰਲੀਮੈਂਟ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਐਮਐਲਏ ਜਸਟਿਸ ਨਿਰਮਲ ਸਿੰਘ, ਸਾਬਕਾ ਐਮਐਲਏ ਹਰਿੰਦਰਪਾਲ ਸਿੰਘ



ਚੰਦੂਮਾਜਰਾ, ਹਰਵੇਲ ਸਿੰਘ ਮਾਧੋਪੁਰ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਮਨਦੀਪ ਸਿੰਘ ਪ੍ਰਧਾਨ ਜ਼ਿਲ੍ਹਾ ਅਕਾਲੀ ਜੱਥਾ ਫਤਹਿਗੜ੍ਹ ਸਾਹਿਬ, ਅਮਰਇੰਦਰ ਸਿੰਘ ਲਿਬੜਾ ਸੀਨੀਅਰ ਅਕਾਲੀ ਆਗੂ, ਰਣਬੀਰ ਸਿੰਘ ਪੂਨੀਆ ਸੀਨੀਅਰ ਅਕਾਲੀ ਆਗੂ, ਇੰਦਰਜੀਤ ਸਿੰਘ ਸੰਧੂ ਮੀਰਪੁਰ ਸੀਨੀਅਰ ਅਕਾਲੀ ਆਗੂ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਸਾਬਕਾ ਮੈਂਬਰ ਐਸਜੀਪੀਸੀ, ਨਰਿੰਦਰ ਸਿੰਘ ਟਿਵਾਣਾ ਐਡਵੋਕੇਟ ਸਾਬਕਾ ਚੇਅਰਮੈਨ, ਦਰਬਾਰਾ ਸਿੰਘ ਰੰਧਾਵਾ, ਸੁਰਿੰਦਰ ਸਿੰਘ ਸੁਹਾਗਹੇੜੀ ਸਰਕਲ ਪ੍ਰਧਾਨ, ਬਲਤੇਜ ਸਿੰਘ ਅਮਲੋਹ ਸੀਨੀਅਰ ਅਕਾਲੀ ਆਗੂ, ਅਮਰਜੀਤ ਸਿੰਘ ਮੁਡੜੀਆ ਸੀਨੀਅਰ ਅਕਾਲੀ ਆਗੂ, ਸੁਰਜੀਤ ਸਿੰਘ ਚਰਨਾਥਲ ਸਰਕਲ ਪ੍ਰਧਾਨ, ਗੁਰਦੇਵ ਸਿੰਘ ਵਿਰਕ ਸਰਕਲ ਪ੍ਰਧਾਨ ਸਰਹਿੰਦ, ਮਾਸਟਰ ਚਰਨਜੀਤ ਸਿੰਘ ਖਾਲਸਪੁਰ ਸੀਨੀਅਰ ਅਕਾਲੀ ਆਗੂ, ਦਿਲਬਾਗ ਸਿੰਘ ਬਦੋਛੀ ਸਾਬਕਾ ਚੇਅਰਮੈਨ, ਮਹਿੰਦਰਜੀਤ ਸਿੰਘ ਖਰੋੜੀ ਸਾਬਕਾ ਚੇਅਰਮੈਨ, ਅਮਰਜੀਤ ਸਿੰਘ ਬਡਗੁਜਰਾ ਪੰਥਕ ਆਗੂ, ਹਰਵਿੰਦਰ ਸਿੰਘ ਬਬਲ ਸੀਨੀਅਰ ਆਗੂ, ਅਮਰਜੀਤ ਸਿੰਘ ਸਾਬਕਾ ਮੈਨੇਜਰ ਸ਼ਾਮਲ ਸਨ।

# ਪਾਵਰਕਾਮ ਕਾਰਪੋਰੇਸ਼ਨ ਵੱਲੋਂ ਸਾਲਾਨਾ ਸਮਾਗਮ 'ਤੇ ਸ਼੍ਰੋਮਣੀ ਪੱਤਰਕਾਰ ਭੂਸ਼ਨ ਸੂਦ ਦਾ ਸਨਮਾਨ

ਅਮਲੋਹ, 14 ਫਰਵਰੀ (ਜਸਵੰਤ ਸਿੰਘ): ਪੰਜਾਬ ਪਾਵਰਕਾਮ ਕਾਰਪੋਰੇਸ਼ਨ ਮੰਡਲ, ਉਪ-ਮੰਡਲ ਅਮਲੋਹ ਤੇ 200 ਕੇਵੀ ਗਰਿਡ ਦੇ ਸਮੂਹ ਸਟਾਫ਼ ਵੱਲੋਂ ਸਾਲਾਨਾ ਸਮਾਗਮ ਮੌਕੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਕਰਵਾਏ ਗਏ। ਸਮਾਗਮ ਦੌਰਾਨ ਪ੍ਰਬੰਧਕਾਂ ਵੱਲੋਂ ਸ਼੍ਰੋਮਣੀ ਤੇ ਵੈਟਰਨ ਪੱਤਰਕਾਰ ਭੂਸ਼ਨ ਸੂਦ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ



ਤੇ ਲੰਬੇ ਸਮੇਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਬੇਦਾਗ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਸਮਾਗਮ ਵਿੱਚ ਵਿਭਾਗ ਦੇ ਸਰਕਲ ਖੰਨਾ ਦੇ ਐਸਈ ਸੁਖਜੀਤ ਸਿੰਘ, ਐਕਸੀਅਨ ਅਮਲੋਹ ਗੁਰਪ੍ਰੀਤ ਸਿੰਘ, ਐਕਸੀਅਨ ਹਰਜਿੰਦਰਪਾਲ ਸਿੰਘ ਮੰਡੀ ਗੋਬਿੰਦਗੜ੍ਹ, ਐਕਸੀਅਨ ਅਮਨ ਗੁਪਤਾ ਖੰਨਾ, ਐਸਡੀਓ ਦਵਿੰਦਰ ਸਿੰਘ ਸਰਹਿੰਦ, ਐਸਡੀਓ ਗੁਰਦਰਸ਼ਨ ਸਿੰਘ ਅਮਲੋਹ, ਐਸਡੀਓ ਬਲਦੇਵ ਸਿੰਘ ਘਟੀਂਡ, ਐਸਡੀਓ ਭਾਦਸੋਂ, ਐਸਡੀਓ ਸ਼ਮਸ਼ਪੁਰ, ਐਸਡੀਓ ਟੌਹੜਾ, ਗੁਰਦੁਆਰਾ ਸ੍ਰੀ ਸਿੰਘ ਸਭਾ ਦੀ ਸੁਪਰ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਚੀਮਾ, ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਪ੍ਰਿੰਥੀਪਾਲ ਸਿੰਘ ਅਮਲੋਹ, ਪੱਤਰਕਾਰ ਯੂਨੀਅਨ ਦੇ ਪ੍ਰਧਾਨ ਰਜਨੀਸ਼ ਡੱਲਾ, ਪੱਤਰਕਾਰ ਨਾਹਰ ਸਿੰਘ ਰੰਗੀਲਾ, ਰਿਟ. ਐਸਡੀਓ ਸੰਦੀਪ ਧੀਰ, ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਕਾਲਾ ਅਰੜਾ, ਪੰਚਾਇਤ ਅਫ਼ਸਰ ਬਲਪਿੰਦਰ ਸਿੰਘ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਭਗੜਾਣਾ, ਸਾਬਕਾ ਪ੍ਰਧਾਨ ਗੋਪਾਲ ਕ੍ਰਿਸ਼ਨ ਗਰਗ, ਐਡਵੋਕੇਟ ਸੀਤਲ ਸ਼ਰਮਾ, ਐਡਵੋਕੇਟ ਮਯੰਕ ਸ਼ਰਮਾ, ਹੈਪੀ ਸੂਦ, ਮਰੀਕ ਸਿੰਘ ਮੇਂਜੀ, ਚਮਕੌਰ ਸਿੰਘ ਅਕਾਲਗੜ੍ਹ ਤੇ ਕਰਮ ਸਿੰਘ ਭਾਂਬਰੀ ਨੇ ਸ਼ਿਰਕਤ ਕੀਤੀ।

# ਇਲੈਕਟ੍ਰੋਹੋਮਿਓਪੈਥੀ ਸਬੰਧੀ 2 ਰੋਜ਼ਾ ਤੀਸਰਾ ਸੈਮੀਨਾਰ ਸੰਪੰਨ, ਹਰ ਸਾਲ ਹੋਵੇਗਾ ਸੈਮੀਨਾਰ: ਡਾ. ਸੇਖੋਂ



ਮੋਗਾ, 14 ਫਰਵਰੀ (ਸਰਬਜੀਤ ਰੌਲੀ): ਬੀਤੇ ਦਿਨੀਂ 2 ਦਿਨ ਦਾ ਤੀਸਰਾ ਮੈਗਾ ਸੈਮੀਨਾਰ ਸਿਟੀ ਨਾਗਪੁਰ (ਮਹਾਰਾਸ਼ਟਰ) ਵਿਖੇ ਹੋਟਲ ਓਰੀਐਂਟ ਤਿਆਬਾ ਵਿਖੇ ਡਾ. ਨਾਨਾ ਸਿਲੋਕਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਹੋਇਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਰੈਬੀਸਨ ਇੰਡੀਆ ਇਲੈਕਟ੍ਰੋਹੋਮਿਓ ਫਾਰਮਾ ਦੇ ਚੇਅਰਪਰਸਨ ਡਾ. ਸੰਜੀਵ ਸ਼ਰਮਾ ਹਿਮਾਚਲ ਪ੍ਰਦੇਸ਼ (ਚੰਬਾ) ਤੇ ਉਨ੍ਹਾਂ ਦੇ ਸਪੁੱਤਰ ਡਾ. ਸਨਮ ਸ਼ਰਮਾ ਤੇ ਈਡੀਐਮਏ ਪੰਜਾਬ ਟੀਮ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ, ਡਾ. ਕਮਲਜੀਤ ਕੌਰ ਸੇਖੋਂ, ਕੋਰ ਕਮੇਟੀ ਮੈਂਬਰ ਡਾ. ਜਸਵਿੰਦਰ ਸਿੰਘ ਸਮਾਧ ਭਾਈ, ਡਾ. ਮਨਪ੍ਰੀਤ ਸਿੰਘ ਨਿਹਾਲ ਸਿੰਘ ਵਾਲਾ, ਪ੍ਰਧਾਨ ਡਾ. ਜਗਮੋਹਨ ਸਿੰਘ ਧੂੜਕੋਟ, ਜਰਨਲ ਸਕੱਤਰ ਪਰਮਿੰਦਰ ਪਾਠਕ ਰਾਏਕੋਟ, ਅੰਮ੍ਰਿਤ ਫਾਰਮਾ ਦੇ ਮੁੱਖ ਡਾ. ਜਗਜੀਤ ਸਿੰਘ ਗਿੱਲ ਪਹੁੰਚੇ। ਸਟੇਜ ਸੈਕਟਰੀ ਡਾ. ਤਨਿਸ਼ਕਾ ਚਾਨੇ ਨੇ ਨਿਭਾਈ।ਇਸ ਦੋ ਦਿਨ ਦੇ ਸੈਮੀਨਾਰ ਵਿੱਚ ਟੈਂਪਰਮੈਂਟ ਬਾਰੇ, ਨਾੜੀ ਜਾਂਚ ਬਾਰੇ, ਇਲੈਕਟ੍ਰੋਹੋਮਿਓਪੈਥਿਕ ਪੌਦਿਆਂ ਬਾਰੇ, ਜਰਨਲ ਪ੍ਰੈਕਟਿਸ ਬਾਰੇ, ਇਲੈਕਟ੍ਰੋਹੋਮਿਓਪੈਥਿਕ ਦਵਾਈਆਂ ਬਾਰੇ ਜਾਣਕਾਰੀ ਸਾਂਝਾ ਕੀਤੀ ਗਈ।ਇਸ ਸਮੇਂ ਡਾ. ਕਮਲਜੀਤ ਕੌਰ ਸੇਖੋਂ ਨੇ ਦੱਸਿਆ ਕਿ ਇਹ ਦਵਾਈਆਂ ਕੁਦਰਤੀ ਪੌਦਿਆਂ ਦੇ ਅਰਕ ਤੋਂ ਤਿਆਰ ਹੁੰਦੀਆਂ ਹਨ, ਇਨ੍ਹਾਂ ਦਾ ਕੋਈ ਸਾਈਡ ਇਫੈਕਟ ਨਹੀਂ ਹੁੰਦਾ। ਇਸ ਸੈਮੀਨਾਰ ਵਿੱਚ ਅਲੱਗ-ਅਲੱਗ ਡਾ. ਸਾਹਿਬਾਨ ਨੇ ਗੁਰਦੇ ਫੇਲ੍ਹ, ਲਿਵਰ ਫੇਲ੍ਹ, ਬਾਂਝਪਨ, ਮਸਕੂਲਰ ਡਿਸਟਰੌਫੀ, ਸ਼ੂਗਰ, ਆਪਣੇ ਕਲੀਨੀਕਲ ਤਜਰਬੇ ਸਾਂਝੇ।ਇਸ ਸਮੇਂ ਡਾ. ਆਰਸੀ ਪਰਜਾਪਤੀ, ਡਾ. ਅਰਪਿਤਾ ਚਾਨੇ, ਡਾ. ਲਤਾ ਖੋਕਲੇ, ਡਾ. ਸੁਮਿਤਾ ਮੰਡੇਰ, ਡਾ. ਕਾਇਲਸ ਰੋਡੇ, ਡਾ. ਪ੍ਰਸ਼ਾਂਤ ਮੰਗਟੇ, ਡਾ. ਨੰਨਦਾ ਸਲੋਕਰ, ਡਾ. ਅਰਚਨਾ ਜੈਨ, ਡਾ. ਰਤਨਾ ਮੋਤਗਾਰੇ, ਡਾ. ਜੋਗਿੰਦਰ ਵਰਕਾਢੇ, ਡਾ. ਜੱਸ ਸਲੋਕਰ, ਡਾ. ਸ਼ੁਭਮ ਰੋਡੇ ਮੌਜੂਦ ਸਨ।

# ਕਿਸਾਨ-ਮਜ਼ਦੂਰ ਜਥੇਬੰਦੀ ਜ਼ੋਨ ਮਖੂ ਦੇ ਵੱਖ-ਵੱਖ ਇਕਾਈਆਂ ਦੇ ਚੁਣੇ ਹੋਏ ਡੈਲੀਗੇਟਾਂ ਦੀ ਹਾਜ਼ਰੀ 'ਚ ਨਵੀਂ ਜ਼ੋਨ ਟੀਮ ਦਾ ਐਲਾਨ



ਜ਼ੀਰਾ, 14 ਫਰਵਰੀ (ਦੀਪਕ ਭਾਰਗੋ): ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੋਨ ਮੱਖੂ ਦੀ ਭਰਵੀਂ ਮੀਟਿੰਗ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ (ਨੇੜੇ ਮੱਲਾਂਵਾਲਾ ਮੋੜ) ਦੇ ਅਸਥਾਨਾਂ 'ਤੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਤੇ ਜ਼ਿਲ੍ਹਾ ਟੀਮ ਦੀ ਰਹਿਨੁਮਾਈ ਹੇਠ ਹੋਈ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਪੁਰਾਣੀ ਜ਼ੋਨ ਟੀਮ ਨੂੰ ਭੰਗ ਕਰਕੇ ਸੰਚਾਲਿਤ ਕਮੇਟੀ ਬਣਾਈ ਗਈ।ਇਸ ਮੌਕੇ ਆਗੂਆਂ ਵੱਲੋਂ ਪਿਛਲੇ 3 ਸਾਲਾਂ ਦੌਰਾਨ ਜ਼ੋਨ ਆਗੂਆਂ ਦੇ ਕਾਰਜਕਾਲ ਦੌਰਾਨ ਕੀਤੇ ਕੰਮਾਂ, ਘਾਟਾ ਕਮਜ਼ੋਰੀਆਂ ਤੇ ਸਵਲੇਸ਼ਣ ਕੀਤਾ ਗਿਆ। ਮੀਟਿੰਗ ਵਿੱਚ ਵੱਖ-ਵੱਖ ਇਕਾਈਆਂ ਦੇ ਚੁਣੇ ਹੋਏ ਡੈਲੀਗੇਟਾਂ ਵੱਲੋਂ ਸੰਵਿਧਾਨ ਮੁਤਾਬਿਕ ਸਰਬਸੰਮਤੀ ਨਾਲ ਨਵੀਂ ਟੀਮ ਦਾ ਗਠਨ ਕਰਦਿਆਂ ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ, ਜ਼ੋਨ ਸਕੱਤਰ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ, ਖਜ਼ਾਨਚੀ ਲਖਵਿੰਦਰ ਸਿੰਘ, ਸੀ. ਮੀਤ ਪ੍ਰਧਾਨ ਸਵਰਨ ਸਿੰਘ ਸਰਫਲੀ, ਮੀਤ ਪ੍ਰਧਾਨ ਗੁਰਭੇਜ ਸਿੰਘ ਫੇਮੀਵਾਲਾ, ਪਿਆਰਾ ਸਿੰਘ ਘੁੱਦੂਵਾਲਾ, ਪ੍ਰੈਸ ਸਕੱਤਰ ਸੂਰਤ ਸਿੰਘ ਖੜੂਰ, ਮੀਤ ਸਕੱਤਰ ਹਰਵਿੰਦਰ ਸਿੰਘ ਮੰਨੂ ਮਾਛੀ, ਗੁਰਮੀਤ ਸਿੰਘ ਠੇਕੇਦਾਰ, ਮੀਤ ਖਜ਼ਾਨਚੀ ਸਾਹਿਬ ਸਿੰਘ ਤਲਵੰਡੀ, ਲਖਬੀਰ ਸਿੰਘ ਟਿੱਬੀ ਅਰਾਈਆਂ, ਸਲਾਹਕਾਰ ਇੰਦਰਜੀਤ ਸਿੰਘ ਬਾਠ, ਜਰਨੈਲ ਸਿੰਘ ਵਾਲਾ ਵਾਲਾ ਜੱਟਾਂ, ਕੁਲਦੀਪ ਸਿੰਘ ਖੜੂਰ, ਸ਼ਮਸ਼ੇਰ ਸਿੰਘ, ਦਿਆਲ ਸਿੰਘ ਕਿੱਲੀ ਬੋਦਲਾਂ, ਫੌਜੀ ਬੂਹ, ਬਾਜ ਸਿੰਘ ਫੇਮੀਵਾਲਾ, ਲੰਗਰ ਕਮੇਟੀ ਇੰਚਾਰਜ ਬਲਕਾਰ ਸਿੰਘ ਸ਼ਾਮੇ ਵਾਲਾ, ਬੱਗਾ ਸਿੰਘ ਨਿਜਾਮਦੀਨ, ਹਰਬੰਸ ਸਿੰਘ ਚੱਕੀਆਂ, ਵਲੰਟੀਅਰ ਭਜਨ ਸਿੰਘ ਜੋਗੇਵਾਲਾ, ਹਰਚਰਨ ਸਿੰਘ ਤਲਵੰਡੀ, ਤਰਸੇਮ ਸਿੰਘ ਬਾਹਰਵਾਲੀ, ਜਗਰੂਪ ਸਿੰਘ ਟਿੱਬੀ, ਸੁਖਚੈਨ ਸਿੰਘ ਲੱਲ੍ਹੇ, ਗੁਰਮੀਤ ਸਿੰਘ ਠੇਕੇਦਾਰ, ਨਿਰਮਲ ਸਿੰਘ ਮਹਿਮੂਦਵਾਲਾ ਟੀਮ ਦਾ ਗਠਨ ਕੀਤਾ ਗਿਆ ਤੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਤਨ-ਮਨ ਨਾਲ ਜਥੇਬੰਦੀ ਦੇ ਸੰਵਿਧਾਨ ਅਨੁਸਾਰ ਕੰਮ ਕਰਨ ਦਾ ਵਿਸ਼ਵਾਸ ਦਿਵਾਇਆ।ਇਸ ਮੌਕੇ ਜ਼ੋਨ ਦੀਆਂ ਸਾਰੀਆਂ ਹੀ ਇਕਾਈਆਂ ਦੇ ਚੁਣੇ ਹੋਏ ਡੈਲੀਗੇਟ ਤੇ ਹੋਰ ਆਗੂ ਵੀ ਹਾਜ਼ਰ ਸਨ।

# ਬਸੰਤ ਵਿਹਾਰ ਵਾਸੀ ਪਰਮਜੀਤ ਸਿੰਘ ਨੇ ਇਨਸਾਫ਼ ਲਈ ਪੁਲਿਸ ਦੇ ਉਚਅਧਿਕਾਰੀਆਂ ਕੋਲ ਲਗਾਈ ਗੁਹਾਰ

ਮੰਡੀ ਗੋਬਿੰਦਗੜ੍ਹ, 14 ਫਰਵਰੀ (ਸੂਦ): ਮੰਡੀ ਗੋਬਿੰਦਗੜ੍ਹ ਦੇ ਵਿਕਾਸ ਨਗਰ ਦੇ ਵਸਨੀਕ ਪਰਮਜੀਤ ਸਿੰਘ ਨੇ ਪੰਜਾਬ ਦੇ ਡਾਇਰੈਕਟਰ ਜਨਰਲ ਪੁਲਿਸ, ਜ਼ਿਲ੍ਹਾ ਪੁਲਿਸ ਮੁਖੀ ਤੇ ਉਚਅਧਿਕਾਰੀਆਂ ਨੂੰ ਲਿਖਤੀ ਪੱਤਰ ਦੇ ਕੇ ਇਨਸਾਫ਼ ਲਈ ਗੁਹਾਰ ਲਗਾਈ ਹੈ। ਉਸ ਨੇ ਕਿਹਾ ਕਿ ਥਾਣਾ ਖੰਨਾ ਦੇ ਪਿੰਡ ਮਾਨੂਪੁਰ ਦੇ ਵਸਨੀਕ ਚਰਨਜੀਤ ਸਿੰਘ ਭੂਰਾ ਵੱਲੋਂ ਆਪਣੇ ਸਾਥੀਆਂ ਸਮੇਤ ਕਥਿਤ ਰੂਪ ਵਿੱਚ ਉਸ ਦੇ ਘਰ ਆ ਕੇ ਉਸ ਨੂੰ ਤੇ ਉਸਦੇ ਪਰਿਵਾਰ ਨੂੰ ਸ਼ਰੇਆਮ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਾਰਨ ਉਸ ਨੇ ਥਾਣਾ ਮੰਡੀ ਗੋਬਿੰਦਗੜ੍ਹ ਵਿੱਚ ਦੋ ਲਿਖਤੀ ਸ਼ਿਕਾਇਤਾਂ ਦਿੱਤੀਆਂ ਪ੍ਰੰਤੂ ਕਾਰਵਾਈ ਨਾ ਹੋਣ ਕਾਰਨ ਜ਼ਿਲ੍ਹਾ ਪੁਲਿਸ ਮੁਖੀ ਕੋਲ ਗੁਹਾਰ ਲਗਾਈ, ਜਿਨ੍ਹਾਂ ਉਸ ਦੀਆਂ ਦੋਵੇਂ ਦਰਖਾਸਤਾਂ ਮੰਡੀ ਗੋਬਿੰਦਗੜ੍ਹ ਪੁਲਿਸ ਨੂੰ ਕਾਰਵਾਈ ਲਈ ਭੇਜ ਦਿੱਤੀਆਂ, ਜਿਸ ਦੀ ਜਾਂਚ ਹੌਲਦਾਰ ਮਨਦੀਪ ਨੂੰ ਦਿੱਤੀ ਪ੍ਰੰਤੂ ਉਸ ਵੱਲੋਂ ਵਾਰ-ਵਾਰ ਚੱਕਰ



ਲਗਾਉਣ ਦੇ ਬਾਵਜੂਦ ਉਸ ਨੂੰ ਕੋਈ ਇਨਸਾਫ਼ ਨਹੀਂ ਮਿਲਿਆ।ਉਸ ਨੇ ਕਿਹਾ ਕਿ ਪੁਲਿਸ ਵੱਲੋਂ ਉਲਟਾ ਉਸ ਉਪਰ ਸ਼ਿਕਾਇਤ ਵਾਪਸ ਲੈਣ ਲਈ ਕਥਿਤ ਦਬਾਅ ਪਾਇਆ ਜਾ ਰਿਹਾ ਹੈ। ਉਸ ਨੇ ਕਿਹਾ ਕਿ ਉਸ ਦੀ ਤੇ ਉਸ ਦੇ ਪਰਿਵਾਰ ਦੀ ਜਾਨ ਮਾਲ ਨੂੰ ਖਤਰਾ ਹੈ ਤੇ ਉਹ ਇਨਸਾਫ਼ ਲਈ ਦਰ-ਦਰ ਠੋਕਰਾਂ ਖਾ ਰਿਹਾ ਹੈ। ਇਸ ਸਬੰਧੀ ਜਦੋਂ ਤਫ਼ਤੀਸ਼ੀ ਹੌਲਦਾਰ ਮਨਦੀਪ ਨਾਲ ਸੰਪਰਕ ਕੀਤਾ ਤਾਂ ਉਸ ਨੇ ਪੱਖ ਦੇਣ ਤੋਂ ਪਾਸਾ ਵੱਟ ਲਿਆ। ਇਸ ਸਬੰਧੀ ਜਦੋਂ ਚਰਨਜੀਤ ਸਿੰਘ ਭੂਰਾ ਨਾਲ ਸੰਪਰਕ ਕੀਤਾ ਤਾਂ ਉਸ ਨੇ ਦੋਸ਼ਾਂ ਨੂੰ ਗਲਤ ਦੱਸਿਆ।

# ਗੋਬਿੰਦਗੜ੍ਹ ਪਬਲਿਕ ਸਕੂਲ 'ਚ 30ਵਾਂ ਸਾਲਾਨਾ ਖੇਡ ਮੇਲਾ ਕਰਵਾਇਆ

ਮੰਡੀ ਗੋਬਿੰਦਗੜ੍ਹ, 14 ਫਰਵਰੀ (ਸੂਦ): ਗੋਬਿੰਦਗੜ੍ਹ ਪਬਲਿਕ ਸਕੂਲ ਵਿੱਚ 30ਵਾਂ ਸਾਲਾਨਾ ਐਥਲੈਟਿਕ ਮੀਟ ਕਰਵਾਈ ਗਈ, ਜਿਸ ਵਿਚ ਗੋਬਿੰਦਗੜ੍ਹ ਐਜੂਕੇਸ਼ਨਲ ਐਂਡ ਸੋਸ਼ਲ ਵੈਲਫੇਅਰ ਟਰੱਸਟ ਦੇ ਪ੍ਰਧਾਨ ਰਾਜ ਕੁਮਾਰ ਗੋਇਲ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪ੍ਰਬੰਧਕੀ ਕਮੇਟੀ ਦੇ ਸਕੱਤਰ ਨਿਤਿਨ ਸੱਗੜ, ਮੈਂਬਰ ਰਾਹੁਲ ਗੋਇਲ, ਮਿਸ ਸ਼ਿਪਰਾ ਗੋਇਲ, ਪਿਆਰਾ ਸਿੰਘ ਕਲਸੀ, ਨਰੇਸ਼ ਅਗਰਵਾਲ, ਗੋਬਿੰਦਗੜ੍ਹ ਪਬਲਿਕ ਕਾਲਜ ਅਲੌੜ ਦੇ ਪ੍ਰਿੰਸੀਪਲ ਡਾ. ਨੀਨਾ ਸੇਠ ਪਜਨੀ ਤੇ ਸੰਸਥਾ ਦੀ ਪ੍ਰਿੰਸੀਪਲ ਡਾ. ਨਿਸ਼ੀ ਬਾਲਾ ਵੀ ਹਾਜ਼ਰ ਸਨ। ਖੇਡ ਮੇਲੇ ਦੌਰਾਨ ਨਰਸਰੀ ਤੋਂ ਲੈ ਕੇ ਨੌਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਵੱਖ-ਵੱਖ ਟਰੈਕ ਤੇ ਫੀਲਡ ਇਵੈਂਟ ਕਰਵਾਏ ਗਏ, ਜਿਨ੍ਹਾਂ ਵਿੱਚ 50, 100, 200, 400



ਤੇ 600 ਮੀਟਰ ਦੌੜਾਂ, ਰੀਲੇਅ ਰੇਸ, ਬੋਰੀ ਦੌੜ, ਤਿੰਨ ਟੰਗਾਂ ਦੀ ਦੌੜ, ਲੰਬੀ ਛਾਲ ਤੇ ਸ਼ਾਟ ਪੁੱਟ ਆਦਿ ਸ਼ਾਮਲ ਸਨ। ਮਾਪਿਆਂ ਲਈ ਵੀ ਵਿਸ਼ੇਸ਼ ਦੌੜਾਂ ਕਰਵਾਈਆਂ ਗਈਆਂ। ਸਰਵੋਤਮ ਖਿਡਾਰੀ ਦਾ ਖਿਤਾਬ ਲੜਕਿਆਂ ਵਿੱਚੋਂ ਗੁਰਨੂਰ ਸਿੰਘ ਸੱਤਵੀਂ ਤੇ ਅਕਸ਼ੈ ਖੁੱਲਰ ਅੱਠਵੀਂ ਨੇ ਹਾਸਲ ਕੀਤਾ ਜਦਕਿ ਲੜਕੀਆਂ ਵਿੱਚੋਂ ਅਦਿਤੀ ਅੱਠਵੀਂ ਸਰਵੋਤਮ ਖਿਡਾਰੀ ਰਹੀ। ਸਰਵੋਤਮ ਮਾਰਚ ਪਾਸਟ ਹਾਊਸ ਦਾ ਖਿਤਾਬ ਪਟੇਲ ਹਾਊਸ ਨੇ ਹਾਸਲ ਕੀਤਾ ਜਦ ਕਿ ਟਾਗੋਰ ਹਾਊਸ ਦੂਜੇ ਸਥਾਨ 'ਤੇ ਰਿਹਾ। ਆਲ ਓਵਰ ਬੈਸਟ ਹਾਊਸ ਦਾ ਸਨਮਾਨ ਵੀ ਪਟੇਲ ਹਾਊਸ ਨੂੰ ਪ੍ਰਾਪਤ ਹੋਇਆ, ਜਦਕਿ ਗਾਂਧੀ ਹਾਊਸ ਦੂਜੇ ਸਥਾਨ 'ਤੇ ਰਿਹਾ। ਸਮਾਪਤੀ ਸਮਾਰੋਹ ਦੌਰਾਨ ਭੰਗੜੇ ਦੀ ਸ਼ਾਨਦਾਰ ਪ੍ਰਸਤੁਤੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਮੁੱਖ-ਮਹਿਮਾਨ ਰਾਜ ਕੁਮਾਰ ਗੋਇਲ ਨੇ ਜੇਤੂਆਂ ਨੂੰ ਤਮਗੇ ਤੇ ਸਰਟੀਫਿਕੇਟਾਂ ਨਾਲ ਸਨਮਾਨਤ ਕੀਤਾ।

# ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਇੰਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮ ਦਾ ਉਦਘਾਟਨ

ਮੋਗਾ, 14 ਫਰਵਰੀ (ਗੁਰਦੇਵ ਖੁਰਾਣਾ/ਨਿਸ਼ੀ ਮਨਚੰਦਾ): ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਨਗਰ ਨਿਗਮ ਦੇ ਵਾਰਡ ਨੰਬਰ 14, ਗਲੀ ਨੰਬਰ 3, ਪ੍ਰੇਮ ਨਗਰ ਵਿੱਚ 12.80 ਲੱਖ ਦੀ ਲਾਗਤ ਨਾਲ ਇੰਟਰਲਾਕਿੰਗ ਟਾਇਲਾਂ ਲਗਾਉਣ ਦਾ ਉਦਘਾਟਨ ਕੀਤਾ। ਨਗਰ ਨਿਗਮ ਦੇ ਮੇਅਰ ਪ੍ਰਵੀਨ ਕੁਮਾਰ ਸ਼ਰਮਾ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀਵਾਲੇ, ਚੇਅਰਮੈਨ ਸੰਜੀਵ ਨਰੂਲਾ, ਰਾਜੂ ਸੰਦੀਓੜਾ, ਕੌਂਸਲਰ ਜਗਦੀਪ ਸਿੰਘ, ਦਮਨ, ਸੰਜੇ ਸ਼ਰਮਾ ਤੇ ਵੱਡੀ ਗਿਣਤੀ ਵਿੱਚ ਮੁਹੱਲਾ ਨਿਵਾਸੀ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ।ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਮੋਗਾ ਸ਼ਹਿਰ ਦੇ ਵਾਰਡਾਂ ਵਿੱਚ ਵਿਕਾਸ ਕਾਰਜ



ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਵਾਰਡ ਦੇ ਵਿਕਾਸ ਕਾਰਜਾਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦੇ ਹੋਏ ਕਿਹਾ ਕਿ ਇਹ ਕੰਮ ਇਲਾਕੇ ਦੀ ਸੁੰਦਰਤਾ ਤੇ ਸਹੂਲਤਾਂ ਵਿੱਚ ਵਾਧਾ ਕਰਨਗੇ। ਉਨ੍ਹਾਂ ਕਿਹਾ ਕਿ ਕਿਸੇ ਵੀ ਵਾਰਡ ਨਿਵਾਸੀ ਨੂੰ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ ਤੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ 'ਤੇ ਮੁਹੱਲੇ ਦੇ ਵਸਨੀਕਾਂ ਨੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਨਗਰ ਨਿਗਮ ਦੇ ਮੇਅਰ ਪ੍ਰਵੀਨ ਕੁਮਾਰ ਸ਼ਰਮਾ ਦਾ ਵਾਰਡ ਵਿੱਚ ਵਿਕਾਸ ਕਾਰਜ ਸ਼ੁਰੂ ਕਰਨ ਲਈ ਧੰਨਵਾਦ ਕੀਤਾ।

# ਵਪਾਰੀ ਤੋਂ ਮੰਗੀ 1 ਕਰੋੜ ਰੁਪਏ ਦੀ ਫ਼ਿਰੌਤੀ, ਜਾਨੋਂ ਮਾਰਨ ਦੀ ਧਮਕੀ



ਲੁਧਿਆਣਾ, 14 ਫਰਵਰੀ (ਵਿਸ਼ਾਲ ਸ਼ਰਮਾ): ਪੰਜਾਬ ਵਿੱਚ ਕਾਰੋਬਾਰੀਆਂ, ਗਾਇਕਾਂ ਅਤੇ ਅਦਾਕਾਰਾਂ ਤੋਂ ਫ਼ਿਰੌਤੀ ਮੰਗਣ ਵਾਲੇ ਗੈਂਗਸਟਰਾਂ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਅਜਿਹਾ ਹੀ ਇੱਕ ਮਾਮਲਾ ਇਸ ਵੇਲੇ ਸਾਹਮਣੇ ਆ ਰਿਹਾ ਹੈ। ਗੈਂਗਸਟਰਾਂ ਨੇ ਇੱਕ ਵਪਾਰੀ ਤੋਂ 1 ਕਰੋੜ ਰੁਪਏ ਦੀ ਫ਼ਿਰੌਤੀ ਮੰਗੀ ਹੈ। ਰਿਪੋਰਟਾਂ ਅਨੁਸਾਰ ਲੁਧਿਆਣਾ ਵਿੱਚ ਇੱਕ ਵਪਾਰੀ ਨੂੰ ਇੱਕ ਵਿਦੇਸ਼ੀ ਨੰਬਰ ਤੋਂ 1 ਕਰੋੜ ਰੁਪਏ ਦੀ ਮੰਗ ਕਰਨ ਵਾਲਾ ਕਾਲ ਆਇਆ। ਕਾਲ ਕਰਨ ਵਾਲੇ ਨੇ ਧਮਕੀ ਦਿੱਤੀ ਕਿ ਜੇਕਰ ਪੈਸੇ ਨਾ ਦਿੱਤੇ ਗਏ ਤਾਂ ਕਾਰੋਬਾਰੀ ਅਤੇ ਉਸਦੇ ਪੂਰੇ ਪਰਿਵਾਰ ਨੂੰ ਮਾਰ ਦਿੱਤਾ ਜਾਵੇਗਾ। ਇਸ ਧਮਕੀ ਤੋਂ ਬਾਅਦ ਪੀੜਤ ਪਰਿਵਾਰ ਘਬਰਾ ਗਿਆ ਹੈ। ਸ਼ਿਕਾਇਤਕਰਤਾ ਗੁਰਪ੍ਰੀਤ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ 10 ਫਰਵਰੀ ਨੂੰ ਸ਼ਾਮ 6:50 ਵਜੇ ਦੇ ਕਰੀਬ, ਜਦੋਂ ਉਹ ਘਰ ਵਿੱਚ ਸੀ ਤਾਂ ਉਸਨੂੰ ਇੱਕ ਵਿਦੇਸ਼ੀ ਨੰਬਰ (+1-619-606-0307) ਤੋਂ ਇੱਕ ਵਟਸਐਪ ਕਾਲ ਆਈ। ਕਾਲ ਕੱਟਣ ਤੋਂ ਤੁਰੰਤ ਬਾਅਦ, ਉਸੇ ਨੰਬਰ ਤੋਂ ਇੱਕ ਸੁਨੇਹਾ ਆਇਆ। ਸੁਨੇਹੇ ਵਿੱਚ ਸਿੱਧੇ ਤੌਰ 'ਤੇ 1 ਕਰੋੜ ਦੀ ਮੰਗ ਕੀਤੀ ਗਈ ਸੀ। ਮੁਲਜ਼ਮਾਂ ਨੇ ਸਾਫ਼-ਸਾਫ਼ ਚੇਤਾਵਨੀ ਦਿੱਤੀ ਕਿ ਜੇਕਰ ਪੈਸੇ ਦਾ ਪ੍ਰਬੰਧ ਨਹੀਂ ਕੀਤਾ ਗਿਆ, ਤਾਂ ਉਨ੍ਹਾਂ ਨੂੰ ਗੰਭੀਰ ਨਤੀਜਿਆਂ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਧਮਕੀ ਤੋਂ ਬਾਅਦ, ਪੀੜਤ ਪਰਿਵਾਰ ਘਬਰਾਹਟ ਵਿੱਚ ਹੈ। ਪੀੜਤ ਦੀ ਸ਼ਿਕਾਇਤ ਦੇ ਆਧਾਰ 'ਤੇ, ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪ੍ਰਤਾਪ ਬਾਜਵਾ ਦੇ ਬਿਆਨ 'ਤੇ 'ਆਪ' ਨੇ ਘੇਰਿਆ ਕਾਂਗਰਸੀਆਂ ਦਾ ਦਫ਼ਤਰ

ਲੁਧਿਆਣਾ, 14 ਫਰਵਰੀ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਲੁਧਿਆਣਾ ਆਮ ਆਦਮੀ ਪਾਰਟੀ (ਆਪ) ਨੇ ਕਾਂਗਰਸ ਆਗੂ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵਿਰੁੱਧ ਬੈਂਡ ਬਾਜਾ (ਬੈਂਡ-ਬਾਜਾ) ਵਾਲੇ ਬਿਆਨ ਵਿਰੁੱਧ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ। 'ਆਪ' ਵਰਕਰਾਂ ਨੇ ਕਾਂਗਰਸ ਪ੍ਰਧਾਨ ਅਤੇ ਲੁਧਿਆਣਾ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਫ਼ਤਰ ਦਾ ਘਿਰਾਓ ਵੀ ਕੀਤਾ। ਮੰਤਰੀ ਮੁੰਡੀਆਂ ਅਤੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਰਾਜਾ ਵੜਿੰਗ ਦੇ ਦਫ਼ਤਰ ਦੇ ਬਾਹਰ ਬੈਂਡ ਵਜਾਇਆ। ਵਿਰੋਧ ਪ੍ਰਦਰਸ਼ਨ ਦੌਰਾਨ 'ਆਪ' ਵਰਕਰਾਂ ਨੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਕਾਂਗਰਸ ਪਾਰਟੀ ਵਿਰੁੱਧ ਨਾਅਰੇਬਾਜ਼ੀ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਆਪਣੀ ਹਾਰ ਤੋਂ ਦੁਖੀ ਹੈ ਅਤੇ ਆਪਣੀ ਕਾਰਗੁਜ਼ਾਰੀ ਨੂੰ ਦੇਖਦਿਆਂ ਲੱਗਦਾ ਹੈ ਕਿ ਉਹ ਅਗਲੀਆਂ ਚੋਣਾਂ ਵੀ ਹਾਰਨ ਜਾ ਰਹੀ ਹੈ। ਇਸ ਨਾਲ ਉਨ੍ਹਾਂ ਦੇ ਨਿੰਦਣਯੋਗ ਬਿਆਨ ਸਾਹਮਣੇ ਆ ਰਹੇ ਹਨ। ਮੰਤਰੀ ਮੁੰਡੀਆਂ ਨੇ ਕਿਹਾ ਕਿ ਜਦੋਂ ਤੱਕ ਪ੍ਰਤਾਪ ਸਿੰਘ ਬਾਜਵਾ ਮੁਆਫ਼ੀ ਨਹੀਂ ਮੰਗਦੇ, 'ਆਪ' ਕਾਂਗਰਸ 'ਤੇ ਹਮਲਾ ਕਰਦੀ ਰਹੇਗੀ।

ਮੰਤਰੀ ਮੁੰਡੀਆਂ ਨੇ ਕਿਹਾ ਕਿ ਕਾਂਗਰਸ 'ਆਪ' ਸਰਕਾਰ ਤੋਂ ਦੁਖੀ ਹੈ। ਉਹ ਕਹਿੰਦੇ ਸਨ ਕਿ ਇਹ ਸਰਕਾਰ ਛੇ ਮਹੀਨਿਆਂ ਤੋਂ ਵੱਧ ਨਹੀਂ ਚੱਲੇਗੀ। ਪਰ ਹੁਣ ਸਰਕਾਰ ਸਫਲ ਹੋ ਗਈ ਹੈ। ਬੱਚਿਆਂ ਨੂੰ ਬਿਹਤਰ ਸਿੱਖਿਆ ਮਿਲ ਰਹੀ




ਹੈ। ਬਿਜਲੀ ਦੇ ਬਿੱਲ ਮੁਆਫ਼ ਕੀਤੇ ਗਏ ਹਨ। ਬਜ਼ੁਰਗਾਂ ਨੂੰ ਪੈਨਸ਼ਨਾਂ ਦਿੱਤੀਆਂ ਜਾ ਰਹੀਆਂ ਹਨ। ਆਮ ਆਦਮੀ ਪਾਰਟੀ ਇੱਕ ਵਾਰ ਫਿਰ ਪੰਜਾਬ ਵਿੱਚ 117 ਸੀਟਾਂ ਨਾਲ ਸਰਕਾਰ ਬਣਾਏਗੀ। ਸਰਕਾਰ ਦੀ ਸਫਲਤਾ ਨੂੰ ਦੇਖ ਕੇ ਪ੍ਰਤਾਪ ਸਿੰਘ ਬਾਜਵਾ ਹਰਭਜਨ ਸਿੰਘ ਈਟੀਓ ਨੂੰ ਬੁਰਾ-ਭਲਾ ਕਹਿਣ ਲੱਗ ਪਏ ਹਨ। ਹਰਭਜਨ ਸਿੰਘ ਈਟੀਓ ਦੇ ਪਿਤਾ ਨੇ ਆਪਣੀ ਮਿਹਨਤ ਨਾਲ ਬੈਂਡ ਵਜਾ ਕੇ ਆਪਣੇ ਪੁੱਤਰ ਨੂੰ ਸਿੱਖਿਆ ਦਿੱਤੀ ਅਤੇ ਅੱਜ ਉਨ੍ਹਾਂ ਦਾ ਪੁੱਤਰ ਲੋਕਾਂ ਦੀ ਸੇਵਾ ਕਰ ਰਿਹਾ ਹੈ। ਅੱਜ ਉਨ੍ਹਾਂ ਨੇ ਬੈਂਡ ਵਜਾ ਕੇ ਪ੍ਰਤਾਪ ਬਾਜਵਾ ਦਾ ਵਿਰੋਧ ਕੀਤਾ ਹੈ। ਮੰਤਰੀ ਮੁੰਡੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਕਾਂਗਰਸ ਨੂੰ ਘੇਰਦੀ ਰਹੇਗੀ। ਉਨ੍ਹਾਂ ਕਿਹਾ ਕਿ ਲੁਧਿਆਣਾ ਵਿੱਚ ਅੱਜ ਜ਼ਿਲ੍ਹਾ ਪੱਧਰੀ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਮੰਤਰੀ ਹਰਭਜਨ ਸਿੰਘ ਈਟੀਓ ਅਤੇ ਉਨ੍ਹਾਂ ਦੀ ਪਤਨੀ ਨੇ ਵੀ ਪ੍ਰਤਾਪ ਸਿੰਘ ਬਾਜਵਾ ਦੇ ਬਿਆਨ ਦਾ ਵਿਰੋਧ ਕੀਤਾ ਹੈ। ਈਟੀਓ ਨੇ ਕਿਹਾ ਕਿ ਬਾਜਵਾ ਨੇ ਬੈਂਡ ਪਲੇਅਰਾਂ ਦਾ ਅਪਮਾਨ ਕੀਤਾ ਹੈ। ਇਸ ਨਾਲ ਉਨ੍ਹਾਂ ਦੀ ਅਤੇ ਕਾਂਗਰਸ ਪਾਰਟੀ ਦੋਵਾਂ ਦੀ ਦਲਿਤ ਵਿਰੋਧੀ ਮਾਨਸਿਕਤਾ ਦਾ ਪਰਦਾਫਾਸ਼ ਹੋਇਆ। ਇਸ ਮੌਕੇ ਵਿਧਾਇਕ ਮਦਨ ਲਾਲ ਬੱਗਾ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਦਲਜੀਤ ਸਿੰਘ ਭੋਲਾ, ਵਿਧਾਇਕ ਸਰਬਜੀਤ ਕੌਰ ਮਾਣੂੰਕੇ, ਨਗਰ ਨਿਗਮ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਚੇਅਰਮੈਨ ਬਲਜਿੰਦਰ ਸਿੰਘ ਚੌਂਦਾ, ਚੇਅਰਮੈਨ ਗੁਰਜੀਤ ਸਿੰਘ ਗਿੱਲ, ਚੇਅਰਮੈਨ ਰਜਿੰਦਰ ਸਿੰਘ ਬਸੰਤ, ਚੇਅਰਮੈਨ ਸ਼ਰਨਪਾਲ ਸਿੰਘ ਮੱਕੜ, ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਅਤੇ ਚੇਅਰਮੈਨ ਜਤਿੰਦਰ ਖੰਗੂੜਾ, ਜ਼ਿਲ੍ਹਾ ਪ੍ਰਧਾਨ ਦਿਹਾਤੀ-1 ਅਤੇ ਚੇਅਰਮੈਨ ਤੇਜਪਾਲ ਸਿੰਘ ਗਿੱਲ ਅਤੇ ਜ਼ਿਲ੍ਹਾ ਪ੍ਰਧਾਨ ਦਿਹਾਤੀ-2 ਗੁਰਦਰਸ਼ਨ ਸਿੰਘ ਘੁੱਲੀ, 'ਆਪ' ਦੇ ਸੀਨੀਅਰ ਆਗੂ ਐਨ.ਐਸ.ਕੰਗ, ਮਾਲਵਾ ਸੈਂਟਰਲ ਜ਼ੋਨ ਮਹਿਲਾ ਵਿੰਗ ਦੀ ਪ੍ਰਧਾਨ ਅਜਿੰਦਰ ਪਾਲ ਕੌਰ, ਮਹਿਲਾ ਵਿੰਗ ਜ਼ਿਲ੍ਹਾ ਪ੍ਰਧਾਨ ਮਨੀਸ਼ਾ ਕਪੂਰ ਅਤੇ ਉਹਨਾਂ ਦੀ ਸਾਰੀ ਟੀਮ, ਲੁਧਿਆਣਾ ਸ਼ਹਿਰੀ ਐਸ.ਸੀ ਵਿੰਗ ਦੇ ਪ੍ਰਧਾਨ ਕਪਿਲ ਸਿੱਧੂ ਅਤੇ ਉਹਨਾਂ ਦੀ ਸਾਰੀ ਟੀਮ, ਲੁਧਿਆਣਾ ਯੂਥ ਵਿੰਗ ਦੇ ਪ੍ਰਧਾਨ ਅਮਰਿੰਦਰ ਸਿੰਘ ਐਮਪੀ ਜਵੱਦੀ ਅਤੇ ਉਹਨਾਂ ਦੀ ਟੀਮ ਦੇ ਨਾਲ ਜ਼ਿਲ੍ਹਾ ਲੁਧਿਆਣਾ ਸਕੱਤਰ ਐਡਵੋਕੇਟ ਨੀਤੀ ਗੁਪਤਾ, ਜ਼ਿਲ੍ਹਾ ਮੀਡੀਆ ਇੰਚਾਰਜ ਪੁਨੀਤ ਸਾਹਨੀ, ਐਡਵੋਕੇਟ ਪਰਮਵੀਰ ਸਿੰਘ, ਐਡਵੋਕੇਟ ਰਮੇਸ਼ ਕਪੂਰ, ਰਮੇਸ਼ ਅਗਰਵਾਲ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਸ਼ਾਮਿਲ ਹੋਏ।

# ਬਿਜਲੀ ਨਿਗਮ ਦੀ 50 ਏਕੜ ਜ਼ਮੀਨ ਪੁੱਡਾ ਨੂੰ ਤਬਦੀਲ ਕਰਨ ਖਿਲਾਫ਼ 16 ਅਤੇ 17 ਨੂੰ ਅਰਥੀ ਫੂਕ ਮੁਜਾਹਰੇ ਕਰਨ ਦਾ ਐਲਾਨ

ਲੁਧਿਆਣਾ, 14 ਫਰਵਰੀ (ਰਵਿੰਦਰ ਸਿੰਘ ਨਿੱਝਰ): ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਬਿਜਲੀ ਨਿਗਮ ਦੀ ਪਿੰਡ ਬਡੂੰਗਰ ਜ਼ਿਲ੍ਹਾ ਪਟਿਆਲਾ ਵਿਖੇ 50 ਏਕੜ ਜ਼ਮੀਨ ਦੀ ਮਾਲਕੀ ਪੁੱਡਾ ਦੇ ਨਾਮ ਤਬਦੀਲ ਕਰਨ ਦੇ ਖਿਲਾਫ਼ ਸੰਘਰਸ਼ ਸ਼ੁਰੂ ਕਰਨ ਬਾਰੇ ਬਿਜਲੀ ਮੁਲਾਜ਼ਮ ਅਤੇ ਪੈਨਸ਼ਨਰ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਸਾਂਝੇ ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ , ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰ, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ ਯੂਨੀਅਨ ਪੰਜਾਬ (ਸਬੰਧਤ ਏਟਕ ) ਪੈਨਸ਼ਨਰ ਵੈਲਫੇਅਰ ਫੈਡਰੇਸ਼ਨ (ਪਹਿਲਵਾਨ ) ਦੇ ਆਗੂਆਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਫੈਸਲਾ ਕਰਕੇ 16 ਅਤੇ 17 ਫਰਵਰੀ ਨੂੰ ਸਮੁੱਚੇ ਪੰਜਾਬ ਦੀਆਂ ਸਬ ਡਵੀਜ਼ਨ ਅਤੇ ਡਵੀਜ਼ਨ ਪੱਧਰ 'ਤੇ ਪਾਵਰ ਮੈਨੇਜਮੈਂਟ ਅਤੇ ਸੀ ਐਮ ਡੀ ਦੀਆਂ ਅਰਥੀਆਂ ਫੂਕ ਕੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਮੀਟਿੰਗ ਵਿੱਚ ਸ਼ਾਮਲ ਆਗੂਆਂ ਹਰਪਾਲ ਸਿੰਘ ,ਗੁਰਵੇਲ ਸਿੰਘ ਬੱਲਪੁਰੀਆ , ਬਲਦੇਵ ਸਿੰਘ ਮੰਡਾਲੀ, ਕੁਲਵਿੰਦਰ ਸਿੰਘ ਢਿੱਲੋਂ, ਸਰਿੰਦਰਪਾਲ ਲਹੌਰੀਆ, ਬਲਜੀਤ ਸਿੰਘ ਮੋਦਲਾ, ਦਵਿੰਦਰ ਸਿੰਘ ਪਿਸ਼ੌਰ, ਰਵੇਲ ਸਿੰਘ ਸਹਾਏਪੁਰ, ਮਨਜੀਤ ਸਿੰਘ ਚਾਹਲ, ਹਰਮਨਦੀਪ,ਜਸਵੀਰ ਸਿੰਘ ਆਂਡਲੂ, ਕੌਰ ਸਿੰਘ ਸੋਹੀ , ਰਾਧੇਸ਼ਿਆਮ ,ਬਾਬਾ ਅਮਰਜੀਤ ਸਿੰਘ ,ਦਲੀਪ ਕੁਮਾਰ , ਪਵਨਪ੍ਰੀਤ ਸਿੰਘ, ਗੁਰਪਿਆਰ ਸਿੰਘ, ਸੁਖਵਿੰਦਰ ਸਿੰਘ ਦੁੱਮਣਾ ਆਦਿ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨਾਲ ਬੀਤੇ ਸਾਲ ਵਿੱਚ ਹੋਈਆਂ ਮੀਟਿੰਗਾਂ ਸਮੇਂ ਵੀ ਅਤੇ ਹੁਣ 14 ਜਨਵਰੀ 2026 ਨੂੰ ਗੈਸਟ ਹਾਊਸ ਮੋਹਾਲੀ ਵਿਖੇ ਹੋਈ ਮੀਟਿੰਗ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਕਾਫ਼ੀ ਵਾਜਿਬ ਮੰਗਾਂ ਮੰਨ ਕੇ ਲਾਗੂ ਕਰਨ ਦੀ ਮੈਨੇਜਮੈਂਟ ਨੇ ਸਹਿਮਤੀ ਪ੍ਰਗਟ ਕੀਤੀ ਗਈ ਸੀ । ਇਸ ਤੋਂ ਇਲਾਵਾ ਸੀ ਐਮ ਡੀ ਡਾ. ਬਸੰਤ ਗਰਗ ਆਈ ਏ ਐਸ ਨੇ ਜਾਇਦਾਦਾਂ ਨਾ ਵੇਚਣ ਬਾਰੇ ਵੀ ਲਿਖਤੀ ਭਰੋਸਾ ਦਿੱਤਾ ਸੀ, ਪਰ ਹੁਣ ਹੋਈ ਗੱਲਬਾਤ ਦੇ ਉਲਟ ਵਾਅਦਾ ਖ਼ਿਲਾਫ਼ੀ ਕਰਦੇ ਹੋਏ 50 ਏਕੜ ਜ਼ਮੀਨ ਦੀ ਮਾਲਕੀ ਪੁੱਡਾ ਦੇ ਨਾਮ ਤਬਦੀਲ ਕਰ ਦਿੱਤੀ ਹੈ। ਆਗੂਆਂ ਨੇ ਕਿਹਾ ਕਿ ਜਾਇਦਾਦਾਂ ਵੇਚਣ ਦੇ ਖਿਲਾਫ਼ ਵੱਡੀ ਲਹਿਰ ਖੜ੍ਹੀ ਕਰਨ ਅਤੇ ਮੰਨੀਆਂ ਹੋਈਆਂ ਵਾਜਿਬ ਮੰਗਾਂ ਦੀ ਪ੍ਰਾਪਤੀ ਲਈ ਅਗਲੇ ਸੰਘਰਸ਼ ਦੀ ਰੂਪ ਰੇਖਾ ਉਲੀਕਣ ਲਈ 28 ਫਰਵਰੀ ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਸਾਂਝੀ ਮੀਟਿੰਗ ਕਰਕੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

# ਸ਼ਿਵਰਾਤਰੀ ਮੌਕੇ ਪੁਲਿਸ ਵੱਲੋਂ ਪੁਖਤਾ ਸੁਰੱਖਿਆ ਪ੍ਰਬੰਧ : ਐਸ.ਐਸ.ਪੀ.



ਲੁਧਿਆਣਾ, 14 ਫਰਵਰੀ (ਵਿਸ਼ਾਲ ਸ਼ਰਮਾ) : ਮਹਾਂਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਪੁਲਿਸ ਜ਼ਿਲ੍ਹਾ ਖੰਨਾ ਵੱਲੋਂ ਸਾਰੇ ਧਾਰਮਿਕ ਸਥਾਨਾਂ ਦੇ ਆਲੇ ਦੁਆਲੇ ਪੁਖਤਾ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਮੰਦਿਰਾਂ ਵਿੱਚ ਮੱਥਾ ਟੇਕਣ ਪਹੁੰਚ ਰਹੇ ਹਨ, ਜਿਸ ਨੂੰ ਦੇਖਦਿਆਂ ਪੁਲਿਸ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਵਿਸ਼ੇਸ਼ ਤਿਆਰੀਆਂ ਕੀਤੀਆਂ ਗਈਆਂ ਹਨ। ਸੁਰੱਖਿਆ ਦੇ ਨਾਲ-ਨਾਲ ਟਰੈਫਿਕ ਪ੍ਰਬੰਧਾਂ ਨੂੰ ਵੀ ਸੁਚੱਜੇ ਢੰਗ ਨਾਲ ਸੰਭਾਲਣ ਲਈ ਖਾਸ ਇੰਤਜ਼ਾਮ ਕੀਤੇ ਗਏ ਹਨ ਤਾਂ ਜੋ ਕਿਸੇ ਵੀ ਸ਼ਰਧਾਲੂ ਨੂੰ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਾ ਆਵੇ। ਪੁਲਿਸ ਜ਼ਿਲ੍ਹਾ ਖੰਨਾ ਦੇ ਅਧੀਨ ਦੋ ਪ੍ਰਾਚੀਨ ਅਤੇ ਇਤਿਹਾਸਿਕ ਸ਼ਿਵ ਮੰਦਿਰ ਖਾਸ ਅਹਿਮੀਅਤ ਰੱਖਦੇ ਹਨ। ਇਨ੍ਹਾਂ ਵਿੱਚੋਂ ਇੱਕ ਸਮਰਾਲਾ ਨੇੜੇ ਪ੍ਰਾਚੀਨ ਸ੍ਰੀ ਮੁਕਤੇਸ਼ਵਰ ਮਹਾਂਦੇਵ ਸ਼ਿਵ ਮੰਦਿਰ ਚਹਿਲਾਂ ਅਤੇ ਦੂਸਰਾ ਪਾਇਲ ਵਿਖੇ ਸਥਿਤ ਪ੍ਰਾਚੀਨ ਸ਼ਿਵ ਮੰਦਿਰ ਹੈ। ਇਨ੍ਹਾਂ ਧਾਰਮਿਕ ਸਥਾਨਾਂ 'ਤੇ ਸ਼ਿਵਰਾਤਰੀ ਮੌਕੇ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਪਹੁੰਚਦੇ ਹਨ। ਇਸ ਵੱਡੀ ਗਿਣਤੀ ਵਿੱਚ ਪਹੁੰਚਣ ਵਾਲੀਆਂ ਸੰਗਤਾਂ ਨੂੰ ਧਿਆਨ ਵਿੱਚ ਰੱਖਦਿਆਂ ਪੁਲਿਸ ਵੱਲੋਂ ਇੱਥੇ ਸੁਰੱਖਿਆ ਦੇ ਕੜੇ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਪੁਲਿਸ ਜ਼ਿਲ੍ਹਾ ਖੰਨਾ ਦੇ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਸ਼ਨੀਵਾਰ ਨੂੰ ਸਮਰਾਲਾ ਦੇ ਪ੍ਰਾਚੀਨ ਸ੍ਰੀ ਮੁਕਤੇਸ਼ਵਰ ਮਹਾਂਦੇਵ ਸ਼ਿਵ ਮੰਦਿਰ ਚਹਿਲਾਂ ਵਿਖੇ ਨਤਮਸਤਕ ਹੋਏ ਅਤੇ ਹਵਨ ਤੇ ਪੂਜਾ ਅਰਚਨਾ ਵਿੱਚ ਭਾਗ ਲਿਆ। ਉਨ੍ਹਾਂ ਨੇ ਮੰਦਿਰ ਅਤੇ ਆਲੇ ਦੁਆਲੇ ਸੁਰੱਖਿਆ ਪ੍ਰਬੰਧਾਂ ਦਾ ਵੀ ਵਿਸਥਾਰ ਨਾਲ ਜਾਇਜ਼ਾ ਲਿਆ ਅਤੇ ਡਿਊਟੀ 'ਤੇ ਤਾਇਨਾਤ ਪੁਲਿਸ ਕਰਮਚਾਰੀਆਂ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ। ਉਨ੍ਹਾਂ ਦੀ ਮੌਜੂਦਗੀ ਨਾਲ ਜਿੱਥੇ ਇੱਕ ਪਾਸੇ ਪੁਲਿਸ ਕਰਮਚਾਰੀਆਂ ਦਾ ਮਨੋਬਲ ਵਧਿਆ, ਉੱਥੇ ਹੀ ਸ਼ਰਧਾਲੂਆਂ ਵਿੱਚ ਵੀ ਭਰੋਸਾ ਪੈਦਾ ਹੋਇਆ ਕਿ ਉਨ੍ਹਾਂ ਦੀ ਸੁਰੱਖਿਆ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦ ਹੈ। ਟਰੈਫਿਕ ਪ੍ਰਬੰਧਾਂ ਨੂੰ ਸੁਚਾਰੂ ਬਣਾਉਣ ਲਈ ਵੀ ਖ਼ਾਸ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਤਾਂ ਜੋ ਮੰਦਿਰ ਆਉਣ-ਜਾਣ ਵਾਲੇ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਾ ਆਵੇ।

# ਧੌਣ 'ਤੇ ਗੋਡਾ ਰੱਖ ਕੇ ਪੰਜਾਬੀਆਂ ਤੋਂ ਵੋਟ ਲੈਣ ਦੇ ਹੰਕਾਰ ਭਰੇ ਸ਼ਬਦ ਬੋਲਣਾ ਭਾਰਤੀ ਲੋਕਤੰਤਰ ਦਾ ਅਪਮਾਨ : ਬਾਵਾ



ਲੁਧਿਆਣਾ, 14 ਫਰਵਰੀ (ਰਵਿੰਦਰ ਸਿੰਘ ਨਿੱਝਰ): 'ਆਪ' ਪਾਰਟੀ ਦੀ ਨਕੋਦਰ ਹਲਕੇ ਤੋਂ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਅੰਦਰ ਹੰਕਾਰ ਦਾ ਨੱਕੋ ਨੱਕ ਭਰਨਾ ਅਤੇ ਮਹਿੰਗੀ ਮੁੱਲ ਮਿਲੇ ਵੋਟ ਦੇ ਅਧਿਕਾਰ ਨੂੰ ਵੰਗਾਰਦੇ ਹੋਏ ਇਹ ਕਹਿਣਾ ਕਿ ਅਸੀਂ 117 ਵਿਧਾਨ ਸਭਾ ਸੀਟਾਂ ਪੰਜਾਬੀਆਂ ਦੀ ਧੌਣ 'ਤੇ ਗੋਡਾ ਰੱਖ ਕੇ ਜਿੱਤਾਂਗੇ, ਇਹ ਵਡਮੁੱਲੀਆਂ ਕੁਰਬਾਨੀਆਂ ਦੇ ਕੇ ਲਏ ਵੋਟ ਦੇ ਅਧਿਕਾਰ ਦਾ ਅਪਮਾਨ ਹੈ ਅਤੇ ਭਾਰਤੀ ਲੋਕਤੰਤਰ ਦਾ ਨਿਰਾਦਰ ਹੈ। ਇਹ ਸ਼ਬਦ ਅੱਜ ਦੇਸ਼ ਭਗਤ ਯਾਦਗਾਰੀ ਸੋਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਨੇ ਇੱਕ ਲਿਖਤੀ ਬਿਆਨ ਰਾਹੀਂ ਨਿੰਦਿਆ ਕਰਦੇ ਹੋਏ ਕਹੇ।

ਸ੍ਰੀ ਬਾਵਾ ਨੇ ਕਿਹਾ ਕਿ ਵੋਟ ਦੇ ਅਧਿਕਾਰ ਦਾ ਸ਼ਰੇਆਮ ਮਜ਼ਾਕ ਉਡਾਉਣਾ ਦੱਸਦਾ ਹੈ ਕਿ 'ਆਪ' ਨੇਤਾਵਾਂ ਅੰਦਰ ਕਿੰਨਾ ਸੱਤਾ ਦਾ ਨਸ਼ਾ ਭਰਿਆ ਹੋਇਆ ਹੈ ਜੋ ਇਹ ਭੁੱਲ ਗਏ ਹਨ ਕਿ ਭਾਰਤ ਅੰਦਰ ਲੋਕਤੰਤਰ ਭਾਵ (ਵੋਟਾਂ ਦਾ ਰਾਜ) ਸਥਾਪਿਤ ਕਰਨ ਲਈ ਕਿਤਨੇ ਦੇਸ਼ ਭਗਤਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ ਵਰਗੇ ਮਹਾਨ ਲੋਕਾਂ ਨੇ ਜੇਲ੍ਹਾਂ ਕੱਟੀਆਂ, ਫਾਂਸੀਆਂ ਦੇ ਰੱਸੇ ਚੁੰਮੇ। ਉਹ ਸਮਾਂ ਸੀ ਜਦੋਂ ਆਜ਼ਾਦੀ ਦਾ ਸੰਗਰਾਮ ਚੱਲ ਰਿਹਾ ਸੀ ਤਾਂ ਭਾਈਚਾਰਕ ਸਾਂਝ ਦੀ ਮਿਸਾਲ ਪੇਸ਼ ਕਰਦਿਆਂ ਦਿੱਲੀ ਅੰਦਰ ਨਾਅਰੇ ਗੂੰਜਦੇ ਸਨ ਕਿ 'ਲਾਲ ਕਿਲੇ ਸੇ ਆਈ ਆਵਾਜ਼' ਢਿੱਲੋਂ, ਸਹਿਗਲ, ਸ਼ਾਹਨਵਾਜ਼ ਕੀ ਅੱਜ ਤਾਕਤ ਦੇ ਨਸ਼ੇ ਵਿੱਚ 'ਆਪ' ਨੇਤਾ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਗਏ..? ਕੀ ਦਫਤਰਾਂ ਵਿੱਚ ਲੱਗੀ ਭਗਤ ਸਿੰਘ ਦੀ ਤਸਵੀਰ ਇੱਕ ਦਿਖਾਵੇ ਤੋਂ ਬਿਨਾਂ ਕੁਝ ਵੀ ਨਹੀਂ?

# ਪੈਨਸ਼ਨਰਜ਼ ਐਸੋ: ਦੇ ਜ਼ਿਲ੍ਹਾ ਜਨਰਲ ਸਕੱਤਰ ਤੇ ਸਕੱਤਰ ਚੁਣੇ



ਲੁਧਿਆਣਾ, 14 ਫਰਵਰੀ (ਰਵਿੰਦਰ ਸਿੰਘ ਨਿੱਝਰ) : ਪੰਜਾਬ ਗੌਰਮੈਂਟ ਪੈਨਸ਼ਨਰਜ਼ ਵੈਲਫੇਅਰ ਐਸੋ: ਪੰਜਾਬ ਦੀ ਇੱਕ ਮੀਟਿੰਗ ਲੁਧਿਆਣਾ ਵਿਖੇ ਹੋਈ। ਇਸ ਮੀਟਿੰਗ ਵਿੱਚ ਹਾਜ਼ਰ ਜਥੇਬੰਦੀ ਦੇ ਪੰਜਾਬ ਪ੍ਰਧਾਨ ਬਲਦੇਵ ਸਿੰਘ ਮੋਦਗਿੱਲ ਅਤੇ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਰਾਹੀ ਨੇ ਐਲਾਨ ਕਰਦਿਆਂ ਸਰਬਜੀਤ ਸਿੰਘ ਚੌਕੀਮਾਨ ਨੂੰ ਜਥੇਬੰਦੀ ਦਾ ਜ਼ਿਲ੍ਹਾ ਜਨਰਲ ਸਕੱਤਰ ਅਤੇ ਕੁਲਦੀਪ ਸਿੰਘ ਮੋਹੀ ਨੂੰ ਜ਼ਿਲ੍ਹਾ ਸਕੱਤਰ ਨਿਯੁਕਤ ਕੀਤਾ। ਸਰਬਜੀਤ ਸਿੰਘ ਅਤੇ ਕੁਲਦੀਪ ਸਿੰਘ ਨੇ ਆਪੋ ਆਪਣੀ ਨਿਯੁਕਤੀ ਤੇ ਜਥੇਬੰਦੀ ਦੇ ਪ੍ਰਧਾਨ ਸਮੇਤ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਵਾਇਆ ਕਿ ਉਹ ਆਪਣੀ ਇਸ ਜ਼ਿੰਮੇਵਾਰੀ ਨੂੰ ਤਹਿ ਦਿਲੀ ਨਾਲ ਨਿਭਾਉਣਗੇ ਅਤੇ ਵੱਧ ਤੋਂ ਵੱਧ ਸਮਾਂ ਦੇ ਕੇ ਜਥੇਬੰਦੀ ਦੀ ਭਲਾਈ ਲਈ ਕੰਮ ਕਰਨਗੇ।

# ਪੰਜਾਬ ਬਚਾਓ ਰੈਲੀਆਂ ਪੰਜਾਬੀਆਂ ਨੂੰ ਜਗਾਉਣ ਦਾ ਕੰਮ ਕਰਨਗੀਆਂ : ਭੁਪਿੰਦਰ ਭਿੰਦਾ



ਲੁਧਿਆਣਾ, 14 ਫਰਵਰੀ (ਰਵਿੰਦਰ ਸਿੰਘ ਨਿੱਝਰ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ 17 ਫਰਵਰੀ ਤੋਂ ਸੂਬੇ ਭਰ ਵਿੱਚ ਕੱਢੀਆਂ ਜਾਣ ਵਾਲੀਆਂ 'ਪੰਜਾਬ ਬਚਾਓ ਰੈਲੀਆਂ' ਬਾਰੇ ਗੱਲ ਕਰਦੇ ਹੋਏ ਅਕਾਲੀ ਜਥਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਨੇ ਕਿਹਾ ਕਿ ਇਨ੍ਹਾਂ ਰੈਲੀਆਂ ਸਬੰਧੀ ਪਾਰਟੀ ਵਰਕਰਾਂ ਵਿੱਚ ਵੱਡਾ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਹ ਰੈਲੀਆਂ ਪੰਜਾਬ ਦੇ ਹੱਕਾਂ ਅਤੇ ਲੋਕਾਂ ਦੇ ਮੁੱਦਿਆਂ ਲਈ ਆਵਾਜ਼ ਬੁਲੰਦ ਕਰਨ ਦਾ ਵੱਡਾ ਮੰਚ ਸਾਬਤ ਹੋਣਗੀਆਂ। ਕਿਉਂਕਿ ਮੌਜੂਦਾ ਸਰਕਾਰ ਹਰ ਮੋਰਚੇ 'ਤੇ ਫੇਲ੍ਹ ਰਹੀ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਲੋਕਾਂ ਨੂੰ ਹਕੀਕਤ ਤੋਂ ਜਾਣੂੰ ਕਰਵਾਇਆ ਜਾਵੇ। ਇਹ ਰੈਲੀਆਂ ਸਿਰਫ ਰਾਜਨੀਤਿਕ ਪ੍ਰੋਗਰਾਮ ਨਹੀਂ, ਸਗੋਂ ਲੋਕਾਂ ਨੂੰ ਆਪਣੇ ਹੱਕਾਂ ਅਤੇ ਪੰਜਾਬ ਦੇ ਭਵਿੱਖ ਲਈ ਜਾਗਰੂਕ ਕਰਨ ਦੀ ਮੁਹਿੰਮ ਦੀ ਸ਼ੁਰੂਆਤ ਹੋਵੇਗੀ ਤੇ ਚੌਹਤਰਫਾ ਮਾੜੇ ਹਾਲਾਤਾਂ ਦੇ ਵਿੱਚ ਘਿਰੇ ਪੰਜਾਬ ਨੂੰ ਬਾਹਰ ਕੱਢਣ ਲਈ 'ਪੰਜਾਬ ਬਚਾਓ ਰੈਲੀਆਂ' ਦੁਆਰਾ ਹਰ ਪਿੰਡ ਤੇ ਸ਼ਹਿਰ ਵਿੱਚ ਲੋਕਾਂ ਨੂੰ ਜਾਗਰੂਕ ਕਰਕੇ ਸੂਬੇ ਦੀ ਆਰਥਿਕ ਅਤੇ ਸਮਾਜਿਕ ਹਾਲਤ ਨੂੰ ਸੁਧਾਰਨ ਲਈ ਜਨ ਅੰਦੋਲਨ ਖੜ੍ਹਾ ਕਰਨਾ ਹੈ ਤਾਂ ਜੋ ਪੰਜਾਬ ਦੇ ਭਵਿੱਖ ਨੂੰ ਬਚਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਕਿਸਾਨਾਂ, ਨੌਜਵਾਨਾਂ ਅਤੇ ਵਪਾਰੀਆਂ ਨਾਲ ਜੁੜੇ ਮੁੱਦੇ ਅਜੇ ਵੀ ਅਣਸੁਲਝੇ ਪਏ ਹਨ। ਕਾਨੂੰਨ-ਵਿਵਸਥਾ ਦੀ ਸਥਿਤੀ, ਬੇਰੁਜ਼ਗਾਰੀ ਅਤੇ ਨਸ਼ਿਆਂ ਦੇ ਮਸਲੇ 'ਤੇ ਸਰਕਾਰ ਨੇ ਵਾਅਦੇ ਤਾਂ ਬਹੁਤ ਕੀਤੇ ਪਰ ਨਤੀਜੇ ਨਹੀਂ ਦਿੱਤੇ। 'ਪੰਜਾਬ ਬਚਾਓ' ਰੈਲੀਆਂ ਰਾਹੀਂ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਜਾ ਕੇ ਲੋਕਾਂ ਨਾਲ ਸਿੱਧਾ ਸੰਵਾਦ ਕੀਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਜਨਤਕ ਮੰਚ 'ਤੇ ਉਠਾਇਆ ਜਾਵੇਗਾ। ਭੁਪਿੰਦਰ ਸਿੰਘ ਭਿੰਦਾ ਨੇ ਕਿਹਾ ਕਿ 'ਪੰਜਾਬ ਬਚਾਓ ਰੈਲੀਆਂ' ਸੂਬੇ ਦੀ ਸਿਆਸਤ ਵਿੱਚ ਇੱਕ ਨਵਾਂ ਮੋੜ ਸਾਬਤ ਹੋ ਸਕਦੀਆਂ ਹਨ ਅਤੇ ਲੋਕਾਂ ਨੂੰ ਜਗਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ।

# ਆਰੀਆ ਸਮਾਜ ਦੇ ਸੰਸਥਾਪਕ ਮਹਾਂਰਿਸ਼ੀ ਦਯਾਨੰਦ ਸਰਸਵਤੀ ਦੇ ਜਨਮ ਦਿਵਸ 'ਤੇ ਹਵਨ ਕਰਵਾਇਆ




ਜਗਰਾਓਂ, 14 ਫਰਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : 12 ਫਰਵਰੀ ਨੂੰ, ਆਰੀਆ ਸਮਾਜ ਦੇ ਸੰਸਥਾਪਕ ਮਹਾਂਰਿਸ਼ੀ ਦਯਾਨੰਦ ਸਰਸਵਤੀ ਜੀ ਦਾ ਜਨਮ ਦਿਹਾੜਾ ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ, ਜਗਰਾਓਂ ਵਿਖੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਡਾ. ਵੇਦ ਵ੍ਰਤ ਪਲਾਹ, ਡਾ. ਸਿੰਗਲਾ, ਸ਼੍ਰੀ ਪੰਕਜ, ਅਤੇ ਹੋਰ ਆਰੀਆ ਸਮਾਜ ਮੈਂਬਰਾਂ ਅਤੇ ਅਧਿਆਪਕਾਂ ਨੇ ਸਵਾਮੀ ਦਯਾਨੰਦ ਨੂੰ ਫੁੱਲ ਭੇਟ ਕਰਨ ਅਤੇ ਹਵਨ ਕਰਨ ਨਾਲ ਕੀਤਾ। 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਸ਼ਰਧਾ ਨਾਲ ਵੈਦਿਕ ਮੰਤਰਾਂ ਦਾ ਜਾਪ ਕੀਤਾ। ਪ੍ਰਿੰਸੀਪਲ ਡਾ. ਵੇਦ ਵ੍ਰਤ ਪਲਾ ਨੇ ਵਿਦਿਆਰਥੀਆਂ ਨੂੰ ਸਵਾਮੀ ਦਯਾਨੰਦ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਜਾਣੂੰ ਕਰਵਾਇਆ। ਉਨ੍ਹਾਂ ਦਾ ਜੀਵਨ ਸਾਨੂੰ ਸੱਚ ਦੇ ਮਾਰਗ ਤੇ ਚੱਲਣ, ਸਖ਼ਤ ਮਿਹਨਤ ਕਰਨ ਅਤੇ ਧਰਮ ਦੀ ਮਹੱਤਤਾ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕਰਦਾ ਹੈ। ਸਾਰੇ ਵਿਦਿਆਰਥੀਆਂ ਨੇ ਵੈਦਿਕ ਮੰਤਰਾਂ ਦਾ ਜਾਪ ਕੀਤਾ ਅਤੇ ਸ਼ਰਧਾ ਨਾਲ ਸ਼ਾਂਤੀ ਪਾਠ ਦਾ ਜਾਪ ਕੀਤਾ। ਪ੍ਰਿੰਸੀਪਲ ਡਾ. ਵੇਦ ਵ੍ਰਤ ਪਲਾਹ ਜੀ ਨੇ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਆਪਣੀਆਂ ਬੋਰਡ ਪ੍ਰੀਖਿਆਵਾਂ ਲਈ ਸਖ਼ਤ ਮਿਹਨਤ ਕਰਨ ਅਤੇ ਜੀਵਨ ਵਿੱਚ ਸਫ਼ਲਤਾ ਪ੍ਰਾਪਤ ਕਰਨ ਦਾ ਆਸ਼ੀਰਵਾਦ ਦਿੱਤਾ।

ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਪੈੱਨ ਅਤੇ ਚਾਕਲੇਟ ਵੰਡੇ ਅਤੇ ਹਲਵਾ ਪ੍ਰਸ਼ਾਦ ਵੰਡਿਆ। ਅੰਤ ਵਿੱਚ, ਆਰੀਆ ਸਮਾਜ ਦੇ ਮੈਂਬਰਾਂ ਨੇ ਪ੍ਰਿੰਸੀਪਲ ਡਾ. ਵੇਦ ਵ੍ਰਤ ਪਲਾਹ, ਹੈੱਡ ਬੁਆਏ ਅਤੇ ਹੈੱਡ ਗਰਲ ਤੇ ਫੁੱਲ ਵਰਸਾਏ, ਉਨ੍ਹਾਂ ਨੂੰ ਜੀਵਨ ਵਿੱਚ ਸਫ਼ਲਤਾ ਦੀ ਕਾਮਨਾ ਕੀਤੀ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਚੰਗੇ ਇਨਸਾਨ ਬਣਨ ਅਤੇ ਉੱਜਵਲ ਭਵਿੱਖ ਦਾ ਅਸ਼ੀਰਵਾਦ ਦਿੱਤਾ। ਇਸ ਤਰ੍ਹਾਂ ਇਹ ਜਨਮ ਦਿਹਾੜਾ ਇੱਕ ਜਾਣਕਾਰੀ ਭਰਪੂਰ ਅਤੇ ਪ੍ਰੇਰਨਾਦਾਇਕ ਮਾਹੌਲ ਵਿੱਚ ਆਯੋਜਿਤ ਕੀਤਾ ਗਿਆ।

# ਅੱਖਾਂ ਦੇ ਕੈਂਪ 'ਚ 50 ਦੀ ਜਾਂਚ ਤੇ 14 ਆਪਰੇਸ਼ਨ ਲਈ ਚੁਣੇ



ਲੁਧਿਆਣਾ, 14 ਫਰਵਰੀ (ਰਵਿੰਦਰ ਸਿੰਘ ਨਿੱਝਰ): ਵਿਸ਼ਵਕਰਮਾ ਨਿਸ਼ਕਾਮ ਸੇਵਾ ਟਰੱਸਟ ਵੱਲੋਂ ਸ਼ਿਮਲਾਪੁਰੀ ਵਿਖੇ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਅੱਖਾਂ ਦਾ ਮੁਫਤ ਜਾਂਚ ਅਤੇ ਆਪਰੇਸ਼ਨ ਕੈਂਪ ਲਗਾਇਆ ਗਿਆ। ਟਰੱਸਟ ਦੇ ਪ੍ਰਧਾਨ ਬਲਬੀਰ ਸਿੰਘ ਕਲਸੀ ਦੀ ਦੇਖਰੇਖ ਹੇਠ ਲਗਾਏ ਗਏ ਇਸ ਕੈਂਪ ਵਿੱਚ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਮੁੱਖ ਮਹਿਮਾਨ ਵਜੋਂ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਆਤਮ ਨਗਰ ਦੇ ਬੀਸੀ ਵਿੰਗ ਦੇ ਪ੍ਰਧਾਨ ਅਵਤਾਰ ਸਿੰਘ ਕੰਡਾ ਤੇ ਜ਼ਿਲ੍ਹਾ ਕਾਂਗਰਸ ਦੇ ਮੀਤ ਪ੍ਰਧਾਨ ਡਾ ਓਂਕਾਰ ਚੰਦ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਕੈਂਪ ਸਬੰਧੀ ਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਇਸ ਕੈਂਪ ਵਿੱਚ 50 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 14 ਮਰੀਜ਼ਾਂ ਨੂੰ ਆਪਰੇਸ਼ਨ ਲਈ ਚੁਣਿਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸਿੱਧੂ ਨੇ ਆਖਿਆ ਕਿ ਅੱਖਾਂ ਦੇ ਕੈਂਪ ਲਾਉਣਾ ਬਹੁਤ ਹੀ ਵੱਡੇ ਪੁੰਨ ਵਾਲੀ ਗੱਲ ਹੈ। ਇਸ ਤੋਂ ਵੱਡਾ ਕੋਈ ਹੋਰ ਪੁੰਨ ਦਿਖਾਈ ਨਹੀਂ ਦਿੰਦਾ। ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜਿਹੇ ਪੁੰਨ ਦੇ ਕੰਮ ਕਰਨ ਵਾਲਿਆਂ ਦਾ ਵੱਧ ਤੋਂ ਵੱਧ ਸਾਥ ਦੇਣਾ ਚਾਹੀਦਾ ਹੈ। ਸ਼੍ਰੀ ਕੰਡਾ ਅਤੇ ਡਾਕਟਰ ਸ਼ਰਮਾ ਨੇ ਆਖਿਆ ਕਿ ਸਾਨੂੰ ਆਪਣੀਆਂ ਅੱਖਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ ਅਤੇ ਅੱਖਾਂ ਦੀ ਸਿਹਤ ਬਰਕਰਾਰ ਰੱਖਣੀ ਚਾਹੀਦੀ ਹੈ।ਡਾਕਟਰਾਂ ਦੀ ਟੀਮ ਵਿੱਚ ਡਾ ਮੰਨਤ, ਆਯੂਸ਼ ਰਾਣਾ, ਮਨਪ੍ਰੀਤ ਅਤੇ ਸੰਦੀਪ ਸ਼ਾਮਿਲ ਸਨ।ਇਸ ਮੌਕੇ ਵਿਧਾਇਕ ਦੇ ਪੀਏ ਕਮਲਦੀਪ ਕਪੂਰ, ਗੁਰਮੀਤ ਸਿੰਘ ਚਾਨਾ, ਬਲਦੇਵ ਸਿੰਘ ਹੂੰਝਣ, ਡਾ ਜਸਵੰਤ ਸਿੰਘ ਗੁਲਾਟੀ, ਹਰਦੇਵ ਸਿੰਘ ਮਣਕੂ ਅਤੇ ਰਵਿੰਦਰ ਸਿੰਘ ਕੈਲੇ ਆਦਿ ਵੀ ਮੌਜੂਦ ਸਨ।

# ਮਹੰਤ ਪ੍ਰਵੀਨ ਚੌਧਰੀ ਦੀ ਅਗਵਾਈ ਹੇਠ ਅਖੰਡ ਯੱਗ ਸਥਾਨ 'ਤੇ ਬਗਲਾਮੁਖੀ ਚਾਲੀਸਾ ਦਾ ਜਾਪ

## ਅਖੰਡ ਯੱਗ ਕੋਈ ਧਾਰਮਿਕ ਰਸਮ ਨਹੀਂ ਹੈ ਸਗੋਂ ਰਾਸ਼ਟਰੀ ਖੁਸ਼ਹਾਲੀ ਅਤੇ ਸਮਾਜਿਕ ਸਦਭਾਵਨਾ ਦਾ ਪ੍ਰਤੀਕ ਹੈ : ਪ੍ਰਵੀਨ ਅਗਰਵਾਲ ਐਮ.ਕੇ.



ਲੁਧਿਆਣਾ, 14 ਫਰਵਰੀ (ਕਰਨੈਲ ਸਿੰਘ ਐੱਮ.ਏ.): ਬਗਲਾਮੁਖੀ ਧਾਮ ਵਿਖੇ 243 ਘੰਟੇ ਚੱਲਣ ਵਾਲੇ, 11 ਦਿਨਾਂ ਦੇ ਅਖੰਡ ਮਹਾਂਯੱਗ ਦੇ ਤੀਜੇ ਦਿਨ, ਸ਼ਰਧਾਲੂਆਂ ਨੇ ਯੱਗ ਵਿੱਚ ਭੇਟਾਂ ਚੜ੍ਹਾਈਆਂ ਅਤੇ ਸਾਰੇ ਯਤਨਾਂ ਦੀ ਸਫਲਤਾ ਲਈ ਪ੍ਰਾਰਥਨਾ ਕੀਤੀ। ਸੰਕੀਰਤਨ ਮੰਡਲ ਨੇ ਮਾਂ ਬਗਲਾਮੁਖੀ ਚਾਲੀਸਾ ਦਾ ਸੰਗੀਤਕ ਪਾਠ ਕੀਤਾ। ਬਗਲਾਮੁਖੀ ਧਾਮ ਦੇ ਮੁਖੀ ਮਹੰਤ ਪ੍ਰਵੀਨ ਚੌਧਰੀ ਨੇ ਮੰਤਰਾਂ ਦਾ ਜਾਪ ਕੀਤਾ ਅਤੇ ਭੇਟਾਂ ਚੜ੍ਹਾਉਣ ਵਾਲੇ ਭਗਤਾਂ ਦੀਆਂ ਇੱਛਾਵਾਂ ਦੀ ਪੂਰਤੀ ਲਈ ਦੇਵੀ ਭਗਵਤੀ ਦੇ ਚਰਨਾਂ ਵਿੱਚ ਪ੍ਰਾਰਥਨਾ ਕੀਤੀ ਅਤੇ ਪੰਜਾਬ ਅਤੇ ਦੁਨੀਆਂ ਭਰ ਵਿੱਚ ਕਾਰੋਬਾਰ ਦੀ ਤਰੱਕੀ ਲਈ ਬੇਨਤੀ ਕੀਤੀ। ਮਾਂ ਬਗਲਾਮੁਖੀ ਚਾਲੀਸਾ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਮਹੰਤ ਜੀ ਨੇ ਕਿਹਾ ਕਿ ਚਾਲੀਸਾ ਦਾ ਜਾਪ ਕਰਨ ਨਾਲ ਭਗਤ ਦੀ ਹਿੰਮਤ ਅਤੇ ਬਹਾਦਰੀ ਵਧਦੀ ਹੈ। ਮਨ ਵਿੱਚੋਂ ਬੁਰੇ ਵਿਚਾਰਾਂ ਦਾ ਖਾਤਮਾ ਵਿਨਾਸ਼ਕਾਰੀ ਸ਼ਕਤੀ ਦਾ ਨਾਸ਼ ਵੱਲ ਲੈ ਜਾਂਦਾ ਹੈ, ਜਿਸ ਨਾਲ ਵਿਅਕਤੀ ਡਰ ਤੋਂ ਮੁਕਤ ਜੀਵਨ ਬਤੀਤ ਕਰ ਸਕਦਾ ਹੈ। ਮਾਂ ਬਗਲਾਮੁਖੀ ਦੇ ਸਮਰਪਿਤ ਭਗਤ ਅਤੇ ਧਾਮ ਦੇ ਭਗਤ ਪ੍ਰਵੀਨ ਅਗਰਵਾਲ ਐਮ.ਕੇ. ਨੇ 243 ਘੰਟੇ ਚੱਲਣ ਵਾਲੇ ਅਖੰਡ ਮਹਾਂਯੱਗ ਦੇ ਕੁੰਡ ਤੋਂ ਅਸਥੀਆਂ ਪ੍ਰਾਪਤ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਵਪਾਰਕ ਭਾਈਚਾਰੇ ਵਿੱਚ ਮਹਾਂਯੱਗ ਲਈ ਬਹੁਤ ਉਤਸ਼ਾਹ ਹੈ। ਮਹਾਂਯੱਗ ਨੇ ਲੁਧਿਆਣਾ ਨੂੰ ਦੁਨੀਆਂ ਵਿੱਚ ਇੱਕ ਵੱਖਰੀ ਪਛਾਣ ਦਿੱਤੀ ਹੈ। ਅਖੰਡ ਯੱਗ ਸਿਰਫ਼ ਇੱਕ ਧਾਰਮਿਕ ਰਸਮ ਨਹੀਂ ਹੈ ਸਗੋਂ ਰਾਸ਼ਟਰੀ ਖੁਸ਼ਹਾਲੀ, ਸਮਾਜਿਕ ਸਦਭਾਵਨਾ ਅਤੇ ਵਿਸ਼ਵ ਸ਼ਾਂਤੀ ਲਈ ਇੱਕ ਪਵਿੱਤਰ ਸਮੂਹਿਕ ਪ੍ਰਾਰਥਨਾ ਹੈ। ਦੇਰ ਸ਼ਾਮ ਭਜਨ ਸੰਧਿਆ ਵਿੱਚ, ਭਜਨ ਗਾਇਕਾਵਾਂ ਸੰਜਨਾ ਭੋਲਾ ਅਤੇ ਲਵਰਾਜ ਅਟਵਾਲ ਨੇ ਮਾਂ ਬਗਲਾਮੁਖੀ ਦੀ ਉਸਤਤ ਵਿੱਚ ਭਜਨ ਪੇਸ਼ ਕੀਤੇ, ਚੁੰਨੀ ਤੇਰੀ ਮੈਂ ਲਿਆਵਾਂ ਦਾਤੀਏ, ਨਾਲੇ ਲਾਈ ਕੇ ਆਵਨ ਫੂਲਨ ਵਾਲੇ ਹਾਰ..., ਬਗਲਾਮੁਖੀ ਕਾ ਸਜਾਇਆ ਦਰਬਾਰ.... ਮਾਂ ਭਗਵਤੀ ਨੂੰ ਚੜ੍ਹਾਏ ਗਏ ਵੱਖ-ਵੱਖ ਪਕਵਾਨ ਪ੍ਰਸ਼ਾਦ ਅਤੇ ਭੰਡਾਰੇ ਦੇ ਰੂਪ ਵਿੱਚ ਵੰਡੇ ਗਏ। ਇਸ ਮੌਕੇ ਅਸ਼ੋਕ ਗੋਇਲ, ਪ੍ਰਦੀਪ ਸਿੰਘ, ਸੁਤੀਕਸ਼ਿਤ ਟੰਡਨ, ਵਿਪਨ ਜੀ, ਵਿਨੀਤ ਸਿਆਲ ਅਤੇ ਧਾਮ ਦੇ ਮੁੱਖ ਸੇਵਾਦਾਰ ਮਨਪ੍ਰੀਤ ਛਤਵਾਲ, ਸੇਵਾਦਾਰ ਨਵਜੋਤ ਛਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਰਾਣਾ ਰਣਜੀਤ ਸਿੰਘ, ਦਿਨੇਸ਼ ਰਨਜੀਤ ਸਿੰਘ, ਵਰਿੰਦਰ, ਰਣਬੀਰ ਸਮੇਤ ਪਤਵੰਤੇ ਹਾਜ਼ਰ ਸਨ। ਮੱਕੜ, ਗੁਨੀਤ ਖੇੜਾ, ਗੌਤਮ ਸਚਦੇਵਾ, ਨਰਿੰਦਰ ਮਹਾਜਨ, ਰਾਜ ਸੋਲੰਕੀ, ਗੌਰਵ ਕਾਲੀਆ, ਪਰਮਵੀਰ ਸਿੰਘ, ਅਰਜੁਨ ਹੋਰਾ, ਚੇਤਨ ਟੰਡਨ, ਇਕਬਾਲ ਸਿੰਘ, ਵਰੁਣ ਦੱਤ, ਅਜੈ ਜੈਨ, ਰਾਹੁਲ ਸਮੇਤ ਸੈਂਕੜੇ ਸ਼ਰਧਾਲੂਆਂ ਨੇ ਮਾਂ ਬਗਲਾਮੁਖੀ ਦਾ ਅਸ਼ੀਰਵਾਦ ਲਿਆ।

# ਸਨਮਤੀ ਵਿਮਲ ਜੈਨ ਸਕੂਲ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਰੁਖ਼ਸਤ ਸਮਾਰੋਹ ਕਰਵਾਇਆ

## ਮਿਸ ਫੇਅਰਵੈੱਲ ਹਰਸਿਮਰਨ ਕੌਰ ਅਤੇ ਮਿਸਟਰ ਫੇਅਰਵੈੱਲ ਨਵਦੀਪ ਗੋਇਲ ਚੁਣੇ



ਜਗਰਾਓਂ, 14 ਫਰਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਵਿਖੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਦੀ ਅਗਵਾਈ ਅਤੇ ਸਕੂਲ ਮੈਨੇਜਮੈਂਟ ਦੇ ਸਹਿਯੋਗ ਨਾਲ ਗਿਆਰ੍ਹਵੀ ਕਲਾਸ ਦੇ ਵਿਦਿਆਰਥੀਆਂ ਵੱਲੋਂ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਦੇਣ ਲਈ ਸ਼ਾਨਦਾਰ ਰੁਖ਼ਸਤ ਸਮਾਰੋਹ ਦਾ ਆਯੋਜਨ ਕੀਤਾ। ਇਸ ਮੌਕੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਦੇ ਬਿਤਾਏ ਪਲਾਂ ਨੂੰ ਖੂਬਸੂਰਤ ਅਤੇ ਯਾਦਗਾਰ ਬਣਾਉਣ ਲਈ ਇਹ ਸਮਾਰੋਹ ਨੂੰ ਬਹੁਤ ਹੀ ਉਤਸ਼ਾਹ ਤੇ ਧੂਮਧਾਮ ਨਾਲ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਜੋਤੀ ਪ੍ਰਜਲਤ ਕਰਕੇ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਬਹੁਤ ਹੀ ਖੂਬਸੂਰਤ ਤੇ ਸੁਚੱਜੇ ਢੰਗ ਨਾਲ ਪ੍ਰਿੰਸੀਪਲ ਮੈਡਮ ਅਤੇ ਸਕੂਲ ਮੈਨੇਜਮੈਂਟ ਦਾ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਨੇ ਗੀਤ, ਗਿੱਧਾ, ਭੰਗੜਾ, ਵਨੀ ਗੇਮਸ ਅਤੇ ਹੋਰ ਰੰਗਾਰੰਗ ਪ੍ਰੋਗਰਾਮ ਬਹੁਤ ਹੀ ਖੂਬਸੂਰਤ ਢੰਗ ਨਾਲ ਪੇਸ਼ ਕੀਤੇ। ਇਸ ਪ੍ਰੋਗਰਾਮ ਵਿਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵਿਚ ਸੱਭਿਆਚਾਰਕ ਅੰਦਾਜ਼ ਵਿਚ ਫੈਂਸੀ ਡਰੈੱਸ ਤੇ ਮਾਡਲਿੰਗ ਮੁਕਾਬਲੇ ਵੀ ਕਰਵਾਏ ਗਏ। ਜਿਸ ਵਿਚੋਂ ਸੱਭਿਆਚਾਰ ਕਦਰਾ ਕੀਮਤਾ ਦੀ ਤਸਵੀਰ ਝਲਕਦੀ ਸਾਫ਼ ਦਿਖਾਈ ਦੇ ਰਹੀ ਸੀ, ਇਸ ਫੈਸ਼ਨ ਸ਼ੋਅ ਦੇ ਵਿਚ ਵਿਦਿਆਰਥੀਆਂ ਤੋਂ ਜੱਜਾਂ ਦੁਆਰਾ ਪੁੱਛੇ ਗਏ ਸਵਾਲਾਂ ਦੇ ਅਧਾਰ 'ਤੇ ਮਿਸ ਫੇਅਰਵੈੱਲ ਹਰਸਿਮਰਨ ਕੌਰ, ਮਿਸਟਰ ਫੇਅਰਵੈੱਲ ਨਵਦੀਪ ਗੋਇਲ ਚੁਣੇ ਗਏ। ਵਿਦਾਇਗੀ ਸਮਾਰੋਹ ਵਿਚ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਵਿਦਿਆਰਥੀਆਂ ਨਾਲ ਆਪਣੇ ਸਕੂਲ ਦੇ ਯਾਦਗਾਰ ਪਲ ਸਾਂਝੇ ਕੀਤੇ। ਸਟੇਜ ਦੀ ਭੂਮਿਕਾ ਮੈਡਮ ਮਲਕੀਤ ਕੌਰ ਅਤੇ ਅੰਕਿਤਾ ਗੁਪਤਾ ਨੇ ਬਾਖੂਬੀ ਨਿਭਾਈ। ਇਸ ਉਪਰੰਤ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਸਕੂਲ ਪ੍ਰਿੰਸੀਪਲ ਅਤੇ ਸਕੂਲ ਮੈਨੇਜਮੈਂਟ ਦਾ ਖ਼ੂਬਸੂਰਤ ਪਾਰਟੀ ਦਾ ਆਯੋਜਨ ਕਰਨ 'ਤੇ ਧੰਨਵਾਦ ਕੀਤਾ। ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਤੇ ਲਗਨ ਨਾਲ ਜ਼ਿੰਦਗੀ 'ਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਤਾਂ ਜੋ ਉਹ ਆਪਣੇ ਮਾਤਾ-ਪਿਤਾ ਦੇ ਸਕੂਲ ਦਾ ਨਾਂਅ ਚਮਕਾਉਣ। ਇਸ ਮੌਕੇ ਲੈਕਚਰਾਰ ਸਨੀ ਪਾਸੀ, ਸਰਬਜੀਤ ਸਿੰਘ, ਵਿਨੋਦ ਕੁਮਾਰ, ਮਨੀਸ਼ ਕੁਮਾਰ, ਮਨੋਜ ਚੱਢਾ, ਬੇਅੰਤ ਸਿੰਘ, ਕੁਲਦੀਪ ਕੌਰ, ਰਿਪਲ ਰਾਣੀ, ਹਰਮੀਤ ਕੌਰ, ਗੁਰਪ੍ਰੀਤ ਕੌਰ, ਨਵਜੀਤ ਸ਼ਰਮਾ, ਅਨੀਤਾ ਸ਼ਰਮਾ, ਨਰਿੰਦਰ ਕੌਰ, ਅੰਜੂ ਕੌਸ਼ਲ, ਕੁਲਵਿੰਦਰ ਕੌਰ, ਨਵਜੋਤ ਕੌਰ, ਨੇਹਾ ਸਹੋਤਾ ਆਦਿ ਹਾਜ਼ਰ ਸਨ।

# ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਵੱਲੋਂ ਸਿਹਤ ਬੀਮਾ ਯੋਜਨਾ ਕੈਂਪ ਦਾ ਜਾਇਜ਼ਾ



ਜਗਰਾਓਂ, 14 ਫਰਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਹਲਕਾ ਜਗਰਾਓਂ ਦੀ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂਕੇ ਨੇ ਅੱਜ ਅਗਵਾੜ ਖਵਾਜਾ ਬਾਜੂ ਵਿਖੇ ਵੀ.ਐਲ.ਈ (VLE) ਸੈਂਟਰ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸੈਂਟਰ ਸੰਚਾਲਕ ਰਾਜੇਸ਼ ਕੁਮਾਰ ਵੱਲੋਂ ਬਣਾਏ ਜਾ ਰਹੇ ਨਵੇਂ ਸਿਹਤ ਬੀਮਾ ਯੋਜਨਾ ਦੇ ਕਾਰਡਾਂ ਦੇ ਕੰਮਕਾਜ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਇਸ ਮੌਕੇ ਮਾਨ ਸਰਕਾਰ ਦੀ ਸਿਹਤ ਬੀਮਾ ਯੋਜਨਾ ਦੀ ਸਫਲਤਾ ਦੀ ਇੱਕ ਜਿਉਂਦੀ-ਜਾਗਦੀ ਮਿਸਾਲ ਦੇਖਣ ਨੂੰ ਮਿਲੀ। ਵਿਧਾਇਕਾਂ ਨੇ ਦੱਸਿਆ ਕਿ ਉਹਨਾਂ ਨੂੰ ਜਾਣਕਾਰੀ ਪ੍ਰਾਪਤ ਹੋਈ ਕਿ ਕੁਲਵਿੰਦਰ ਸਿੰਘ ਵਾਸੀ ਕੋਠੇ ਰਾਹਲਾਂ ਦੇ ਪਿਤਾ ਦੀਆਂ ਕਿਡਨੀਆਂ ਦਾ ਇਲਾਜ ਲੁਧਿਆਣਾ ਦੇ ਇੱਕ ਵੱਡੇ ਪ੍ਰਾਈਵੇਟ ਹਸਪਤਾਲ ਤੋਂ ਹੋਇਆ ਹੈ। ਇਸ ਇਲਾਜ ਤੇ ਕਰੀਬ ਢਾਈ ਤੋਂ ਤਿੰਨ ਲੱਖ ਰੁਪਏ ਦਾ ਖਰਚਾ ਆਇਆ, ਜੋ ਕਿ ਪੰਜਾਬ ਸਰਕਾਰ ਦੀ ਸਿਹਤ ਬੀਮਾ ਯੋਜਨਾ ਤਹਿਤ ਬਿਲਕੁਲ ਮੁਫਤ ਕੀਤਾ ਗਿਆ ਹੈ।

# 243 ਘੰਟੇ ਚੱਲਣ ਵਾਲੇ ਮਹਾਂਯੱਗ ਦੇ ਦੂਜੇ ਦਿਨ ਹਜ਼ਾਰਾਂ ਸ਼ਰਧਾਲੂਆਂ ਨੇ ਮੱਥਾ ਟੇਕਿਆ

## ਅਖੰਡ ਯੱਗ ਵਿੱਚ ਬਲੀਦਾਨ ਚੜ੍ਹਾਉਣ ਨਾਲ ਕਿਸਮਤ ਬਦਲ ਜਾਂਦੀ ਹੈ: ਮਹੰਤ ਪ੍ਰਵੀਨ ਚੌਧਰੀ



ਲੁਧਿਆਣਾ, 14 ਫਰਵਰੀ (ਕਰਨੈਲ ਸਿੰਘ ਐੱਮ.ਏ.): ਪੱਖੋਵਾਲ ਰੋਡ 'ਤੇ ਸਿੰਗਲਾ ਇਨਕਲੇਵ ਵਿਖੇ ਵੀਰਵਾਰ ਨੂੰ 243 ਘੰਟੇ ਚੱਲਣ ਵਾਲੇ ਅਖੰਡ ਮਹਾਂਯੱਗ ਵਿੱਚ ਹਜ਼ਾਰਾਂ ਪੁਰਸ਼ ਅਤੇ ਔਰਤ ਸ਼ਰਧਾਲੂ ਆਹੂਤੀ ਚੜ੍ਹਾਉਣ ਲਈ ਲੰਬੀਆਂ ਕਤਾਰਾਂ ਵਿੱਚ ਖੜ੍ਹੇ ਸਨ। ਯੱਗ ਸਥਾਨ 'ਤੇ ਪੀਲੇ ਰੰਗ ਦੇ ਸਜ ਕੇ ਸ਼ਰਧਾਲੂਆਂ ਦੀਆਂ ਕਤਾਰਾਂ ਵਿੱਚ ਲੱਗ ਕੇ ਮਾਂ ਦੇਵੀ ਦੇ ਚਰਨਾਂ ਵਿੱਚ ਪੀਲੇ ਫੁੱਲ ਚੜ੍ਹਾਏ। ਉਨ੍ਹਾਂ ਦੇ ਹੱਥਾਂ ਵਿੱਚ ਪੀਲੇ ਰੰਗ ਦੀਆਂ ਭੇਟਾਂ ਦੀਆਂ ਟੋਕਰੀਆਂ ਅਤੇ ਪਲੇਟਾਂ ਦੇ ਮਨਮੋਹਕ ਦ੍ਰਿਸ਼ ਨੇ, ਅਜਿਹਾ ਜਾਪਦਾ ਸੀ ਜਿਵੇਂ ਮਾਂ ਬਗਲਾਮੁਖੀ ਧਾਮ ਪਰਿਸਰ ਦੇ ਅੰਦਰ ਬੈਠੀ ਹੋਵੇ, ਸ਼ਰਧਾਲੂਆਂ ਨੂੰ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਦਾ ਆਸ਼ੀਰਵਾਦ ਦੇ ਰਹੀ ਹੋਵੇ। ਇਸ ਦੌਰਾਨ, ਬਗਲਾਮੁਖੀ ਧਾਮ ਦੇ ਮੁੱਖ ਸੇਵਕ ਮਹੰਤ ਪ੍ਰਵੀਨ ਚੌਧਰੀ ਦੀ ਅਗਵਾਈ ਹੇਠ, ਦੇਸ਼ ਭਰ ਤੋਂ ਆਏ ਸੰਤਾਂ ਅਤੇ ਉੱਘੀਆਂ ਸ਼ਖ਼ਸੀਅਤਾਂ ਨੇ ਅਖੰਡ ਯੱਗ ਸਥਾਨ 'ਤੇ ਮਾਂ ਬਗਲਾਮੁਖੀ ਦੇ ਗੂੰਜਦੇ ਜਾਪਾਂ ਵਿਚਕਾਰ, ਮਾਂ ਬਗਲਾਮੁਖੀ ਦੇ ਜਾਪਾਂ ਰਾਹੀਂ ਅਸ਼ੀਰਵਾਦ ਦਿੱਤਾ। ਪਿਛਲੇ ਸਾਲ ਦੇ ਅਖੰਡ ਯੱਗ ਦੌਰਾਨ, ਸ਼ਰਧਾਲੂਆਂ ਨੇ ਆਪਣੀਆਂ ਇੱਛਾਵਾਂ ਪੂਰੀਆਂ ਹੋਣ ਤੋਂ ਬਾਅਦ ਭੇਟਾਂ ਚੜ੍ਹਾ ਕੇ ਮਾਂ ਦੇਵੀ ਦਾ ਧੰਨਵਾਦ ਕੀਤਾ। ਮੱਧ ਪ੍ਰਦੇਸ਼ ਦੇ ਸ਼ਰਧਾਲੂਆਂ ਦੇ ਇੱਕ ਸਮੂਹ ਨੇ ਬਗਲਾਮੁਖੀ ਧਾਮ ਦੀ ਪਵਿੱਤਰ ਮਿੱਟੀ ਆਪਣੇ ਸਿਰਾਂ 'ਤੇ ਲਗਾ ਕੇ ਆਪਣੇ ਆਪ ਨੂੰ ਅਸ਼ੀਰਵਾਦ ਦਿੱਤਾ। ਸੰਕੀਰਤਨ ਮੰਡਲ ਨੇ ਮਾਂ ਬਗਲਾਮੁਖੀ ਦੀ ਉਸਤਤ ਦੇ ਭਜਨਾਂ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ। ਪੀਲੇ ਕੱਪੜੇ ਪਹਿਨੇ ਸਕੂਲੀ ਵਿਦਿਆਰਥੀਆਂ ਨੇ ਮਾਂ ਬਗਲਾਮੁਖੀ ਦੀ ਪੂਜਾ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਅਖੰਡ ਯੱਗ ਦੇ ਦੂਜੇ ਦਿਨ ਭਾਰਤ ਅਤੇ ਵਿਦੇਸ਼ਾਂ ਤੋਂ ਆਏ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਮਹੰਤ ਪ੍ਰਵੀਨ ਚੌਧਰੀ ਨੇ ਕਿਹਾ ਕਿ ਮਾਂ ਬਗਲਾਮੁਖੀ ਦਾ ਅਸ਼ੀਰਵਾਦ ਕਿਸਮਤ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਮਾਂ ਦੇ ਦਰਬਾਰ ਵਿੱਚ ਅਖੰਡ ਮਹਾ ਯੱਗ ਵਿੱਚ ਭੇਟਾਂ ਚੜ੍ਹਾਉਣ ਨਾਲ ਕਿਸਮਤ ਬਦਲ ਜਾਂਦੀ ਹੈ ਅਤੇ ਕਾਰੋਬਾਰ ਵਿੱਚ ਰੁਕਾਵਟਾਂ ਦੂਰ ਹੁੰਦੀਆਂ ਹਨ। ਯੱਗ ਸਥਾਨ 'ਤੇ ਮਾਂ ਬਗਲਾਮੁਖੀ ਦਾ ਨਾਮ ਜਪਣ ਨਾਲ ਮਨ ਸ਼ੁੱਧ ਹੁੰਦਾ ਹੈ। ਪਵਿੱਤਰ ਜਲ ਸਾਹ ਲੈਣ ਨਾਲ ਸਰੀਰ ਬਿਮਾਰੀਆਂ ਤੋਂ ਮੁਕਤ ਹੋ ਜਾਂਦਾ ਹੈ। ਇਸ ਮੌਕੇ ਮੁੱਖ ਸੇਵਾਦਾਰ ਮਨਪ੍ਰੀਤ ਛਤਵਾਲ, ਸੇਵਕ ਨਵਜੋਤ ਛੱਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਰਾਣਾ ਰਣਜੀਤ ਸਿੰਘ, ਦਿਨੇਸ਼ ਰੌਲੀ, ਵਰੁਣ ਜੈਨ, ਪ੍ਰਸ਼ੋਤਮ ਚੌਧਰੀ, ਬੌਬੀ ਮੱਕੜ, ਗੁਨੀਤ ਖੇੜਾ, ਗੌਤਮ ਸਚਦੇਵਾ, ਨਰੇਂਦਰ ਸਿੰਘ ਮਹਾਜਨ, ਮਹਾਜਨ ਸਿੰਘ, ਕਾ. ਅਰਜੁਨ ਹੋਰਾ, ਚੇਤਨ ਟੰਡਨ, ਇਕਬਾਲ ਸਿੰਘ, ਵਰੁਣ ਦੱਤ, ਅਜੇ ਜੈਨ, ਰਾਹੁਲ ਆਦਿ ਵੀ ਹਾਜ਼ਰ ਸਨ।

# ਸਿਰਲੇਖਵਾਰ ਇਸ਼ਤਿਹਾਰ /Classified Advertisement

**Cirminal Courts Jalandhar**
**In the Court of Ms. Renuka Kalra Judicial Magistrate First Class-18, Jalandhar**
**Next Date of Purpose of case, Orders and judgments as well as other case information is available on http://ecourts.gov.in**
CNR No.PBJL03-018346-2025
Next Date: 10.03.2026
Police Station/FIR No. Division 6//
Case No. NACT/4235/2025
Amrit Malwa Capital Ltd
Versus
Sohan Lal
Proclamation Requiring the appearance of a person accused
Notice to: Sohan Lal S/O Shital Din R/O House No 402 Treet No & Star City Colony Distt Ludhiana Punjab 141007
Whereas Complaint/Case Has Been Made Before Me That Sohan Lal:- R/O S/O Shital Din R/O House No 402 Treet No 8 Star City Colony Distt Ludhiana Punjab 141007 Has Committed (Or Is Suspected To Have Committed) The Offence Punishable Under Section Of And It Has Been Returned To A Warrant Of Arrest Thereupon Issued That The Said Sohan Lal Cannot Be Found, And Whereas It Has Been Shown To My Satisfaction That The Said Sohan Lal Has Absconded (Or Is Concealing Himself/Herself To Avoid The Service Of The Said Warrant); Proclamation Is Hereby Made That The Said Sohan Lal Is Required To Appear Before This Court (Or Before Me) On 10-03-2026 To Answer The Said Complaint/Case.
Dated, This Day Of 20-01-2026.
**Sd/- Judicial Magistrate First Class-18, Jalandhar**

---

**(U/o 5 Rule 20 CPC)**
**In the Court of Ms. Ranjeet Kaur Additional Principal Judge, Family Court, Hoshiarpur**
CNR No.PBHO01-009174-2025
Next Date : 10.03.2026
GW/69/2025
Karandeep Singh, Aged 25years, S/O S.Baljinder Singh, R/O H.No.170/3, Star Paradise Colony, Lamba Pind Chowk, Jalandhar
.........Petitioner
Versus
Navjot Kaur W/O Sh.Karandeep Singh, D/O Sh.Swaran Singh, R/O Village Bullowal, Tehsil And District Hoshiarpur & General Public
.............Respondents
Notice to: General Public:- Hoshiarpur
In above titled case the defendant(s)respondent(s) could not be served. It is ordered that defendant(s)respondent(s) should appear in person or through counsel on **10.**03.2026 at 10:00 A.M.
For details logon to https://highcourtchd.gov.in/?trs=district_notice&district=Hoshiarpur
Dated this day of 20-01-2026
**Sd/- Additional Principal Judge, Family Court, Hoshiarpur**

---

**In the Court of Sh. Harshbir Sandhu**
**Judicial Magistrate First Class-1, Phagwara**
CNR No.PBKPA1-007090-2023
Next Date : 12.03.2026
Detail of offence:- 138 of NI Act
Welcome Finances (Regd) Jaswal Filling Station, Gt Road Phagwara Through Its Partner Amardeep Singh S/O Sarwan Singh R/O Jaswal Filling Station, Gt Road Phagwara Through Its Attorney Vinod Kumar S/O Bhag Mall R/O Mohalla Balmiki, Bansan Wala Bazaar, Phagwara.
Versus
Sidarth Sardana S/O Yogesh Dutt Sardana C/O Sukhjit Starch And Chemical Mills Sarai Road Phagwara, Distt Kapurthala.
Notice to: Sidarth Sardana Father: Yogesh Dutt Sardana C/O Sukhjit Starch And Chemical Mills Sarai Road Phagwara
In above titled case the accused could not be served. It is orderded that accused should appear in person or through counsel on **12.**03.2026 at 10:00 A.M.
For details logon to https://highcourtchd.gov.in/?mod=district_notice&district=Kapurthala
Dated this day of 27-01-2026
**Sd/- Judicial Magistrate First Class-1, Phagwara**

---

**(U/o 5 Rule 20 CPC)**
**In the Court of Ms. Jatinder Kaur District and Sessions Judge, Amritsar**
CNR No.PBAS01-004971-2021
Next Date : 09.03.2026
Case No. MACT 48/2021
166 MVA
Nirmal Singh
Versus
Sukhlal Singh @ Bobby
Notice to: Chetan Kumar :- S/O Ashok Kumar R/O H.NO. 1049 Himmatpura Opposite Side Gilwali Gate Asr Also R/O Celebration Resort Majitha Verka Byepass Asr (Owner Of Tractor Sonalika Colour Blue)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.**03.2026 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 06-02-2026
**Sd/- District and Sessions Judge, Amritsar**

---

**(U/o 5 Rule 20 CPC)**
**In the Court of Sh. Shaminder Pal Singh**
**Additional Civil Judge Senior Division, Jaitu**
CNR No.PBFDA0-000089-2025
Next Date : 06.03.2026
CIS No. CS/57/2025
State Bank of India
Versus
M/s Singla Gais House and anr
Notice to: Lr (I) Shanti Devi Wife Of Satpal Singla Lr (Iii) Krishna Singla Daughter Of Late Mohan Deep Singla S/O Satpal Singla Lr(Iv) Varinda Singla Daughter Of Late Mohan Deep Singla S/O Satpal Singla Lr (V) Gobind Singla Son Of Late Mohan Deep Singla S/O Satpal Singla All Resident Of Doad Mohalla, Jaitu, Tehsil Jaitu, Distt Faridkot (All Legal Heirs Of Defendant No.2 Mohandeep Singla Son Of Satpal Singla)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **06.**03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 31-01-2026
**Sd/- Additional Civil Judge Senior Division, Jaitu**

---

**(U/o 5 Rule 20 CPC)**
**In the Court of Sh. Daleep Kumar Additional Civil Judge (Senior Division), Sunam**
CNR No.PBSGA0-001337-2025
Next Date: 10.03.2026
Charanjit Kaur
Versus
General Public
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 10.03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 31-01-2026
**Sd/- Additional Civil Judge (Senior Division), Sunam**

---

**In the Court of Sh. Anurag Arora, Civil Judge Junior Division, Ajnala.**
CNR No.PBASA0-000210-2024
Next Date : 06.03.2026
Case No. CS/148/2024
Balraj Singh
....Plaintiff
Versus
Sawinder Singh and others
.......Defendant
Notice to: Defendants 1. Sawinder Kaur @Surinder Kaur D/O Hardeep Singh W/O Dalbir Singh, R/O Village Ferumaan, Tehsil And District Amritsar
In above titled Petition the respondent could not be served. It is orderded that respondent should appear in person or through counsel on **06.**03.2026 at 10:00 A.M.
For details logon to https://highcourtchd.gov.in/?trs=district_notice&district=Amritsar
**Sd/- Civil Judge Junior Division, Ajnala.**

---

**(U/o 5 Rule 20 CPC)**
**In the Court of Ms. Neha Jindal Civil Judge (Junior Division), Jagraon**
CNR No.PBLDB0-000440-2025
Next Date : 09.03.2026
State Bank of India
Versus
Karamjit Kaur
Notice to: Karamjit Kaur S/O Gurcharan Singh R/O Village Dhurkot Tehsil Raikot District Ludhiana
In above titled case the defendant(s)respondent(s) could not be served. It is ordered that defendant(s)respondent(s) should appear in person or through counsel on **09.**03.2026 at 10:00 A.M.
For details logon to https://highcourtchd.gov.in/?mod=district_notice&district=ludhianacourt
Dated this day of 09-02-2026
**Sd/- Civil Judge (Junior Division), Jagraon**

---

**(U/o 5 Rule 20 CPC)**
**In the Court of Ms. Neha Jindal Civil Judge (Junior Division), Jagraon**
CNR No.PBLDB0-000447-2025
Next Date : 09.03.2026
State Bank of India
Versus
Jasvir Kaur
Notice to: Jasvir Kaur W/O Paramjit Singh R/O Village Jalaldiwal Tehsil Raikot District Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.**03.2026 at 10:00 A.M.
For details logon to https://highcourtchd.gov.in/?mod=district_notice&district=ludhianacourt
Dated this day of 09-02-2026
**Sd/- Civil Judge (Junior Division), Jagraon**

---

**(U/o 5 Rule 20 CPC)**
**In the Court of Ms. Neha Jindal Civil Judge (Junior Division), Jagraon**
CNR No.PBLDB0-000450-2025
Next Date : 09.03.2026
State Bank of India
Versus
Baljit Kaur
Notice to: Baljit Kaur W/O Santokh Singh R/O Village Abuwal Tehsil Raikot District Lduhiana
In above titled case the defendant(s)respondent(s) could not be served. It is ordered that defendant(s)respondent(s) should appear in person or through counsel on **09.**03.2026 at 10:00 A.M.
For details logon to https://highcourtchd.gov.in/?mod=district_notice&district=ludhianacourt
Dated this day of 09-02-2026
**Sd/- Civil Judge (Junior Division), Jagraon**

---

**(U/o 5 Rule 20 CPC)**
**In the Court of Ms. Megha Dhaliwal**
**Addl. Civil Judge (Senior Division)-1,**
CNR No.PBSA02-001948-2025
Next Date : 10.03.2026
CIS No. SUCC/41/2025
Maninder Kaur
Versus
General Public
Petition U/S 372 Of Indian Succession Act, 1925 For Issuance Of Succession Certificate In Favour Of Petitioners
Notice to: General Public
In above titled case the defendant(s)respondent(s) could not be served. It is ordered that defendant(s)respondent(s) should appear in person or through counsel on **10.**03.2026 at 10:00 A.M.
For details logon to https://highcourtchd.gov.in/?mod=district_notice&district=mohali
Dated this day of 19-01-2026
**Sd/- Addl. Civil Judge (Senior Division)-1,**

---

**(U/o 5 Rule 20 CPC)**
**In the Court of Sh. Pritpal Singh Principal Judge Family Court, Gurdaspur**
CNR No.PBGD01-000525-2025
Next Date: 10.03.2026
Amandeep Kaur
Versus
Jaibir Singh
Notice to: Jaibir Singh Son Of Jagdev Singh Resident Of House No. 12 Gali No. 1 New Ranjit Pura, Chheharta, Amritsar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 10.03.2026 at 10:00 A.M.
For details logon to https://highcourtchd.gov.in/?mod=district_notice&district=Gurdaspur
Dated this day of 24-12-2025
**Sd/- Principal Judge Family Court, Gurdaspur**

---

**(U/o 5 Rule 20 CPC)**
**In the Court of Sh. Ajit pal Singh-II Additional Principal Judge Family Court Baba Bakala**
CNR No.PBASF3-000166-2025
Next Date : 10.03.2026
Manjit Kaur Widow Of Sawinder Singh R/o Village Jalal, Tehsil Baba Bakala Sahib, District Amritsar
Versus
General Public
Notice to: General Public
In above titled Petition the defendant(s)/respondent(S) could not be served. It is orderded that defendant(s)/respondent(S) should appear in person or through counsel on **10.**03.2026 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 03-02-2026
**Sd/- Additional Principal Judge Family Court Baba Bakala**

---

## ਨਾਮ ਦੀ ਬਦਲੀ

ਮੈਂ, ਭਰਪੂਰ ਸਿੰਘ ਪੁੱਤਰ ਮਾਨ ਸਿੰਘ ਵਾਸੀ 426 ਬਲਜੀਤ ਕਲੋਨੀ ਚੌਰਾ ਪਟਿਆਲਾ ਨੇ ਆਪਣਾ ਨਾਮ ਬਦਲ ਕੇ ਭਰਭੂਰ ਸਿੰਘ ਰੱਖ ਲਿਆ ਹੈ।

## ਬੇਦਖਲੀ ਸੂਚਨਾ

ਮੈਂ, ਰੋਸ਼ਨ ਅਲੀ ਪੁੱਤਰ ਸ੍ਰੀ ਉਮਰ ਬਕਸ਼, ਵਾਸੀ ਵਾਰਡ ਨੰ. 2, ਘਨੌਰ, ਤਹਿ. ਰਾਜਪੁਰਾ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਆਲ ਮੁਹੰਮਦ ਤੇ ਮੇਰੀ ਨੂੰਹ ਸ਼ਵੀਨਾਂ ਉਰਫ ਸੀਮਾ ਮੇਰੇ ਕਹਿਣੇ ਤੋਂ ਬਾਹਰ ਹੋ ਚੁੱਕੇ ਹਨ। ਮੈਂ ਆਪਣੇ ਉਕਤ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਜਾਇਦਾਦ ਚੱਲ ਵਾ ਅਚੱਲ ਤੋਂ ਬੇਦਖਲ ਕਰਦਾ ਹਾਂ। ਅਗਰ ਇਹ ਦੋਵੇਂ ਕਿਸੇ ਦੇ ਨਾਲ ਲੈਣ ਦੇਣ ਕਰਦੇ ਹਨ ਤਾਂ ਉਸ ਦੇ ਇਹ ਦੋਵੇਂ ਖੁਦ ਜ਼ਿੰਮੇਵਾਰ ਹੋਣਗੇ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।


**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**


**ਜਨਤਕ ਨੋਟਿਸ**



ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ।
ਵਿਸ਼ਾ: ਸਵਰਗੀ ਸ਼੍ਰੀ ਭਗਵਾਨ ਸਿੰਘ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਬੂਥ ਨੰਬਰ 334, ਸੈਕਟਰ 44 ਸੀ ਐਂਡ ਡੀ, ਚੰਡੀਗੜ੍ਹ (ਸੀ.ਪੀ.ਐਲ. 5017) ਦੇ ਸੰਬੰਧ ਵਿੱਚ ਲੀਜ਼-ਹੋਲਡ ਅਧਿਕਾਰਾਂ ਦਾ ਤਬਾਦਲਾ 50.00% ਹਿੱਸੇ ਦੀ ਹੱਦ ਤੱਕ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਭਗਵਾਨ ਸਿੰਘ ਵਪਾਰਕ ਬੂਥ ਨੰਬਰ 334, ਸੈਕਟਰ 44 ਸੀ ਐਂਡ ਡੀ, ਚੰਡੀਗੜ੍ਹ ਦੇ 50.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।
ਬਲਵਿੰਦਰ ਸਿੰਘ ਸਿੱਧੂ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਭਗਵਾਨ ਸਿੰਘ ਦੀ ਮੌਤ 19.02.2025 ਨੂੰ ਹੋ ਗਈ ਸੀ ਅਤੇ ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) ਗਗਨਦੀਪ ਕੌਰ-ਧੀ, (2) ਦਰਸ਼ਨ ਕੌਰ-ਪਤਨੀ, (3) ਬਲਵਿੰਦਰ ਸਿੰਘ ਸਿੱਧੂ-ਪੁੱਤਰ, (4) ਵਰਿੰਦਰ ਕੌਰ-ਧੀ
ਹੁਣ, ਬਲਵਿੰਦਰ ਸਿੰਘ ਸਿੱਧੂ ਨੇ 11.05.2011 ਦੀ ਰਜਿਸਟਰਡ ਵਸੀਅਤ ਦੇ ਆਧਾਰ @ਤੇ, ਸਵਰਗੀ ਸ਼੍ਰੀ ਭਗਵਾਨ ਸਿੰਘ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 50.00% ਹਿੱਸੇ ਦੀ ਹੱਦ ਤੱਕ ਵਪਾਰਕ ਬੂਥ ਨੰਬਰ 334, ਸੈਕਟਰ 44 ਸੀ ਐਂਡ ਡੀ, ਚੰਡੀਗੜ੍ਹ ਦੇ ਸੰਬੰਧ ਵਿੱਚ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ ਬਾਰੇ ਕੋਈ ਜਾਣਕਾਰੀ ਹੈ ਤਾਂ ਉਹ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਸੂਚਿਤ ਕਰ ਸਕਦੇ ਹਨ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀ ਦੇ ਨਾਮ '@ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਰਾਜੀਵ ਤਿਵਾੜੀ ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**



## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।


# ਮੰਤਰੀ ਸੌਂਦ ਦੇ ਦਿਸ਼ਾ-ਨਿਰਦੇਸ਼ਾਂ ਹੇਠ 'ਸਰਕਾਰ ਤੁਹਾਡੇ ਦੁਆਰ' ਕੈਂਪ ਲਗਾਇਆ



ਲੁਧਿਆਣਾ, 14 ਫਰਵਰੀ (ਵਿਸ਼ਾਲ ਸ਼ਰਮਾ) ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਪਿਛਲੇ ਦਿਨਾਂ ਦੌਰਾਨ ਇੱਕ ਨਵੀਂ, ਇਨਕਲਾਬੀ ਅਤੇ ਲੋਕ-ਹਿਤੈਸ਼ੀ ਪਹਿਲਕਦਮੀ ਤਹਿਤ ਖੰਨਾ ਸ਼ਹਿਰ ਦੇ ਸਭ ਤੋਂ ਵੱਡੇ ਨਸ਼ਾ ਤਸਕਰੀ ਦੇ ਹੋਟ ਸਪੋਟ ਮੀਟ ਮਾਰਕੀਟ ਇਲਾਕੇ ਨੂੰ ਗੋਦ ਲਿਆ ਗਿਆ ਸੀ ਤਾਂ ਜੋ ਇੱਥੇ ਰਹਿੰਦੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕੇ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਨਾਲ ਜੋੜ ਕੇ ਪੂਰੀ ਤਰ੍ਹਾਂ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਉਪ ਮੰਡਲ ਮੈਜਿਸਟਰੇਟ ਖੰਨਾ ਸਵਾਤੀ ਟਿਵਾਣਾ ਨੇ ਦੱਸਿਆ ਕਿ ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਦੇ ਆਦੇਸ਼ ਅਨੁਸਾਰ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਮੀਟ ਮਾਰਕੀਟ ਖੰਨਾ ਦੇ ਇਲਾਕੇ ਵਿੱਚ ਘਰ-ਘਰ ਪਹੁੰਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਨੀਵਾਰ ਨੂੰ @ਸਰਕਾਰ ਤੁਹਾਡੇ ਦੁਆਰ@ ਪ੍ਰੋਗਰਾਮ ਤਹਿਤ ਕੈਂਪ ਲਗਾਇਆ ਗਿਆ। ਇਸ ਤੋਂ ਇਲਾਵਾ ਮੀਟ ਮਾਰਕੀਟ ਇਲਾਕੇ ਦੇ ਲੋਕਾਂ ਨੂੰ ਸਿੱਖਿਆ, ਸਿਹਤ ਅਤੇ ਸਾਫ਼-ਸਫ਼ਾਈ ਵਰਗੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ। ਉਨ੍ਹਾਂ ਕਿਹਾ ਕਿ ਇਸ ਕੈਂਪ ਦੌਰਾਨ ਸਿਹਤ ਵਿਭਾਗ ਵੱਲੋਂ ਇਸ ਇਲਾਕੇ ਦੇ ਹਰੇਕ ਪਰਿਵਾਰ ਦਾ ਸਿਹਤ ਬੀਮਾ ਯੋਜਨਾ ਦੇ ਤਹਿਤ 10 ਲੱਖ ਰੁਪਏ ਦਾ ਸਿਹਤ ਬੀਮਾ ਕਾਰਡ ਬਣਾਏ ਗਏ ਹਨ ਅਤੇ ਸਿਹਤ ਵਿਭਾਗ ਦੇ ਡਾਕਟਰਾਂ ਵੱਲੋਂ ਇਸ ਇਲਾਕੇ ਦੇ ਲੋਕਾਂ ਦਾ ਚੈੱਕਅੱਪ ਕਰਕੇ ਮੈਡੀਕਲ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ। ਇਸ ਕੈਂਪ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਪੈਨਸ਼ਨਾਂ, ਸੀਨੀਅਰ ਸਿਟੀਜ਼ਨ ਕਾਰਡ, ਅਨੁਸੂਚਿਤ ਜਾਤੀ ਸਰਟੀਫਿਕੇਟ, ਆਧਾਰ ਅਪਡੇਟ ਅਤੇ ਹੋਰ ਵੱਖ-ਵੱਖ ਸਬੰਧਤ ਇਸ ਇਲਾਕੇ ਦੇ ਲੋਕਾਂ ਨੂੰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਦਿੱਤਾ ਗਿਆ। ਸਵਾਤੀ ਟਿਵਾਣਾ ਨੇ ਦੱਸਿਆ ਕਿ ਘਰਾਂ ਵਿੱਚ ਸਾਫ ਸਫਾਈ ਦੀ ਮੁਹਿੰਮ ਚਲਾਈ ਗਈ। ਘਰ-ਘਰ ਡਸਟਬਿਨ ਮੁਹੱਈਆ ਕਰਵਾਏ ਗਏ। ਉਨ੍ਹਾਂ ਕਿਹਾ ਕਿ ਅਵਾਰਾ ਕੁੱਤਿਆਂ ਨੂੰ ਫੜ ਕੇ ਨਸਬੰਦੀ ਕਰਨ ਲਈ ਲਿਜਾਇਆ ਜਾ ਰਿਹਾ ਹੈ। ਮੀਟ ਮਾਰਕੀਟ ਖੰਨਾ ਵਿਚਲੇ ਟੋਬੇ ਦੀ ਸਾਫ਼-ਸਫ਼ਾਈ ਕਰਵਾ ਕੇ ਇਸ ਨੂੰ ਇੱਕ ਪਾਰਕ ਵਿੱਚ ਤਬਦੀਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਅਤੇ ਨਗਰ ਕੌਂਸਲ ਵੱਲੋਂ ਸਾਂਝੇ ਤੌਰ @ਤੇ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਨਾਲ ਮੀਟ ਮਾਰਕੀਟ ਖੰਨਾ ਦੇ ਲੋਕਾਂ ਨੂੰ ਮੁੱਖ ਧਾਰਾ ਵਿੱਚ ਲਿਆਂਦਾ ਜਾਵੇ ਅਤੇ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਹਨਾਂ ਲੋਕਾਂ ਨੂੰ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਲਈ ਵੀ ਜਾਣੂ ਕਰਵਾਇਆ ਜਾ ਰਿਹਾ ਹੈ। ਜਦੋਂ ਤੋਂ ਪ੍ਰਸ਼ਾਸਨ ਵੱਲੋਂ ਇਸ ਇਲਾਕੇ ਨੂੰ ਗੋਦ ਲਿਆ ਗਿਆ ਹੈ ਉਦੋਂ ਤੋਂ ਹੀ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਥੋਂ ਦੇ ਵਸਨੀਕਾ ਨੂੰ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕੇ। ਉਨ੍ਹਾਂ ਨੇ ਖ਼ਾਸ ਤੌਰ 'ਤੇ ਔਰਤਾਂ ਨੂੰ ਸੈਲਫ ਹੈਲਪ ਗਰੁੱਪ ਬਣਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਗਰਾਂਟ ਦਿੱਤੀ ਜਾਵੇਗੀ, ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ। ਉਨ੍ਹਾਂ ਦੱਸਿਆ ਕਿ ਇਲਾਕੇ ਦੀ ਪੂਰੀ ਤਰ੍ਹਾਂ ਸਫ਼ਾਈ ਕਰਵਾਈ ਜਾਵੇਗੀ, ਇਸਨੂੰ ਹਰਾ-ਭਰਾ ਬਣਾਇਆ ਜਾਵੇਗਾ, ਬੱਚਿਆਂ ਦੇ ਸਕੂਲਾਂ ਵਿੱਚ ਦਾਖਲੇ ਕਰਵਾਏ ਜਾਣਗੇ ਅਤੇ ਔਰਤਾਂ ਨੂੰ ਸਿਲਾਈ ਮਸ਼ੀਨਾਂ ਜਾਂ ਹੋਰ ਕਿੱਤਿਆਂ ਨਾਲ ਜੋੜਿਆ ਜਾਵੇਗਾ। ਸਰਕਾਰ ਵੱਲੋਂ ਹਰ ਤਰ੍ਹਾਂ ਦੀ ਮਦਦ ਯਕੀਨੀ ਬਣਾਈ ਜਾਵੇਗੀ ਤਾਂ ਜੋ ਇਹ ਇਲਾਕਾ ਪੂਰੀ ਤਰ੍ਹਾਂ ਨਸ਼ਾ ਮੁਕਤ ਅਤੇ ਵਿਕਸਿਤ ਬਣ ਸਕੇ। ਐਸ.ਡੀ.ਐਮ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪੁਲਿਸ ਤੇ ਸਿਵਲ ਪ੍ਰਸ਼ਾਸਨ ਇਸ ਕੰਮ ਲਈ ਹਰ ਸੰਭਵ ਮਦਦ ਕਰੇਗਾ। ਇਸ ਮੌਕੇ ਨਗਰ ਕੌਂਸਲ ਖੰਨਾ ਦੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ, ਡੀ.ਐਸ.ਪੀ ਵਿਨੋਦ ਕੁਮਾਰ ਸਮੇਤ ਸਿਵਲ ਅਤੇ ਪੁਲਿਸ? ਪ੍ਰਸ਼ਾਸਨ ਦੇ ਹੋਰ ਉੱਚ ਅਧਿਕਾਰੀ ਵੀ ਮੌਜੂਦ ਰਹੇ। ਸਭ ਨੇ ਮਿਲ ਕੇ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਅਤੇ ਖੰਨਾ ਨੂੰ ਮਾਡਲ ਨਸ਼ਾ ਮੁਕਤ ਜ਼ਿਲ੍ਹਾ ਬਣਾਉਣ ਦਾ ਦ੍ਰਿੜ੍ਹ ਨਿਸ਼ਚਾ ਪ੍ਰਗਟਾਇਆ। ਨਿਸ਼ਚਿਤ ਤੌਰ 'ਤੇ ਇਹ ਪਹਿਲ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦੀ ਦੂਰਦਰਸ਼ੀ ਸੋਚ ਦਾ ਪ੍ਰਤੀਕ ਹੈ।

# ਮਜ਼ਬੂਤ ਕਾਨੂੰਨੀ ਦਿਸ਼ਾ ਅਤੇ ਸੁਚੱਜੇ ਪ੍ਰਬੰਧ ਨਾਲ ਪੁਰਾਬ ਪ੍ਰੀਮੀਅਮ ਅਪਾਰਟਮੈਂਟਸ ਨੇ ਬਣਾਈ ਨਵੀਂ ਮਿਸਾਲ

ਮੋਹਾਲੀ, 14 ਫਰਵਰੀ (ਹਰਦੀਪ ਕੌਰ): ਮੋਹਾਲੀ ਦੇ ਸੈਕਟਰ-88 ਵਿੱਚ ਸਥਿਤ ਪੁਰਾਬ ਪ੍ਰੀਮੀਅਮ ਅਪਾਰਟਮੈਂਟਸ ਨੇ ਪਿਛਲੇ ਕੁਝ ਸਮੇਂ ਦੌਰਾਨ ਹੋਏ ਸਰਾਹਣਯੋਗ ਬਦਲਾਵਾਂ ਨਾਲ ਟ੍ਰਾਈਸਿਟੀ ਦੀ ਅਗੇਵਾਨ ਰਹਾਇਸ਼ੀ ਸੋਸਾਇਟੀ ਵਜੋਂ ਆਪਣੀ ਮਜ਼ਬੂਤ ਪਛਾਣ ਕਾਇਮ ਕੀਤੀ ਹੈ। ਮਜ਼ਬੂਤ ਕਾਨੂੰਨੀ ਦਿਸ਼ਾ ਤੇ ਸੁਚੱਜੇ ਪ੍ਰਬੰਧ ਹੇਠ ਇੱਥੇ ਰਹਿਣ ਵਾਲਿਆਂ ਨੂੰ ਸੁਵਿਧਾਜਨਕ ਅਤੇ ਸੁਰੱਖਿਅਤ ਵਾਤਾਵਰਣ ਮਿਲ ਰਿਹਾ ਹੈ। ਰਿਹਾਇਸ਼ੀ ਭਲਾਈ ਸਭਾ ਦੇ ਕਾਨੂੰਨੀ ਇੰਚਾਰਜ ਐਡਵੋਕੇਟ ਗੁਰਮੀਤ ਸਿੰਘ ਨੇ ਦੱਸਿਆ ਕਿ ਸੋਸਾਇਟੀ ਇਸ ਵੇਲੇ ਪੱਕੇ ਕਾਨੂੰਨੀ ਤੇ ਪ੍ਰਸ਼ਾਸਕੀ ਢਾਂਚੇ ਅਧੀਨ ਸੁਚਾਰੂ ਢੰਗ ਨਾਲ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮਾਮਲਿਆਂ ਸਬੰਧੀ ਗਲਤ ਧਾਰਣਾਵਾਂ ਪੈਦਾ ਕੀਤੀਆਂ ਜਾ ਰਹੀਆਂ ਸਨ, ਉਹਨਾਂ ਦਾ ਨਿਪਟਾਰਾ ਕਾਨੂੰਨੀ ਪੱਧਰ 'ਤੇ ਦ੍ਰਿੜਤਾ ਨਾਲ ਕੀਤਾ ਗਿਆ ਹੈ। ਬੇਲੋੜੇ ਵਿਵਾਦਾਂ ਵਿੱਚ ਕਮੀ ਆਈ ਹੈ, ਸੰਭਾਲ ਰਕਮ ਦੀ ਵਸੂਲੀ ਵਿੱਚ ਸੁਧਾਰ ਹੋਇਆ ਹੈ ਅਤੇ ਅਨੁਸ਼ਾਸਨ ਕਾਇਮ ਹੋਇਆ ਹੈ। ਮਜ਼ਬੂਤ ਕਾਨੂੰਨੀ ਟੀਮ ਅਤੇ ਪਾਰਦਰਸ਼ੀ ਪ੍ਰਬੰਧ ਨੇ ਸੋਸਾਇਟੀ ਦੀ ਸਾਖ ਅਤੇ ਜਾਇਦਾਦ ਦੀ ਕੀਮਤ ਵਿੱਚ ਲਾਭਕਾਰੀ ਵਾਧਾ ਕੀਤਾ ਹੈ। ਸਭਾ ਦੇ ਪ੍ਰਧਾਨ ਸ੍ਰੀ ਯੁਵਰਾਜ ਨੇ ਜਾਣਕਾਰੀ ਦਿੱਤੀ ਕਿ ਸੋਸਾਇਟੀ ਵਿੱਚ ਆਧੁਨਿਕ ਸਹੂਲਤਾਂ ਦਾ ਵਿਸਥਾਰਕ ਵਿਕਾਸ ਕੀਤਾ ਗਿਆ ਹੈ। ਪਾਰਕਾਂ ਵਿੱਚ ਨਵੇਂ ਅਤੇ ਸੁਰੱਖਿਅਤ ਝੂਲੇ ਲਗਾਏ ਗਏ ਹਨ। ਤੈਰਨ ਤਲਾਬ ਪੂਰੀ ਤਰ੍ਹਾਂ ਕਾਰਗਰ ਹੈ। ਬੈਡਮਿੰਟਨ, ਬਾਸਕੇਟਬਾਲ ਅਤੇ ਵਾਲੀਬਾਲ ਮੈਦਾਨ ਵਰਤੋਂ ਲਈ ਖੁਲੇ ਹਨ। ਰੋਜ਼ਾਨਾ ਯੋਗ ਅਭਿਆਸ ਕਲਾਸਾਂ ਚੱਲ ਰਹੀਆਂ ਹਨ। ਚੌਵੀ ਘੰਟੇ ਲਿਫਟ ਬਿਜਲੀ ਬੈਕਅਪ, ਗਰਮ ਤੇ ਠੰਡੇ ਪਾਣੀ ਦੀ ਸਹੂਲਤ ਅਤੇ ਉੱਚ ਦਰਜੇ ਦੀ ਸਫ਼ਾਈ ਪ੍ਰਬੰਧਨਾ ਨੇ ਇਸ ਰਹਾਇਸ਼ੀ ਇਲਾਕੇ ਨੂੰ ਖਾਸ ਪਛਾਣ ਬਖ਼ਸ਼ੀ ਹੈ। ਉਪ ਪ੍ਰਧਾਨ ਸ੍ਰੀ ਗੁਰਜੰਤ ਨੇ ਕਿਹਾ ਕਿ ਹਰ ਉਮਰ ਵਰਗ ਲਈ ਸਮੂਹਕ ਗਤੀਵਿਧੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ ਅਤੇ ਹਰ ਤਿਉਹਾਰ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਵਾਹਨ ਖੜ੍ਹੇ ਕਰਨ ਲਈ ਢੰਗ ਨਾਲ ਨਿਸ਼ਾਨਦੇਹੀ ਕੀਤੀ ਗਈ ਹੈ ਅਤੇ ਖੇਡ ਸਹੂਲਤਾਂ ਨੂੰ ਨਵੇਂ ਪੱਧਰ 'ਤੇ ਵਿਕਸਿਤ ਕੀਤਾ ਗਿਆ ਹੈ। ਉਨ੍ਹਾਂ ਦੇ ਅਨੁਸਾਰ, ਸੋਸਾਇਟੀ ਵਿੱਚ ਸਕਾਰਾਤਮਕ ਮਾਹੌਲ ਅਤੇ ਏਕਤਾ ਸਪਸ਼ਟ ਦਿਖਾਈ ਦਿੰਦੀ ਹੈ। ਕਾਰਜਕਾਰੀ ਮੈਂਬਰ ਸ੍ਰੀਮਤੀ ਬਲਬੀਰ ਨੇ ਦੱਸਿਆ ਕਿ ਸੁਰੱਖਿਆ ਅਤੇ ਸਫ਼ਾਈ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਹੈ। ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਪ੍ਰਬੰਧ ਹੋਰ ਮਜ਼ਬੂਤ ਬਣਿਆ ਹੈ ਅਤੇ ਰਹਿਣ ਵਾਲੇ ਆਪਣੇ ਆਪ ਨੂੰ ਨਿਸ਼ਚਿੰਤ ਅਤੇ ਸੰਤੁਸ਼ਟ ਮਹਿਸੂਸ ਕਰ ਰਹੇ ਹਨ। ਜਿਨ੍ਹਾਂ ਫਲੈਟਾਂ ਦੀ ਕੀਮਤ ਪਹਿਲਾਂ ਘੱਟ ਸੀ, ਅੱਜ ਉਹਨਾਂ ਦੀ ਮੰਗ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ ਅਤੇ ਕਿਰਾਏ ਲਈ ਵੀ ਆਸਾਨੀ ਨਾਲ ਉਪਲਬਧ ਨਹੀਂ।

# ਸਨਮਤੀ ਵਿਮਲ ਜੈਨ ਸਕੂਲ ਵਿਖੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਸ਼ਾਨਦਾਰ 'ਰੁਖ਼ਸਤ' ਸਮਾਰੋਹ




ਜਗਰਾਉਂ, 14 ਫਰਵਰੀ ਦਵਿੰਦਰ ਜੈਨ। ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਦੀ ਅਗਵਾਈ ਅਤੇ ਸਕੂਲ ਮੈਨੇਜਮੈਂਟ ਦੇ ਸਹਿਯੋਗ ਨਾਲ ਗਿਆਰਵੀ ਕਲਾਸ ਦੇ ਵਿਦਿਆਰਥੀਆਂ ਵਲੋਂ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਦੇਣ ਲਈ ਸ਼ਾਨਦਾਰ @ਰੁਖ਼ਸਤ@ ਸਮਾਰੋਹ ਦਾ ਆਯੋਜਨ ਕੀਤਾ। ਇਸ ਮੌਕੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਦੇ ਬਿਤਾਏ ਪਲਾਂ ਨੂੰ ਖੂਬਸੂਰਤ ਅਤੇ ਯਾਦਗਾਰ ਬਣਾਉਣ ਲਈ ਇਹ ਸਮਾਰੋਹ ਨੂੰ ਬਹੁਤ ਹੀ ਉਤਸ਼ਾਹ ਤੇ ਧੂਮਧਾਮ ਨਾਲ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਜੋਤੀ ਪ੍ਰਜਲਤ ਕਰਕੇ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵਲੋਂ ਬਹੁਤ ਹੀ ਖੂਬਸੂਰਤ ਤੇ ਸੁਚੱਜੇ ਢੰਗ ਨਾਲ ਪ੍ਰਿੰਸੀਪਲ ਮੈਡਮ ਅਤੇ ਸਕੂਲ ਮੈਨੇਜਮੈਂਟ ਦਾ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਨੇ ਗੀਤ, ਗਿੱਧਾ, ਭੰਗੜਾ, ਵਨੀ ਗੇਮਸ ਅਤੇ ਹੋਰ ਰੰਗਾਰੰਗ ਪ੍ਰੋਗਰਾਮ ਬਹੁਤ ਹੀ ਖੂਬਸੂਰਤ ਢੰਗ ਨਾਲ ਪੇਸ਼ ਕੀਤੇ। ਇਸ ਪ੍ਰੋਗਰਾਮ ਵਿਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵਿਚ ਸੱਭਿਆਚਾਰਕ ਅੰਦਾਜ਼ ਵਿਚ ਫੈਂਸੀ ਡਰੈੱਸ ਤੇ ਮਾਡਲਿੰਗ ਮੁਕਾਬਲੇ ਵੀ ਕਰਵਾਏ ਗਏ। ਜਿਸ ਵਿਚੋਂ ਸੱਭਿਆਚਾਰ ਕਦਰਾ ਕੀਮਤਾ ਦੀ ਤਸਵੀਰ ਝਲਕਦੀ ਸਾਫ਼ ਦਿਖਾਈ ਦੇ ਰਹੀ ਸੀ, ਇਸ ਫੈਸ਼ਨ ਸ਼ੋਅ ਦੇ ਵਿਚ ਵਿਦਿਆਰਥੀਆਂ ਤੋਂ ਜੱਜਾਂ ਦੁਆਰਾ ਪੁੱਛੇ ਗਏ ਸਵਾਲਾਂ ਦੇ ਅਧਾਰ @ਤੇ ਮਿਸ ਫੇਅਰਵੈੱਲ ਹਰਸਿਮਰਨ ਕੌਰ, ਮਿਸਟਰ ਫੇਅਰਵੈੱਲ ਨਵਦੀਪ ਗੋਇਲ ਚੁਣੇ ਗਏ। ਵਿਦਾਇਗੀ ਸਮਾਰੋਹ ਵਿਚ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਵਿਦਿਆਰਥੀਆਂ ਨਾਲ ਆਪਣੇ ਸਕੂਲ ਦੇ ਯਾਦਗਾਰ ਪਲ ਸਾਂਝੇ ਕੀਤੇ। ਸਟੇਜ਼ ਦੀ ਭੂਮਿਕਾ ਮੈਡਮ ਮਲਕੀਤ ਕੌਰ ਅਤੇ ਅੰਕਿਤਾ ਗੁਪਤਾ ਨੇ ਬਾਖੂਬੀ ਨਿਭਾਈ। ਇਸ ਉਪਰੰਤ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਸਕੂਲ ਪ੍ਰਿੰਸੀਪਲ ਅਤੇ ਸਕੂਲ ਮੈਨੇਜਮੈਂਟ ਦਾ ਖੂਬਸੂਰਤ ਪਾਰਟੀ ਦਾ ਆਯੋਜਨ ਕਰਨ @ਤੇ ਧੰਨਵਾਦ ਕੀਤਾ। ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਤੇ ਲਗਨ ਨਾਲ ਜ਼ਿੰਦਗੀ @ਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਤਾਂ ਜੋ ਉਹ ਆਪਣੇ ਮਾਤਾ-ਪਿਤਾ ਦੇ ਸਕੂਲ ਦਾ ਨਾਂਅ ਚਮਕਾਉਣ। ਇਸ ਮੌਕੇ ਲੈਕਚਰਾਰ ਸਨੀ ਪਾਸੀ, ਸਰਬਜੀਤ ਸਿੰਘ, ਵਿਨੋਦ ਕੁਮਾਰ, ਮਨੀਸ਼ ਕੁਮਾਰ, ਮਨੋਜ ਚੱਢਾ, ਬੇਅੰਤ ਸਿੰਘ, ਕੁਲਦੀਪ ਕੌਰ, ਰਿਪਲ ਰਾਣੀ, ਹਰਮੀਤ ਕੌਰ, ਗੁਰਪ੍ਰੀਤ ਕੌਰ, ਨਵਜੀਤ ਸ਼ਰਮਾ, ਅਨੀਤਾ ਸ਼ਰਮਾ, ਨਰਿੰਦਰ ਕੌਰ, ਅੰਜੂ ਕੌਸ਼ਲ, ਕੁਲਵਿੰਦਰ ਕੌਰ, ਨਵਜੋਤ ਕੌਰ, ਨੇਹਾ ਸਹੋਤਾ ਆਦਿ ਹਾਜ਼ਰ ਸਨ।

ਸਨਮਤੀ ਵਿਮਲ ਜੈਨ ਸਕੂਲ ਜਗਰਾਉਂ ਵਿਖੇ ਵਿਦਾਇਗੀ ਸਮਾਰੋਹ ਦੌਰਾਨ ਮਿਸ ਫੇਅਰਵੈੱਲ ਚੁਣੀ ਹਰਸਿਮਰਨ ਕੌਰ, ਮਿਸਟਰ ਫੇਅਰਵੈੱਲ ਨਵਦੀਪ ਗੋਇਲ ਨੂੰ ਸਨਮਾਨਿਤ ਕਰਨ ਸਮੇਂ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਤੇ ਸਟਾਫ਼।

# ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵਲੋਂ ਪਿੰਡ ਸ਼ਾਮਪੁਰਾ, ਗੋਲਾ ਢੋਲਾ ਅਤੇ ਠੇਠਰਕੇ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ



ਡੇਰਾ ਬਾਬਾ ਨਾਨਕ/ਗੁਰਦਾਸਪੁਰ, 14 ਫਰਵਰੀ (ਹੈਪੀ ਕੋਟਲੀ ) ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵਲੋਂ ਹਲਕੇ ਅੰਦਰ ਨਿਰੰਤਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਉਨ੍ਹਾਂ ਵਲੋਂ ਬੀ.ਡੀ.ਪੀ.ਓ ਬਲਾਕ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਸ਼ਾਮਪੁਰਾ, ਗੋਲਾ ਢੋਲਾ ਅਤੇ ਠੇਠਰਕੇ ਵਿਖੇ ਕਰਵਾਏ ਗਏ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਇਸ ਮੌਕੇ ਉਨ੍ਹਾਂ ਵਲੋਂ ਪਿੰਡ ਵਾਸੀਆਂ ਨਾਲ ਮਿਲ ਬੈਠ ਕੇ ਹੋਰ ਵਿਕਾਸ ਕੰਮਾਂ ਬਾਰੇ ਵੀ ਚਰਚਾ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਹਰ ਪਿੰਡ ਤੱਕ ਵਿਕਾਸ ਦੇ ਕੰਮ ਤੇਜ਼ੀ ਨਾਲ ਪਹੁੰਚਣ ਅਤੇ ਲੋਕਾਂ ਨੂੰ ਸੁਵਿਧਾਵਾਂ ਮਿਲਣ।

ਉਨ੍ਹਾਂ ਸਾਰੇ ਸਹਿਯੋਗੀ ਸਾਥੀਆਂ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਲੋਕ ਹਿੱਤ ਵਿੱਚ ਵੱਡੇ ਉਪਰਾਲੇ ਕੀਤੇ ਗਏ ਹਨ ਅਤੇ ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਤਹਿਤ ਬਿਮਾਰੀ ਦਾ ਇਲਾਜ ਕਰਵਾਉਣ ਲਈ 10 ਲੱਖ ਰੁਪਏ ਤੱਕ ਦੀ ਕੈਸ਼ਲੈੱਸ ਸਹੂਲਤ ਮੁਹੱਈਆ ਕਰਵਾਈ ਗਈ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਤਿਹਾਸਕ ਅਤੇ ਧਾਰਮਿਕ ਹਲਕੇ ਡੇਰਾ ਬਾਬਾ ਨਾਨਕ ਵਿਖੇ ਸਰਬਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਉਪਰੋਕਤ ਪਿੰਡਾਂ ਵਿੱਚ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸੜਕਾਂ ਦਾ ਨਿਰਮਾਣ ਕਰਵਾਇਆ ਗਿਆ ਹੈ। ਪਿੰਡਾਂ ਦੇ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ। ਪਿੰਡਾਂ ਵਿੱਚ ਸ਼ਾਨਦਾਰ ਪਾਰਕਾਂ ਦੀ ਉਸਾਰੀ ਕੀਤੀ ਗਈ ਹੈ। ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ। ਇਸ ਮੌਕੇ ਬੀ.ਡੀ.ਪੀ.ਓ ਸ੍ਰੀਮਤੀ ਅਮਨਦੀਪ ਕੌਰ ਅਤੇ ਵੱਖ ਵੱਖ-ਵੱਖ ਪਿੰਡਾਂ ਦੇ ਪੰਚ ਸਰਪੰਚ ਸਾਹਿਬਾਨ ਹਾਜ਼ਰ ਸਨ।

# ਸੀ.ਜੀ.ਸੀ ਯੂਨੀਵਰਸਿਟੀ ਮੋਹਾਲੀ ਵਿਖੇ 'ਰਾਇਜ਼ਿੰਗ ਪੰਜਾਬ ਸਮਿੱਟ ਦਾ ਆਯੋਜਨ

ਲੁਧਿਆਣਾ, 14 ਫਰਵਰੀ (ਕਰਨੈਲ ਸਿੰਘ ਐੱਮ.ਏ.) ਪੰਜਾਬ ਦੇ ਵਿਕਾਸ ਨੂੰ ਰਫ਼ਤਾਰ ਦੇਣ ਅਤੇ ਵੱਖ-ਵੱਖ ਖੇਤਰਾਂ ਵਿੱਚ ਸਾਂਝੀ ਵਿਚਾਰ-ਵਟਾਂਦਰੇ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਡੀ.ਆਈ.ਬੀ ਸੰਸਥਾ ਵੱਲੋਂ ਸੀ.ਜੀ.ਸੀ. ਯੂਨੀਵਰਸਿਟੀ, ਮੋਹਾਲੀ ਵਿੱਚ 'ਰਾਇਜ਼ਿੰਗ ਪੰਜਾਬ ਸਮਿੱਟ' ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਸਿੱਖਿਆ, ਖੇਤੀਬਾੜੀ, ਖੇਡਾਂ, ਰਾਜਨੀਤੀ, ਧਰਮ ਅਤੇ ਸਿਹਤ ਸਮੇਤ ਕਈ ਖੇਤਰਾਂ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਲਗਾਈ ਅਤੇ ਪੰਜਾਬ ਦੇ ਭਵਿੱਖ ਲਈ ਠੋਸ ਕਦਮਾਂ 'ਤੇ ਵਿਚਾਰ ਸਾਂਝੇ ਕੀਤੇ। ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਸ੍ਰ: ਗੁਰਮੀਤ ਸਿੰਘ ਖੁੱਡੀਆਂ ਨੇ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਕਿਹਾ ਕਿ ਪਿੰਡਾਂ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨਾ, ਪਸ਼ੂ ਪਾਲਣ ਅਤੇ ਸਹਾਇਕ ਧੰਦੇ ਪੰਜਾਬ ਦੀ ਤਰੱਕੀ ਲਈ ਅਹਿਮ ਸਾਬਤ ਹੋ ਸਕਦੇ ਹਨ। ਇਸ ਮੌਕੇ ਸਾਬਕਾ ਸੰਸਦ ਮੈਂਬਰ ਅਤੇ ਪ੍ਰਸਿੱਧ ਗਾਇਕ ਹੰਸ ਰਾਜ ਹੰਸ ਨੇ ਵੀ ਆਪਣੇ ਵਿਚਾਰ ਰੱਖੇ ਅਤੇ ਕਿਹਾ ਕਿ ਸੱਭਿਆਚਾਰ, ਕਲਾ ਅਤੇ ਸੰਗੀਤ ਸਮਾਜ ਨੂੰ ਜਾਗਰੂਕ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਹੋਰ ਪ੍ਰਮੁੱਖ ਮਹਿਮਾਨਾਂ ਵਿੱਚ ਭਾਈ ਹਰਪਾਲ ਸਿੰਘ ਜੀ, ਮੁੱਖ ਗ੍ਰੰਥੀ ਸ੍ਰੀ ਫਤਿਹਗੜ੍ਹ ਸਾਹਿਬ; ਗਿਆਨੀ ਹਰਪ੍ਰੀਤ ਸਿੰਘ; ਕਰਤਾਰ ਸਿੰਘ ਪਹਿਲਵਾਨ, ਗੁਰਪ੍ਰੀਤ ਘੁੱਗੀ, ਡਾ: ਰਮਨਦੀਪ ਕੌਰ, ਰਣਦੀਪ ਸਿੰਘ (ਮਾਨਸਿਕ ਸਿਹਤ ਮਾਹਰ), ਗਿੱਲ ਰੌਂਤਾ ਅਤੇ ਜਰਨੈਲ ਸਿੰਘ (ਪੰਜਾਬੀ ਅਦਾਕਾਰ) ਸ਼ਾਮਲ ਸਨ। ਸਾਰੇ ਮਹਿਮਾਨਾਂ ਨੇ ਇਕੱਠੇ ਹੋ ਕੇ ਜ਼ਿੰਮੇਵਾਰੀ ਨਿਭਾਉਣ, ਨਵੀਂ ਸੋਚ ਲਿਆਉਣ ਅਤੇ ਸਮਾਜਕ ਸਾਂਝ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਇਹ ਸਮਾਗਮ ਡਾ: ਮਨਜਿੰਦਰ ਸਿੰਘ, ਸ੍ਰ: ਫਤਿਹ ਅਮਨਦੀਪ ਸਿੰਘ, ਨਵਨੀਤ ਸਿੰਘ, ਸ੍ਰ: ਜਗਤਾਰ ਸਿੰਘ ਭੁੱਲਰ ਹੁਰਾਂ ਦੀ ਅਗਵਾਈ ਵਿੱਚ ਦੁਬਈ ਇੰਟਰਨੈਸ਼ਨਲ ਬਿਜ਼ਨਸ, ਦੁਆਰਾ ਆਯੋਜਿਤ ਕੀਤਾ ਗਿਆ। ਇਸ ਮੰਚ ਰਾਹੀਂ ਨੀਤੀ ਨਿਰਧਾਰਕਾਂ, ਵਿਦਵਾਨਾਂ ਅਤੇ ਵੱਖ-ਵੱਖ ਖੇਤਰਾਂ ਦੇ ਨੁਮਾਇੰਦਿਆਂ ਨੂੰ ਇਕੱਠਾ ਕਰਕੇ ਪੰਜਾਬ ਦੇ ਭਵਿੱਖ ਲਈ ਕਾਰਗਰ ਸੁਝਾਅ ਪੇਸ਼ ਕੀਤੇ ਗਏ। ਇਸ ਮੌਕੇ ਸੀ.ਜੀ.ਸੀ. ਯੂਨੀਵਰਸਿਟੀ, ਮੋਹਾਲੀ ਦੇ ਚਾਂਸਲਰ ਅਤੇ ਫਾਦਰ ਆਫ ਐਜੂਕੇਸ਼ਨ ਸ੍ਰ: ਰਸ਼ਪਾਲ ਸਿੰਘ ਧਾਲੀਵਾਲ ਜੀ ਨੇ ਕਿਹਾ ਕਿ ਸਿੱਖਿਆ ਹੀ ਤਰੱਕੀਸ਼ੀਲ ਸਮਾਜ ਦੀ ਬੁਨਿਆਦ ਹੁੰਦੀ ਹੈ ਅਤੇ ਜਦੋਂ ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਦੇ ਨੇਤਾਵਾਂ ਨਾਲ ਮਿਲਣ ਦਾ ਮੌਕਾ ਮਿਲਦਾ ਹੈ ਤਾਂ ਉਹਨਾਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਹੋਰ ਮਜ਼ਬੂਤ ਹੁੰਦੀ ਹੈ।ਸੀ.ਜੀ.ਸੀ. ਯੂਨੀਵਰਸਿਟੀ, ਮੋਹਾਲੀ ਦੇ ਮੈਨੇਜਿੰਗ ਡਾਇਰੈਕਟਰ ਅਰਸ਼ ਧਾਲੀਵਾਲ ਜੀ ਨੇ ਕਿਹਾ ਕਿ ਪੰਜਾਬ ਕੋਲ ਕਾਬਲੀਅਤ ਅਤੇ ਸੰਸਾਧਨਾਂ ਦੀ ਕੋਈ ਘਾਟ ਨਹੀਂ, ਲੋੜ ਸਿਰਫ਼ ਸਹੀ ਦਿਸ਼ਾ ਅਤੇ ਸਾਂਝੇ ਉੱਦਮ ਦੀ ਹੈ। ਅਜਿਹੇ ਸਮਾਗਮ ਨੌਜਵਾਨਾਂ ਲਈ ਨਵੇਂ ਮੌਕੇ ਤਿਆਰ ਕਰਦੇ ਹਨ।

# ਸਿਵਿਲ ਹਸਪਤਾਲ ਫਾਜ਼ਿਲਕਾ 'ਚ ਮਾਹਿਰ ਅੱਖਾਂ ਦੇ ਡਾਕਟਰ ਡਾ. ਕਵਲਜੀਤ ਅਬਰੋਲ ਨੇ ਸੰਭਾਲੀਆਂ ਸੇਵਾਵਾਂ, ਜ਼ਿਲ੍ਹਾ ਵਾਸੀਆਂ ਨੂੰ ਵੱਡੀ ਰਾਹਤ



ਫਾਜ਼ਿਲਕਾ, 14 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸਿਵਿਲ ਹਸਪਤਾਲ ਫਾਜ਼ਿਲਕਾ ਵਿਖੇ ਅੱਖਾਂ ਦੇ ਮਰੀਜ਼ਾਂ ਲਈ ਇਕ ਵੱਡੀ ਸੁਵਿਧਾ ਦੇ ਤੌਰ 'ਤੇ ਐਂਪੈਨਲ ਕੀਤੇ ਗਏ ਮਾਹਿਰ ਅੱਖਾਂ ਦੇ ਡਾਕਟਰ ਡਾ. ਕੱਵਲਜੀਤ ਅਬਰੋਲ ਵੱਲੋਂ ਆਪਣੀਆਂ ਸੇਵਾਵਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਮੌਕੇ ਸਿਵਿਲ ਸਰਜਨ ਫਾਜ਼ਿਲਕਾ ਡਾ. ਕਵਿਤਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਵਾਸੀਆਂ ਨੂੰ ਹੁਣ ਅੱਖਾਂ ਨਾਲ ਸੰਬੰਧਿਤ ਬਿਮਾਰੀਆਂ ਦੀ ਜਾਂਚ ਅਤੇ ਇਲਾਜ ਲਈ ਬਾਹਰ ਜਾਣ ਦੀ ਲੋੜ ਨਹੀਂ ਪਵੇਗੀ।

ਉਨ੍ਹਾਂ ਕਿਹਾ ਕਿ ਸਿਵਿਲ ਹਸਪਤਾਲ ਫਾਜ਼ਿਲਕਾ ਵਿੱਚ ਪਹਿਲਾਂ ਹੀ ਵੱਖ-ਵੱਖ ਵਿਸ਼ਿਆਂ ਦੇ ਮਾਹਿਰ ਡਾਕਟਰਾਂ ਵੱਲੋਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਹੁਣ ਅੱਖਾਂ ਦੇ ਮਾਹਿਰ ਡਾਕਟਰ ਦੇ ਜੁੜਨ ਨਾਲ ਸਿਹਤ ਸੇਵਾਵਾਂ ਹੋਰ ਮਜ਼ਬੂਤ ਹੋਣਗੀਆਂ। ਡਾ. ਅਬਰੋਲ ਵੱਲੋਂ ਅੱਖਾਂ ਦੀ ਜਾਂਚ, ਨਜ਼ਰ ਦੀ ਕਮਜ਼ੋਰੀ, ਮੋਤੀਆਬਿੰਦ, ਕਾਲਾ ਮੋਤੀਆ, ਅੱਖਾਂ ਦੀ ਇਨਫੈਕਸ਼ਨ ਅਤੇ ਹੋਰ ਸਮੱਸਿਆਵਾਂ ਦਾ ਇਲਾਜ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜ਼ਰੂਰਤ ਪੈਣ 'ਤੇ ਮਰੀਜ਼ਾਂ ਨੂੰ ਉੱਚ ਸਥਾਨਾਂ 'ਤੇ ਰੈਫਰ ਵੀ ਕੀਤਾ ਜਾਵੇਗਾ।

ਸੀਨੀਅਰ ਮੈਡੀਕਲ ਅਫਸਰ ਡਾਕਟਰ ਏਰਿਕ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉੱਚ ਦਰਜੇ ਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਕੜੀ ਵਿੱਚ ਹਸਪਤਾਲਾਂ ਵਿੱਚ ਮਾਹਿਰ ਡਾਕਟਰਾਂ ਦੀ ਉਪਲਬਧਤਾ ਯਕੀਨੀ ਬਣਾਈ ਜਾ ਰਹੀ ਹੈ ਤਾਂ ਜੋ ਮਰੀਜ਼ਾਂ ਨੂੰ ਇੱਕ ਛੱਤ ਹੇਠ ਸਾਰੀਆਂ ਸਹੂਲਤਾਂ ਪ੍ਰਾਪਤ ਹੋ ਸਕਣ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਅੱਖਾਂ ਨਾਲ ਸੰਬੰਧਿਤ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੋਣ 'ਤੇ ਸਰਕਾਰੀ ਹਸਪਤਾਲ ਵਿੱਚ ਆ ਕੇ ਮੁਫ਼ਤ ਜਾਂਚ ਅਤੇ ਇਲਾਜ ਦੀ ਸਹੂਲਤ ਦਾ ਲਾਭ ਲੈਣ।

ਡਾ. ਅਬਰੋਲ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਹ ਪੂਰੀ ਨਿਸ਼ਠਾ ਅਤੇ ਸਮਰਪਣ ਨਾਲ ਮਰੀਜ਼ਾਂ ਦੀ ਸੇਵਾ ਕਰਨਗੇ ਅਤੇ ਹਰ ਮਰੀਜ਼ ਨੂੰ ਬਿਹਤਰ ਇਲਾਜ ਮੁਹੱਈਆ ਕਰਵਾਉਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਅੱਖਾਂ ਦੀ ਸਿਹਤ ਲਈ ਸਮੇਂ-ਸਮੇਂ 'ਤੇ ਜਾਂਚ ਕਰਵਾਉਣਾ ਬਹੁਤ ਜ਼ਰੂਰੀ ਹੈ, ਖ਼ਾਸ ਕਰਕੇ ਬਜ਼ੁਰਗਾਂ ਅਤੇ ਸ਼ੂਗਰ ਦੇ ਮਰੀਜ਼ਾਂ ਲਈ।

ਇਸ ਮੌਕੇ ਹਸਪਤਾਲ ਪ੍ਰਬੰਧਨ ਵੱਲੋਂ ਵੀ ਇਹ ਭਰੋਸਾ ਦਿਵਾਇਆ ਗਿਆ ਕਿ ਮਰੀਜ਼ਾਂ ਦੀ ਸੁਵਿਧਾ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

# ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਮੈਂਬਰ ਧਰਮਿੰਦਰ ਸ਼ੇਰੂ ਅਤੇ ਚੇਅਰਮੈਨ ਸਿਮਰਜੀਤ ਸਿੰਘ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ

ਗੁਰਦਾਸਪੁਰ 14 ਫਰਵਰੀ(ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ ) ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਮੈਂਬਰ ਪੰਜਾਬ ਅਤੇ ਮਾਝਾ ਜੋਨ ਇੰਚਾਰਜ ਸ਼੍ਰੀ ਧਰਮਿੰਦਰ ਸ਼ੇਰੂ ਅਤੇ ਜ਼ਿਲ੍ਹਾ ਗੁਰਦਾਸਪੁਰ ਵਪਾਰੀ ਕਮਿਸ਼ਨ ਦੇ ਚੇਅਰਮੈਨ ਸਿਮਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਮੀਟਿੰਗ ਹੋਈ। ਮੀਟਿੰਗ ਵਿੱਚ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਅਤੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਵਪਾਰੀ ਕਮਿਸ਼ਨ ਦੇ ਚੇਅਰਮੈਨ ਮੌਜੂਦ ਸਨ।

ਮੀਟਿੰਗ ਦੌਰਾਨ ਮੈਂਬਰ ਪੰਜਾਬ ਧਰਮਿੰਦਰ ਸ਼ੇਰੂ ਅਤੇ ਚੇਅਰਮੈਨ ਸਿਮਰਜੀਤ ਸਿੰਘ ਨੇ ਦੱਸਿਆ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਰਾਜ ਵਪਾਰੀ ਕਮਿਸ਼ਨ ਸਥਾਪਿਤ ਕੀਤਾ ਗਿਆ ਹੈ. ਜਿਸ ਦਾ ਮੁੱਖ ਮੰਤਵ ਵਪਾਰੀਆਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨਾ ਅਤੇ ਉਨਾ ਦੇ ਕਾਰੋਬਾਰ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਮੁਸ਼ਕਿਲਾਂ ਦਾ ਸਮੇ ਸਿਰ ਨਿਪਟਾਰਾ ਕਰਨਾ ਹੈ।

ਉਨਾਂ ਦੱਸਿਆ ਕਿ ਵਪਾਰੀਆਂ ਦੀ ਮੁਸ਼ਕਿਲਾਂ ਸੁਣਕੇ ਸਬੰਧਿਤ ਵਿਭਾਗਾਂ ਰਾਹੀ ਹੱਲ ਕਰਵਾਉਣ ਦੇ ਮੰਤਵ ਨਾਲ ਗੁਰਦਾਸਪੁਰ ਦੇ ਬਾਟਾ ਚੌਂਕ ਵਿਖਏ 18 ਫਰਵਰੀ ਨੂੰ ਵਪਾਰੀਆਂ /ਦੁਕਾਨਦਾਰਾਂ ਆਦਿ ਨਾਲ ਮੀਟਿੰਗ ਕੀਤੀ ਜਾਵੇਗੀ, ਜਿਸ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਪਹੁੰਚਣਗੇ।




ਇਸ ਮੌਕੇ ਐਕਸਾਈਜ਼ ਅਤੇ ਟੈਕਸਟੇਸ਼ਨ ਵਿਭਾਗ ਤੋਂ ਮੈਡਮ ਸੁਪਨੰਦਨ ਦੀਪ ਉੱਪਲ, ਏ.ਸੀ.ਐਸ.ਟੀ.( ਜੀ.ਐਸ.ਟੀ.) ਗੁਰਦਾਸਪੁਰ, ਜੁਗਰਾਜ ਸਿੰਘ ਐਸ.ਪੀ.(ਐੱਚ) ਗੁਰਦਾਸਪੁਰ, ਜੀ.ਐਸ.ਟੀ. ਇੰਸਪੈਕਟਰ ਨੀਰੂ ਮਹਾਜਨ, ਵਿਪਨ ਸੋਨੀ ਚੇਅਰਮੈਨ ਹਲਕਾ ਡੇਰਾ ਬਾਬਾ ਨਾਨਕ, ਚਰਨਜੀਤ ਸਿੰਘ ਪੁਰੇਵਾਲ ਚੇਅਰਮੈਨ ਹਲਕਾ ਬਟਾਲਾ, ਚੇਅਰਮੈਨ ਰਾਜੀਵ ਸ਼ਰਮਾ ਹਲਕਾ ਦੀਨਾਨਗਰ, ਚੇਅਰਮੈਨ ਰਜਿੰਦਰ ਨੰਦਾ ਹਲਕਾ ਗੁਰਦਾਸਪੁਰ, ਵਿਸ਼ਾਲ ਸਿੰਘ ਚੇਅਰਮੈਨ ਹਲਕਾ ਪਠਾਨਕੋਟ, ਰੁਪਿੰਦਰ ਸਿੰਘ ਰੋਮੀ ਚੇਅਰਮੈਨ ਸ਼੍ਰੀ ਹਰਗੋਬਿੰਦਪੁਰ ਸਾਹਿਬ, ਚੇਅਰਮੈਨ ਅਸ਼ਵਨੀ ਦੁੱਗਲ ਹਲਕਾ ਕਾਦੀਆਂ, ਚੇਅਰਮੈਨ ਗੁਰਪ੍ਰੀਤ ਸਿੰਘ ਹਲਕਾ ਫਤਹਿਗੜ੍ਹ ਚੂੜੀਆਂ, ਤੇਜਿੰਦਰਪਾਲ ਸਿੰਘ ਡੀ.ਐੱਸ.ਪੀ ਬਟਾਲਾ, ਜੀ.ਐੱਮ.ਡੀ.ਆਈ.ਸੀ. ਬਟਾਲਾ ਤੋ ਕਰਨਬੀਰ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮਹਾਂ ਸ਼ਿਵਰਾਤਰੀ 'ਤੇ ਰੋਜ਼ਾਨਾ ਚੜ੍ਹਦੀਕਲਾ ਤੋਂ ਜਗਰਾਓਂ ਤੋਂ ਅੰਕੁਸ਼ ਸਹਿਜਪਾਲ ਦਾ ਵਿਸ਼ੇਸ਼ ਸਪਲੀਮੈਂਟ

























































## ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਨੇ ਚੰਡੀਗੜ੍ਹ ਵਿੱਚ 29ਵੇਂ ਦਿਵਿਆਂਗ ਕਲਾ ਮੇਲੇ ਦਾ ਉਦਘਾਟਨ

ਚੰਡੀਗੜ੍ਹ, 14 ਫਰਵਰੀ (ਚ.ਨ.ਸ.) : ਅੱਜ, ਮਾਨਯੋਗ ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਡਾ. ਵੀਰੇਂਦਰ ਕੁਮਾਰ ਨੇ ਸੈਕਟਰ 34 ਗਰਾਊਂਡ, ਚੰਡੀਗੜ੍ਹ ਵਿਖੇ 29ਵੇਂ ਦਿਵਿਆਂਗ ਕਲਾ ਮੇਲੇ ਦਾ ਰਸਮੀ ਉਦਘਾਟਨ ਕੀਤਾ। ਮੇਲੇ ਨੂੰ ਇੱਕ ਪਰਿਵਰਤਨਸ਼ੀਲ ਪਹਿਲ ਦੱਸਦਿਆਂ, ਉਨ੍ਹਾਂ ਕਿਹਾ ਕਿ ਇਹ ਦੇਸ਼ ਭਰ ਦੇ ਅਪਾਹਜ ਵਿਅਕਤੀਆਂ ਲਈ ਉਮੀਦ ਦੀ ਕਿਰਨ ਬਣ ਗਿਆ ਹੈ ਅਤੇ ਸਮਾਵੇਸ਼ੀ ਵਿਕਾਸ ਅਤੇ ਬਰਾਬਰ ਮੌਕੇ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।



2014 ਤੋਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਹੁੰਚ ਵਿੱਚ ਮਹੱਤਵਪੂਰਨ ਤਬਦੀਲੀ ਦਾ ਹਵਾਲਾ ਦਿੰਦੇ ਹੋਏ, ਮੰਤਰੀ ਨੇ ਕਿਹਾ ਕਿ ਸਤਿਕਾਰਯੋਗ ਸ਼ਬਦ ÷ਦਿਵਿਆਂਗ÷ ਦੀ ਵਰਤੋਂ ਮਾਣ ਅਤੇ ਸਸ਼ਕਤੀਕਰਨ ਦੇ ਇੱਕ ਵਿਸ਼ਾਲ ਦ੍ਰਿਸ਼ਟੀਕੋਣ ਦਾ ਪ੍ਰਤੀਕ ਹੈ। ਉਨ੍ਹਾਂ ਨੇ ਅਪਾਹਜ ਵਿਅਕਤੀਆਂ ਦੇ ਅਧਿਕਾਰ ਕਾਨੂੰਨ ਅਤੇ ਪਹੁੰਚਯੋਗ ਭਾਰਤ ਮੁਹਿੰਮ ਵਰਗੀਆਂ ਮੁੱਖ ਪਹਿਲਕਦਮੀਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਨੇ ਪਹੁੰਚਯੋਗਤਾ, ਭਾਗੀਦਾਰੀ ਅਤੇ ਆਰਥਿਕ ਸਮਾਵੇਸ਼ ਨੂੰ ਮਜ਼ਬੂਤ ? ?ਕੀਤਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੱਚਾ ਸਤਿਕਾਰ ਸਿਰਫ਼ ਉਦੋਂ ਹੀ ਸਾਰਥਕ ਹੁੰਦਾ ਹੈ ਜਦੋਂ ਇਹ ਰੋਜ਼ੀ-ਰੋਟੀ ਦੇ ਮੌਕਿਆਂ ਅਤੇ ਸਵੈ-ਨਿਰਭਰਤਾ ਵਿੱਚ ਅਨੁਵਾਦ ਕਰਦਾ ਹੈ, ਜਿਸ ਨੂੰ ਦਿਵਿਆ ਕਲਾ ਮੇਲਾ ਅਪਾਹਜ ਕਾਰੀਗਰਾਂ ਅਤੇ ਉੱਦਮੀਆਂ ਨੂੰ ਸਿੱਧੇ ਬਾਜ਼ਾਰ ਨਾਲ ਜੋੜ ਕੇ ਸਾਕਾਰ ਕਰ ਰਿਹਾ ਹੈ।

ਸ਼੍ਰੀ ਸਤਨਾਮ ਸਿੰਘ ਸੰਧੂ, ਮਾਨਯੋਗ ਸੰਸਦ ਮੈਂਬਰ (ਰਾਜ ਸਭਾ) ਨੇ ਕਿਹਾ ਕਿ ਅਪਾਹਜ ਵਿਅਕਤੀਆਂ ਦਾ ਸਤਿਕਾਰ ਕਰਨਾ ਭਾਰਤ ਦੀ ਸੱਭਿਆਚਾਰਕ ਪਰੰਪਰਾ ਦਾ ਹਿੱਸਾ ਹੈ, ਪਰ ਰੋਜ਼ੀ-ਰੋਟੀ ਰਾਹੀਂ ਸਸ਼ਕਤੀਕਰਨ ਵੀ ਉਨਾ ਹੀ ਮਹੱਤਵਪੂਰਨ ਹੈ। ਉਨ੍ਹਾਂ ਨੇ ਮੰਤਰਾਲੇ ਦੁਆਰਾ ਆਯੋਜਿਤ ਦਿਵਿਆ ਕਲਾ ਮੇਲੇ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਹ ਪਲੇਟਫਾਰਮ ਅਪਾਹਜ ਨੌਜਵਾਨਾਂ ਨੂੰ ਆਪਣੇ ਖੇਤਰ ਵਿੱਚ ਆਪਣੇ ਉਤਪਾਦਾਂ ਨੂੰ ਪ੍ਰਦਰਸ਼ਿਤ ਕਰਨ ਅਤੇ ਵੇਚਣ ਦਾ ਮੌਕਾ ਪ੍ਰਦਾਨ ਕਰਦਾ ਹੈ।

ਸ਼੍ਰੀ ਸੌਰਭ ਜੋਸ਼ੀ, ਮੇਅਰ, ਚੰਡੀਗੜ੍ਹ ਨੇ ਇਸ ਸਮਾਗਮ ਨੂੰ ਪ੍ਰਤਿਭਾ, ਆਤਮ-ਵਿਸ਼ਵਾਸ ਅਤੇ ਮਨੁੱਖੀ ਸਮਰੱਥਾ ਦਾ ਜਸ਼ਨ ਦੱਸਿਆ। ਉਨ੍ਹਾਂ ਕਿਹਾ ਕਿ ਦਿਵਿਆ ਕਲਾ ਮੇਲਾ, ÷ਦਿਵਿਆ ਕਲਾ ਸ਼ਕਤੀ÷ ਅਤੇ ਰੁਜ਼ਗਾਰ ਮੇਲਾ ਆਯੋਜਿਤ ਕਰਨਾ ਚੰਡੀਗੜ੍ਹ ਦੀ ਸਮਾਵੇਸ਼ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਇਹ ਸੰਦੇਸ਼ ਦਿੰਦਾ ਹੈ ਕਿ ਅਪਾਹਜਤਾ ਕੋਈ ਸੀਮਾ ਨਹੀਂ ਹੈ, ਸਗੋਂ ਇੱਕ ਵਿਲੱਖਣ ਯੋਗਤਾ ਹੈ। 29ਵਾਂ ਦਿਵਿਆ ਕਲਾ ਮੇਲਾ ਸਿਰਫ਼ ਇੱਕ ਬਾਜ਼ਾਰ ਨਹੀਂ ਹੈ, ਸਗੋਂ ਇੱਕ ਸ਼ਕਤੀਸ਼ਾਲੀ ਲਹਿਰ ਹੈ ਜੋ ਇਹ ਸੰਦੇਸ਼ ਦਿੰਦੀ ਹੈ ਕਿ ਅਪਾਹਜ ਵਿਅਕਤੀਆਂ ਦਾ ਆਰਥਿਕ ਸਸ਼ਕਤੀਕਰਨ ਪਰਿਵਾਰਾਂ, ਸਮਾਜ ਅਤੇ ਰਾਸ਼ਟਰ ਨੂੰ ਮਜ਼ਬੂਤ ? ?ਬਣਾਉਂਦਾ ਹੈ, ਅਤੇ ਮਾਣ ਅਤੇ ਸਵੈ-ਨਿਰਭਰਤਾ @ਤੇ ਅਧਾਰਤ ਇੱਕ ਸਮਾਵੇਸ਼ੀ ਭਾਰਤ ਦੇ ਨਿਰਮਾਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

### ਚੰਡੀਗੜ੍ਹ ਪ੍ਰਸ਼ਾਸਨ ਹਰੀ ਆਵਾਜਾਈ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਯਤਨਸ਼ੀਲ

## ਪ੍ਰਧਾਨ ਮੰਤਰੀ ਈ-ਬੱਸ ਸੇਵਾ ਯੋਜਨਾ ਤਹਿਤ ਚੰਡੀਗੜ੍ਹ ਲਈ 25 ਇਲੈਕਟ੍ਰਿਕ ਬੱਸਾਂ ਨੂੰ ਵਰਚੁਅਲੀ ਹਰੀ ਝੰਡੀ ਦਿਖਾਈ

ਚੰਡੀਗੜ੍ਹ, 14 ਫਰਵਰੀ (ਚ.ਨ.ਸ.) : ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਗੁਹਾਟੀ ਤੋਂ ਪ੍ਰਧਾਨ ਮੰਤਰੀ ਈ-ਬੱਸ ਸੇਵਾ ਯੋਜਨਾ ਤਹਿਤ ਚੰਡੀਗੜ੍ਹ ਸ਼ਹਿਰ ਲਈ 25 ਇਲੈਕਟ੍ਰਿਕ ਬੱਸਾਂ ਨੂੰ ਵਰਚੁਅਲੀ ਹਰੀ ਝੰਡੀ ਦਿਖਾਈ। ਇਸ ਮੌਕੇ ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਦੀ ਮੌਜੂਦਗੀ ਸੀ। ਇਸ ਸਮਾਗਮ ਵਿੱਚ ਯੂਟੀ ਚੰਡੀਗੜ੍ਹ ਦੇ ਮੇਅਰ ਸ਼੍ਰੀ ਸੌਰਭ ਜੋਸ਼ੀ; ਯੂਟੀ ਚੰਡੀਗੜ੍ਹ ਦੇ ਮੁੱਖ ਸਕੱਤਰ ਸ਼੍ਰੀ ਐਚ. ਰਾਜੇਸ਼ ਪ੍ਰਸਾਦ; ਗ੍ਰਹਿ ਸਕੱਤਰ ਸ਼੍ਰੀ ਮਨਦੀਪ ਸਿੰਘ ਬਰਾੜ; ਟਰਾਂਸਪੋਰਟ ਸਕੱਤਰ ਸ਼੍ਰੀ ਦੀਪਰਾ ਲਾਕੜਾ; ਅਤੇ ਟਰਾਂਸਪੋਰਟ ਡਾਇਰੈਕਟਰ ਸ਼੍ਰੀ ਪ੍ਰਦੁਮਨ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਭਾਰਤ ਸਰਕਾਰ ਦੇ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਨੇ ਪੀਐਮ ਈ-ਬੱਸ ਸੇਵਾ ਯੋਜਨਾ ਤਹਿਤ ਚੰਡੀਗੜ੍ਹ ਸ਼ਹਿਰ ਲਈ 428 ਬੱਸਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪਹਿਲੇ ਪੜਾਅ ਵਿੱਚ, ਹਾਊਸਿੰਗ ਅਤੇ



ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਅਧੀਨ, ਕਨਵਰਜੈਂਸ ਐਨਰਜੀ ਸਰਵਿਸਿਜ਼ ਲਿਮਟਿਡ ਦੁਆਰਾ 100 ਬੱਸਾਂ ਲਈ ਈ-ਟੈਂਡਰ ਮੰਗੇ ਗਏ ਸਨ। ਇਸ ਅਨੁਸਾਰ, ਚੰਡੀਗੜ੍ਹ ਪ੍ਰਸ਼ਾਸਨ ਨੇ ਸਭ ਤੋਂ ਘੱਟ ਭੁਗਤਾਨ ਕਰਨ ਵਾਲੇ ਆਪਰੇਟਰ ਨਾਲ ?61.80 ਪ੍ਰਤੀ ਕਿਲੋਮੀਟਰ ਦੀ ਦਰ ਨਾਲ ਇੱਕ ਇਕਰਾਰਨਾਮਾ ਕੀਤਾ ਹੈ। ਕਿਰਾਏ @ਤੇ ਲੈਣ ਵਾਲੇ ਮਾਡਲ ਦੇ ਤਹਿਤ, ਬੱਸਾਂ ਦੀ ਖਰੀਦ, ਰੱਖ-ਰਖਾਅ ਅਤੇ ਸੰਚਾਲਨ ਆਪਰੇਟਰ ਦੁਆਰਾ ਕੀਤਾ ਜਾਂਦਾ ਹੈ, ਜਦੋਂ ਕਿ ਵਿਭਾਗ ਕਿਰਾਏ ਦਾ ਮਾਲੀਆ ਇਕੱਠਾ ਕਰਦਾ ਹੈ।

ਚੰਡੀਗੜ੍ਹ ਪ੍ਰਸ਼ਾਸਨ ਹਰੀ ਆਵਾਜਾਈ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਵਰਤਮਾਨ ਵਿੱਚ, ਸ਼ਹਿਰ ਵਿੱਚ 80 ਇਲੈਕਟ੍ਰਿਕ ਬੱਸਾਂ ਚੱਲ ਰਹੀਆਂ ਹਨ, ਅਤੇ ਅੱਜ ਹਰੀ ਝੰਡੀ ਦਿਖਾ ਕੇ ਰਵਾਨਾ ਕੀਤੀਆਂ ਗਈਆਂ 25 ਬੱਸਾਂ ਦੇ ਜੋੜ ਨਾਲ, ਕੁੱਲ 105 ਇਲੈਕਟ੍ਰਿਕ ਬੱਸਾਂ ਚੱਲ ਰਹੀਆਂ ਹਨ। ਬਾਕੀ 75 ਬੱਸਾਂ ਦੀ ਸਪਲਾਈ ਤੋਂ ਬਾਅਦ, ਕੁੱਲ 180 ਇਲੈਕਟ੍ਰਿਕ ਬੱਸਾਂ ਅਪ੍ਰੈਲ/ਮਈ 2026 ਤੱਕ ਚੱਲ ਰਹੀਆਂ ਹੋਣਗੀਆਂ।

ਨਵੀਆਂ ਸ਼ਾਮਲ ਕੀਤੀਆਂ ਗਈਆਂ 12-ਮੀਟਰ ਘੱਟ-ਮੰਜ਼ਿਲ ਏਅਰ-ਕੰਡੀਸ਼ਨਡ ਇਲੈਕਟ੍ਰਿਕ ਬੱਸਾਂ ਇੱਕ ਵਾਰ ਚਾਰਜ ਕਰਨ @ਤੇ 224 ਕਿਲੋਮੀਟਰ ਤੱਕ ਯਾਤਰਾ ਕਰਨ ਦੇ ਸਮਰੱਥ ਹਨ। ਮੁੱਖ ਵਿਸ਼ੇਸ਼ਤਾਵਾਂ ਵਿੱਚ 400 ਮਿਲੀਮੀਟਰ ਨੀਵੀਂ ਮੰਜ਼ਿਲ ਦਾ ਡਿਜ਼ਾਈਨ (ਬਜ਼ੁਰਗ ਨਾਗਰਿਕਾਂ, ਬੱਚਿਆਂ ਅਤੇ ਔਰਤਾਂ ਲਈ ਆਸਾਨੀ ਨਾਲ ਬੋਰਡਿੰਗ ਅਤੇ ਡਿਬੋਰਡਿੰਗ ਦੀ ਸਹੂਲਤ), ਅਪਾਹਜਾਂ ਲਈ ਪਾਵਰ-ਸੰਚਾਲਿਤ ਰੈਂਪ ਅਤੇ ਇਲੈਕਟ੍ਰਾਨਿਕ ਗੋਡੇ ਟੇਕਣ ਵਾਲੇ ਤੰਤਰ, 36 ਯਾਤਰੀਆਂ ਦੇ ਬੈਠਣ ਦੀ ਸਮਰੱਥਾ ਅਤੇ 20 ਯਾਤਰੀਆਂ ਲਈ ਡਰਾਈਵਰ ਅਤੇ ਖੜ੍ਹੇ ਹੋਣ ਦੀ ਯਾਤਰਾ ਸ਼ਾਮਲ ਹੈ, ਜਿਸ ਵਿੱਚ ਵ੍ਹੀਲਚੇਅਰ ਸਪੇਸ, ਅੱਗੇ ਅਤੇ ਪਿੱਛੇ ਏਅਰ ਸਸਪੈਂਸ਼ਨ, ਫਰੰਟ ਡਿਸਕ ਬ੍ਰੇਕ, ਅੱਗੇ/ਸਾਈਡ/ਪਿਛਲੇ ਯਾਤਰੀ ਜਾਣਕਾਰੀ ਡਿਸਪਲੇਅ, ਅਤੇ ਇੱਕ ਆਵਾਜ਼-ਸਮਰਥਿਤ ਅਗਲਾ ਸਟਾਪ ਐਲਾਨ ਪ੍ਰਣਾਲੀ ਸ਼ਾਮਲ ਹੈ।ਇਸ ਤੋਂ ਇਲਾਵਾ, 70 ਹੋਰ ਬੱਸਾਂ ਫਲੀਟ ਵਿੱਚ ਸ਼ਾਮਲ ਕੀਤੀਆਂ ਜਾਣਗੀਆਂ, ਜਿਸ ਨਾਲ ਚੰਡੀਗੜ੍ਹ ਵਿੱਚ ਇਲੈਕਟ੍ਰਿਕ ਬੱਸਾਂ ਦੀ ਕੁੱਲ ਗਿਣਤੀ 508 ਹੋ ਜਾਵੇਗੀ। ਇਸ ਨਾਲ ਕਾਰਬਨ ਨਿਕਾਸ ਵਿੱਚ ਕਾਫ਼ੀ ਕਮੀ ਆਵੇਗੀ, ਸ਼ਹਿਰੀ ਗਤੀਸ਼ੀਲਤਾ ਵਿੱਚ ਸੁਧਾਰ ਹੋਵੇਗਾ ਅਤੇ ਨਾਗਰਿਕਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਵਾਧਾ ਹੋਵੇਗਾ।

## ਸੰਵੇਦਨਸ਼ੀਲਤਾ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ

ਚੰਡੀਗੜ੍ਹ, 14 ਫਰਵਰੀ (ਚ.ਨ.ਸ.) : ਇੰਸਟੀਚਿਊਟ ਫਾਰ ਟ੍ਰਾਂਸਫਾਰਮੇਸ਼ਨ, ਸਟੇਟ ਸਪੋਰਟ ਮਿਸ਼ਨ ਨੇ ਯੋਜਨਾ ਵਿਭਾਗ, ਚੰਡੀਗੜ੍ਹ ਦੇ ਅਧੀਨ, ਸਿਹਤ ਸੇਵਾਵਾਂ ਵਿਭਾਗ ਅਤੇ ਸਮਾਜ ਭਲਾਈ ਵਿਭਾਗ, ਯੂਟੀ ਚੰਡੀਗੜ੍ਹ ਦੇ ਸਹਿਯੋਗ ਨਾਲ, 10-12 ਫਰਵਰੀ, 2026 ਨੂੰ ਆਡੀਟੋਰੀਅਮ ਵਿਖੇ ਅਨੀਮੀਆ-ਮੁਕਤ ਚੰਡੀਗੜ੍ਹ




'ਤੇ ਤਿੰਨ ਦਿਨਾਂ ਸਮਰੱਥਾ ਨਿਰਮਾਣ ਅਤੇ ਸੰਵੇਦਨਸ਼ੀਲਤਾ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਆਂਗਣਵਾੜੀ ਵਰਕਰਾਂ, ਸੁਪਰਵਾਈਜ਼ਰਾਂ, ਏਐਨਐਮਜ਼ ਅਤੇ ਸਿਹਤ ਕਰਮਚਾਰੀਆਂ ਦੇ ਗਿਆਨ ਅਤੇ ਸਮਰੱਥਾਵਾਂ ਨੂੰ ਮਜ਼ਬੂਤ ? ?ਕਰਨਾ ਸੀ ਤਾਂ ਜੋ ਵੱਖ-ਵੱਖ ਉਮਰ ਸਮੂਹਾਂ ਵਿੱਚ ਅਨੀਮੀਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ, ਪਛਾਣਿਆ ਜਾ ਸਕੇ ਅਤੇ ਪ੍ਰਬੰਧਨ ਕੀਤਾ ਜਾ ਸਕੇ। ICDS ਅਤੇ ਸਿਹਤ ਵਿਭਾਗਾਂ ਦੇ 700 ਤੋਂ ਵੱਧ ਫਰੰਟਲਾਈਨ ਵਰਕਰਾਂ ਨੇ ਸਿਖਲਾਈ ਵਿੱਚ ਹਿੱਸਾ ਲਿਆ। ਚੰਡੀਗੜ੍ਹ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗਾਂ ਦੇ ਵਿਸ਼ਾ ਮਾਹਿਰਾਂ ਨੇ ਹੇਠ ਲਿਖੇ ਵਿਸ਼ਿਆਂ @ਤੇ ਤਕਨੀਕੀ ਸੈਸ਼ਨ ਕੀਤੇ। ਸਮਾਪਤੀ ਸੈਸ਼ਨ ਦੀ ਪ੍ਰਧਾਨਗੀ ਸ਼੍ਰੀਮਤੀ ਅਨੁਰਾਧਾ ਚਗਤੀ, ਸਕੱਤਰ, ਸਮਾਜ ਭਲਾਈ ਅਤੇ ਵਿਸ਼ੇਸ਼ ਸਕੱਤਰ, ਵਿੱਤ-ਕਮ-ਨੋਡਲ ਅਫਸਰ ਨੇ ਕੀਤੀ। ਭਾਗੀਦਾਰਾਂ ਨੂੰ ਸੰਬੋਧਨ ਕਰਦੇ ਹੋਏ, ਉਸਨੇ ਅਨੀਮੀਆ ਦੀ ਜਲਦੀ ਪਛਾਣ, ਪ੍ਰਭਾਵਸ਼ਾਲੀ ਸਲਾਹ ਅਤੇ ਸਿਹਤ ਅਤੇ ICDS ਕਰਮਚਾਰੀਆਂ ਵਿਚਕਾਰ ਮਜ਼ਬੂਤ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਸਨੇ ਕਿਹਾ ਕਿ ਚੰਡੀਗੜ੍ਹ ਵਿੱਚ ਮਾਵਾਂ ਅਤੇ ਬੱਚਿਆਂ ਦੇ ਸਿਹਤ ਸੂਚਕਾਂ ਨੂੰ ਬਿਹਤਰ ਬਣਾਉਣ ਲਈ ਅਨੀਮੀਆ ਨੂੰ ਘਟਾਉਣਾ ਬਹੁਤ ਜ਼ਰੂਰੀ ਹੈ, ਅਤੇ ÷ਅਨੀਮੀਆ-ਮੁਕਤ ਚੰਡੀਗੜ੍ਹ÷ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਨਿਰੰਤਰ ਅੰਤਰ-ਵਿਭਾਗੀ ਸਹਿਯੋਗ ਜ਼ਰੂਰੀ ਹੈ। ਵਰਕਸ਼ਾਪ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ, ਜਿਸ ਵਿੱਚ ਵਿਸ਼ਾ ਮਾਹਿਰਾਂ, ਭਾਗ ਲੈਣ ਵਾਲੇ ਫਰੰਟਲਾਈਨ ਵਰਕਰਾਂ ਅਤੇ ਸਹਾਇਕ ਵਿਭਾਗਾਂ ਦੇ ਸਰਗਰਮ ਯੋਗਦਾਨ ਅਤੇ ਵਚਨਬੱਧਤਾ ਦੀ ਸ਼ਲਾਘਾ ਕੀਤੀ ਗਈ।

## ਚੰਡੀਗੜ੍ਹ ਵਿੱਚ ਊਰਜਾ ਸੰਭਾਲ ਬਿਲਡਿੰਗ ਕੋਡ 'ਤੇ ਵਰਕਸ਼ਾਪ ਆਯੋਜਿਤ

ਚੰਡੀਗੜ੍ਹ, 14 ਫਰਵਰੀ (ਅੰਮ੍ਰਿਤਪਾਲ ਸਿੰਘ) : ਊਰਜਾ ਪ੍ਰਬੰਧਨ ਸੈੱਲ/ਰਾਜ ਮਨੋਨੀਤ ਏਜੰਸੀ, ਚੰਡੀਗੜ੍ਹ ਨੇ, ਨਵੀਂ ਦਿੱਲੀ ਦੇ ਊਰਜਾ ਅਤੇ ਸਰੋਤ ਸੰਸਥਾਨ ਦੇ ਸਹਿਯੋਗ ਨਾਲ, 11 ਅਤੇ 12 ਫਰਵਰੀ, 2026 ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੀਕਲ ਟੀਚਰਜ਼ ਟ੍ਰੇਨਿੰਗ ਐਂਡ ਰਿਸਰਚ, ਸੈਕਟਰ 26, ਚੰਡੀਗੜ੍ਹ ਵਿਖੇ ਊਰਜਾ ਸੰਭਾਲ ਅਤੇ ਟਿਕਾਊ ਬਿਲਡਿੰਗ ਕੋਡ 'ਤੇ ਦੋ-ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਵਰਕਸ਼ਾਪ ਦਾ ਉਦੇਸ਼ ਊਰਜਾ ਸੰਭਾਲ ਐਕਟ, 2001 ਦੇ ਉਪਬੰਧਾਂ ਦੇ ਅਨੁਸਾਰ ਊਰਜਾ-ਕੁਸ਼ਲ ਇਮਾਰਤ ਡਿਜ਼ਾਈਨ ਨੂੰ ਉਤਸ਼ਾਹਿਤ ਕਰਨਾ ਅਤੇ ਊਰਜਾ ਸੰਭਾਲ ਬਿਲਡਿੰਗ ਕੋਡ ਦੀਆਂ ਪਾਲਣਾ ਜ਼ਰੂਰਤਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਸੈਸ਼ਨਾਂ ਦੌਰਾਨ, ਵਪਾਰਕ ਅਤੇ ਸੰਸਥਾਗਤ ਇਮਾਰਤਾਂ ਵਿੱਚ ਊਰਜਾ ਕੁਸ਼ਲਤਾ ਦੇ ਮਿਆਰਾਂ, ਟਿਕਾਊ ਇਮਾਰਤ ਸਮੱਗਰੀ ਦੀ ਵਰਤੋਂ ਅਤੇ ਊਰਜਾ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਲਈ ਰਣਨੀਤੀਆਂ @ਤੇ ਵਿਸਤ੍ਰਿਤ ਚਰਚਾ ਕੀਤੀ ਗਈ।

ਮਾਹਿਰਾਂ ਨੇ ਇਮਾਰਤਾਂ ਵਿੱਚ ਊਰਜਾ-ਕੁਸ਼ਲ ਉਪਾਅ ਅਪਣਾਉਣ ਦੀ ਜ਼ਰੂਰਤ @ਤੇ ਜ਼ੋਰ ਦਿੱਤਾ, ਇਹ ਕਹਿੰਦੇ ਹੋਏ ਕਿ ਇਹ ਊਰਜਾ ਦੀ ਖਪਤ ਨੂੰ ਘਟਾਉਂਦਾ ਹੈ, ਸੰਚਾਲਨ ਲਾਗਤਾਂ 'ਤੇ ਬਚਤ ਕਰਦਾ ਹੈ, ਅਤੇ ਵਾਤਾਵਰਣ ਸਥਿਰਤਾ ਨੂੰ ਉਤਸ਼ਾਹਿਤ ਕਰਦਾ ਹੈ। ਇਸ ਤੋਂ ਇਲਾਵਾ, ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਕੋਡ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਵੱਖ-ਵੱਖ ਹਿੱਸੇਦਾਰਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ ਗਿਆ।

ਵਰਕਸ਼ਾਪ ਵਿੱਚ ਸਰਕਾਰੀ ਅਧਿਕਾਰੀਆਂ, ਆਰਕੀਟੈਕਟ, ਇੰਜੀਨੀਅਰ, ਵਿਦਿਆਰਥੀ ਅਤੇ ਇਮਾਰਤ ਅਤੇ ਉਸਾਰੀ ਖੇਤਰ ਦੇ ਪੇਸ਼ੇਵਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਤਕਨੀਕੀ ਪੇਸ਼ਕਾਰੀਆਂ ਅਤੇ ਇੰਟਰਐਕਟਿਵ ਸੈਸ਼ਨਾਂ ਰਾਹੀਂ, ਭਾਗੀਦਾਰਾਂ ਨੂੰ ECSBC ਦੇ ਪ੍ਰਭਾਵਸ਼ਾਲੀ ਲਾਗੂਕਰਨ ਅਤੇ ਸਭ ਤੋਂ ਵਧੀਆ ਅਭਿਆਸਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ।

ਇਹ ਪਹਿਲ ਚੰਡੀਗੜ੍ਹ ਪ੍ਰਸ਼ਾਸਨ ਦੀ ਇਮਾਰਤ ਖੇਤਰ ਵਿੱਚ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਊਰਜਾ ਸੰਭਾਲ ਉਪਾਵਾਂ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਮਾਵੇਸ਼ੀ ਸਾਲਾਨਾ ਖੇਡ ਮੁਕਾਬਲੇ ਦਾ ਆਯੋਜਨ

ਚੰਡੀਗੜ੍ਹ, 14 ਫਰਵਰੀ (ਚ.ਨ.ਸ.) : ਸਮਾਗਰਾ ਸਿੱਖਿਆ, ਚੰਡੀਗੜ੍ਹ ਨੇ 12 ਅਤੇ 13 ਫਰਵਰੀ, 2026 ਨੂੰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 23-ਏ ਵਿਖੇ ਵਿਸ਼ੇਸ਼ ਲੋੜਾਂ ਵਾਲੇ



ਬੱਚਿਆਂ ਲਈ ਸਮਾਵੇਸ਼ੀ ਸਾਲਾਨਾ ਖੇਡ ਮੁਕਾਬਲੇ ਦਾ ਆਯੋਜਨ ਕੀਤਾ। ਸਿੱਖਿਆ ਸਕੱਤਰ ਸ਼੍ਰੀਮਤੀ ਪ੍ਰੇਰਨਾ ਪੁਰੀ ਅਤੇ ਸਕੂਲ ਸਿੱਖਿਆ ਵਿਭਾਗ ਦੇ ਡਾਇਰੈਕਟਰ ਸ਼੍ਰੀ ਨਿਤੀਸ਼ ਸਿੰਗਲਾ ਨੇ ਸਮਾਗਮ ਸਥਾਨ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਨੂੰ ਭਾਗੀਦਾਰੀ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ ਇਹ ਮੁਕਾਬਲਾ ਸਕੂਲ ਪੱਧਰ, ਸਮੂਹ ਪੱਧਰ ਅਤੇ ਰਾਜ ਪੱਧਰ @ਤੇ ਪੜਾਵਾਂ ਵਿੱਚ ਆਯੋਜਿਤ ਕੀਤਾ ਗਿਆ ਸੀ। ਚੰਡੀਗੜ੍ਹ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਵਿਸ਼ੇਸ਼ ਲੋੜਾਂ ਵਾਲੇ ਕੁੱਲ 171 ਵਿਦਿਆਰਥੀਆਂ ਨੇ ਬੈਡਮਿੰਟਨ, ਕ੍ਰਿਕਟ, ਫੁੱਟਬਾਲ ਅਤੇ ਸਾਫਟਬਾਲ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਫਾਈਨਲ ਮੈਚਾਂ ਵਿੱਚ, ਕੁੱਲ 92 ਭਾਗੀਦਾਰਾਂ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਆਪਣੀ ਸ਼ਾਨਦਾਰ ਪ੍ਰਤਿਭਾ, ਉਤਸ਼ਾਹ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ। ਇਹ ਸਮਾਗਮ ਸਫਲਤਾਪੂਰਵਕ ਸਮਾਪਤ ਹੋਇਆ, ਜੋ ਸਿੱਖਿਆ ਵਿਭਾਗ ਦੀ ਸਮਾਵੇਸ਼ੀ ਸਿੱਖਿਆ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਹਰੇਕ ਮੁਕਾਬਲੇ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਦੇ ਜੇਤੂਆਂ ਨੂੰ 26 ਫਰਵਰੀ, 2026 ਨੂੰ ਸਪੋਰਟਸ ਕੰਪਲੈਕਸ, ਸੈਕਟਰ 7 ਵਿਖੇ ਹੋਣ ਵਾਲੇ ਸਾਲਾਨਾ ਐਥਲੈਟਿਕਸ ਖੇਡਾਂ ਦੇ ਸਮਾਪਤੀ ਸਮਾਰੋਹ ਵਿੱਚ ਸਨਮਾਨਿਤ ਕੀਤਾ ਜਾਵੇਗਾ।

# ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਸੁਰੱਖਿਅਤ ਇੰਟਰਨੈੱਟ ਦਿਵਸ ਮਨਾਇਆ



ਗੜ੍ਹਦੀਵਾਲਾ 13 ਫਰਵਰੀ ਗੌਰਵ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ, ਸਕੱਤਰ (ਸਿੱਖਿਆ) ਸ. ਸੁਖਮਿੰਦਰ ਸਿੰਘ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਕੰਪਿਊਟਰ ਵਿਭਾਗ ਵੱਲੋਂ ਸੁਰੱਖਿਅਤ ਇੰਟਰਨੈੱਟ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਇੰਟਰਨੈੱਟ ਦੀ ਸੁਰੱਖਿਅਤ ਅਤੇ ਸਹੀ ਢੰਗ ਨਾਲ ਵਰਤੋਂ ਕਰਨ ਲਈ ਪ੍ਰੇਰਿਆ ਗਿਆ। ਵਿਦਿਆਰਥੀਆਂ ਦੇ ਕੁਇਜ਼, ਪੋਸਟਰ ਮੇਕਿੰਗ, ਅਤੇ ਦ੍ਰਿਸ਼ ਪੇਸ਼ਕਾਰੀ ਮੁਕਾਬਲੇ ਕਰਵਾਏ ਗਏ। ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਕੰਪਿਊਟਰ ਵਿਭਾਗ ਦੇ ਵਿਦਿਆਰਥੀਆਂ ਨੇ ਇੰਟਰਨੈੱਟ ਦੀ ਸੁਰੱਖਿਆ ਸੰਬੰਧੀ ਵੱਖ-ਵੱਖ ਵਿਸ਼ਿਆਂ ਤੇ ਆਪਣੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ. ਕਮਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਦਾ ਸਰਵ ਪੱਖੀ ਵਿਕਾਸ ਹੋਣਾ ਵੀ ਜ਼ਰੂਰੀ ਹੈ ਅਤੇ ਵਿਦਿਆਰਥੀਆਂ ਨੂੰ ਇੰਟਰਨੈੱਟ ਦੀ ਵਰਤੋਂ ਸਮੇਂ ਸੁਰੱਖਿਅਤ ਰਹਿਣ ਲਈ ਸੁਝਾਅ ਦਿੱਤੇ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਇਨਾਂ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ ਅਤੇ ਜੇਤੂ ਟੀਮਾਂ ਨੂੰ ਇਨਾਮ ਵੰਡੇ। ਇਸ ਮੌਕੇ ਕੰਪਿਊਟਰ ਵਿਭਾਗ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਪ੍ਰੋਗਰਾਮਾਂ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨੂੰ ਨਹੀਂ ਹੋਣ ਦਿੱਤਾ ਸ਼ਾਮਿਲ : ਬੜਿੰਗ

## ਮੋਦੀ ਦਾ ਪੁਤਲਾ ਸਾੜਕੇ ਭਾਜਪਾ ਖ਼ਿਲਾਫ਼ ਕੀਤੀ ਨਾਅਰੇਬਾਜ਼ੀ।



ਫਤਿਹਗੜ੍ਹ ਸਾਹਿਬ , 14 ਫਰਵਰੀ, (ਨਰਿੰਦਰ ਸਿੰਘ)ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਵਿਰੋਧ ਵਿੱਚ ਅੱਜ ਆਮ ਆਦਮੀ ਪਾਰਟੀ ਦੇ ਵੱਲੋਂ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਵਿੱਚ ਭਾਜਪਾ ਦੇ ਖਿਲਾਫ ਇੱਕ ਨਿੱਜੀ ਯੂਨੀਵਰਸਿਟੀ ਅੱਗੇ ਰੋਸ ਧਰਨਾ ਲਗਾਇਆ ਗਿਆ ਉਥੇ ਹੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਸਾੜਕੇ ਭਾਜਪਾ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਗੱਲਬਾਤ ਕਰਦੇ ਹੋਏ ਹਲਕਾਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਵੜਿੰਗ ਨੇ ਕਿਹਾ ਕਿ ਅਮਲੋਹ ਦੀ ਯੂਨੀਵਰਸਿਟੀ ਦੇ ਪ੍ਰੋਗਰਾਮ ਦੇ ਵਿੱਚ ਪਹਿਲਾਂ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰਿਆ ਨੇ ਆਉਣਾ ਸੀ ਪਰ ਉਹਨਾਂ ਦੇ ਵੱਲੋਂ ਕਿਸੇ ਰੁਝੇਵਿਆਂ ਦੇ ਕਰਕੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਨਾਇਬ ਸਿੰਘ ਸੈਣੀ ਨੂੰ ਇਸ ਪ੍ਰੋਗਰਾਮ ਤੇ ਭੇਜਿਆ ਜੋ ਕਿ ਗਲਤ ਹੈ ਤੇ ਇਹ ਸਾਰਾ ਕੁਝ ਹੀ ਰਾਜਨੀਤੀ ਤੋਂ ਪ੍ਰੇਰਿਤ ਹੈ ਕਿਉਂਕਿ ਪੰਜਾਬ ਦੇ ਗਵਰਨਰ ਕਿਸੇ ਪੰਜਾਬ ਦੇ ਮੰਤਰੀ ਦੀ ਵੀ ਡਿਊਟੀ ਲਗਾ ਸਕਦੇ ਸਨ ਕਿ ਉਹ ਇਸ ਪ੍ਰੋਗਰਾਮ ਦੇ ਵਿੱਚ ਸ਼ਾਮਿਲ ਹੋਵੇ ਪਰ ਪੰਜਾਬ ਦੇ ਗਵਰਨਰ ਜੋ ਕਿ ਬੀਜੇਪੀ ਵੱਲੋਂ ਲਗਾਏ ਗਏ ਹਨ ਇਸ ਕਰਕੇ ਉਹਨਾਂ ਦੇ ਵੱਲੋਂ ਹਰਿਆਣਾ ਤੋਂ ਬੀਜੇਪੀ ਦੇ ਮੁੱਖ ਮੰਤਰੀ ਨੂੰ ਇਸ ਪ੍ਰੋਗਰਾਮ ਦੇ ਵਿੱਚ ਭੇਜਣ ਦਾ ਪ੍ਰੋਗਰਾਮ ਬਣਾਇਆ ਗਿਆ ਹੈ। ਜਿਸ ਦੀ ਉਹ ਸਖਤ ਸ਼ਬਦਾਂ ਦੇ ਵਿੱਚ ਨਿਖੇਦੀ ਕਰਦੇ ਹਨ। ਉਥੇ ਹੀ ਉਹਨਾਂ ਨੇ ਦੱਸਿਆ ਕਿ ਧਰਨੇ ਦਾ ਦੂਸਰਾ ਮੇਨ ਕਾਰਨ ਭਾਰਤ ਤੇ ਅਮਰੀਕਾ ਦੇ ਵਿੱਚ ਜੋ ਵਪਾਰਿਕ ਸਮਝੌਤਾ ਹੋਇਆ ਹੈ ਉਹ ਹੈ ਕਿਉਂਕਿ ਇਸ ਸਮਝੌਤੇ ਦੇ ਨਾਲ ਪੰਜਾਬ ਦੇ ਕਿਸਾਨਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਜਿਸ ਦੇ ਨਾਲ ਪੰਜਾਬ ਦੀ ਕਿਸਾਨੀ ਅਤੇ ਹੋਰ ਕਾਰੋਬਾਰ ਉੱਤੇ ਬਹੁਤ ਵੱਡਾ ਅਸਰ ਪਵੇਗਾ। ਉਹਨਾਂ ਨੇ ਕਿਹਾ ਕਿ ਇਸ ਸਮਝੌਤੇ ਦੇ ਵਿਰੋਧ ਵਿੱਚ ਉਹਨਾਂ ਦੇ ਵੱਲੋਂ ਭਾਜਪਾ ਦੇ ਮੰਤਰੀਆਂ ਦਾ ਆਉਣ ਵਾਲੇ ਸਮੇਂ ਦੇ ਵਿੱਚ ਵੀ ਵਿਰੋਧ ਕੀਤਾ ਜਾਵੇਗਾ। ਗੈਰੀ ਬੜਿੰਗ ਨੇ ਕਿਹਾ ਕਿ ਹਲਕਾ ਅਮਲੋਹ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਦੀ ਬਜਾਏ ਹਰਿਆਣਾ ਦੇ ਮੁੱਖ ਮੰਤਰੀ ਨੇ ਆਪਣਾ ਅੱਜ ਦਾ ਦੌਰਾ ਧਰਨੇ ਨੂੰ ਦੇਖਦਿਆਂ ਰੱਦ ਕਰਨਾ ਪਿਆ। ਉਹਨਾਂ ਨੇ ਕਿਹਾ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਤੇ ਹੋਰ ਲੀਡਰਾਂ ਨੂੰ ਬਿਲਕੁਲ ਵੀ ਨਹੀਂ ਆਉਣ ਦਿੱਤਾ ਜਾਵੇ। ਬੀਜੇਪੀ ਪੰਜਾਬ ਦੇ ਆਗੂਆਂ ਦੇ ਘਿਰਾਓ ਬਾਰੇ ਜਿਵੇਂ ਵੀ ਸੀਨੀਅਰ ਲੀਡਰਸ਼ਿਪ ਦਾ ਫੈਸਲਾ ਹੋਵੇਗਾ ਉਸਨੂੰ ਮੰਨਿਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ਼ਿੰਗਾਰਾ ਸਿੰਘ ਸਲਾਣਾ, ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ, ਸੀਨੀਅਰ ਆਗੂ ਓਂਕਾਰ ਸਿੰਘ ਚੌਹਾਨ, ਚੇਅਰਪਰਸਨ ਬੀਬੀ ਸੁਖਵਿੰਦਰ ਕੌਰ ਗਹਿਲੋਤ, ਦਰਸ਼ਨ ਸਿੰਘ ਚੀਮਾ, ਕੋਆਰਡੀਨੇਟਰ ਇਕਬਾਲ ਸਿੰਘ ਰਾਏ, ਸਰਪੰਚ ਯੂਨੀਅਨ ਦੇ ਪ੍ਰਧਾਨ ਮਨਿੰਦਰ ਸਿੰਘ ਹੁੰਦਲ, ਯਾਦਵਿੰਦਰ ਸਿੰਘ ਲੱਕੀ ਭਲਵਾਨ ਸਲਾਣਾ, ਮੀਤ ਪ੍ਰਧਾਨ ਜਗਤਾਰ ਸਿੰਘ, ਅਸ਼ੋਕ ਸ਼ਰਮਾ ਮੀਤ ਪ੍ਰਧਾਨ ਨਗਰ ਕੌਂਸਲ, ਕੌਂਸਲਰ ਅਤੁੱਲ ਲੁਟਾਵਾ, ਕੌਂਸਲਰ ਲਵਪ੍ਰੀਤ ਲਵੀ,ਸਰਪੰਚ ਜਗਦੀਪ ਜਿੰਮੀ ਲਾਡਪੁਰ, ਬਲਾਕ ਸੰਮਤੀ ਮੈਂਬਰ ਰਣਜੀਤ ਸਿੰਘ ਪਨਾਗ, ਮਨਿੰਦਰ ਸਿੰਘ ਭੱਟੋ, ਸਰਪੰਚ ਅਮਨਦੀਪ ਸਿੰਘ ਧਰਮਗੜ੍ਹ, ਸਰਪੰਚ ਲਖਵੀਰ ਸਿੰਘ ਲੱਖਾ ਦੀਵਾ, ਸਰਪੰਚ ਹਰਦੀਪ ਸਿੰਘ ਮਛਰਾਏ, ਪ੍ਰਧਾਨ ਯਾਦਵਿੰਦਰ ਸਿੰਘ ਮਾਨਗੜ੍ਹ, ਸਰਪੰਚ ਪ੍ਰਦੀਪ ਸਿੰਘ ਕੰਜਾਰੀ, ਕੁਲਜੀਤ ਸਿੰਘ ਨਰਾਇਣਗੜ੍ਹ, ਸਰਪੰਚ ਹਰਪ੍ਰੀਤ ਸਿੰਘ ਕੋਟਲੀ, ਸਰਪੰਚ ਜਸਮੇਲ ਸਿੰਘ ਮਾਨਗੜ੍ਹ, ਕੌਂਸਲਰ ਪਰਮਜੀਤ ਸਿੰਘ ਵਾਲੀਆ, ਕੌਂਸਲਰ ਰਣਧੀਰ ਸਿੰਘ ਹੈਪੀ, ਕੌਂਸਲਰ ਵਿਨੀਤ ਬਿੱਟੂ, ਤਰਨਦੀਪ ਬਦੇਸ਼ਾਂ, ਆਪ ਆਗੂ ਬਲਦੇਵ ਸ਼ਰਮਾਂ, ਸੂਬਾ ਸੰਯੁਕਤ ਸਕੱਤਰ ਸਤਿਆਪਾਲ ਲੋਧੀ, ਯੂਥ ਆਗੂ ਅਮਿਤ ਠਾਕੁਰ, ਯੂਥ ਆਗੂ ਗੌਰਵ ਅਗਰਵਾਲ, ਅਜੇ ਲਿਬੜਾ, ਮਨੀਸ਼ ਗੋਇਲ, ਵਿਨੋਦ ਗੁਜ਼ਰ, ਨਰੇਸ਼ ਸ਼ਰਮਾ, ਭੁਪਿੰਦਰ ਸਿੰਘ ਸੰਧੂ, ਦਿਲਜੀਤ ਵਿਰਕ, ਪ੍ਰਦੀਪ ਸੰਗਰ, ਹਰਚੰਦ ਸਿੰਘ ਨਸਰਾਲੀ, ਹੇਮੰਤ ਗੋਇਲ, ਮਨੀਸ਼ ਕੁਮਾਰ, ਦੀਪਕ ਕੁਮਾਰ, ਕਮਲ ਸ਼ਰਮਾ ਖਾਲਸਾ, ਗੁਰਮੀਤ ਸਿੰਘ, ਸਲਮਾਨ ਗਗੜੀ ਅਤੇ ਵੱਡੀ ਗਿਣਤੀ ਪਾਰਟੀ ਆਗੂ ਅਤੇ ਵਰਕਰ ਮੌਜੂਦ ਸਨ।

# ਐਡਵੋਕੇਟ ਹਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਨਾਲ ਕੀਤੀ ਮੁਲਾਕਾਤ



ਫਾਜ਼ਿਲਕਾ 14 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਦੀ ਨਿਆਂ ਪ੍ਰਣਾਲੀ ਬਾਰ ਐਸੋਸੀਏਸ਼ਨ ਨੂੰ ਹੋਰ ਪ੍ਰਭਾਵਸ਼ਾਲੀ, ਪਾਰਦਰਸ਼ੀ ਤੇ ਮਜ਼ਬੂਤ ਬਣਾਉਣ ਲਈ ਇਕ ਮਹੱਤਵਪੂਰਨ ਪਹਿਲਕਦਮੀ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਭਰ ਦੀਆਂ ਬਾਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਇਕ ਇਤਿਹਾਸਕ ਮੀਟਿੰਗ ਕੀਤੀ। ਪੰਜਾਬ ਦੀਆਂ 70 ਬਾਰ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੇ ਇਸ ਵਿਸ਼ੇਸ਼ ਮੀਟਿੰਗ ਚ ਭਾਗ ਲਿਆ, ਜਿਸ ਤਹਿਤ ਆਮ ਆਦਮੀ ਪਾਰਟੀ ਪੰਜਾਬ ਦੇ ਕਾਨੂੰਨੀ ਵਿੰਗ ਦੇ ਪ੍ਰਧਾਨ ਗਿਆਨ ਸਿੰਘ ਮੰਗ ਨੇ ਆਪਣੀ ਟੀਮ ਨਾਲ ਵੀ ਸ਼ਿਰਕਤ ਕੀਤੀ। ਅਬੋਹਰ ਤੋਂ ਪਾਰਟੀ ਦੇ ਸੀਨੀਅਰ ਆਗੂ ਤੇ ਕਾਨੂੰਨੀ ਵਿੰਗ ਦੇ ਜੁਆਇੰਟ ਸਕੱਤਰ ਐਡਵੋਕੇਟ ਹਰਪ੍ਰੀਤ ਸਿੰਘ ਨੇ ਮੀਟਿੰਗ ਸਫਲ ਬਣਾਉਣ ਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਵੀ ਮੌਜੂਦ ਰਹੇ ਅਤੇ ਉਨ੍ਹਾਂ ਨੇ ਵਕੀਲਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਵਕੀਲਾਂ ਨਾਲ ਖੁੱਲ੍ਹ ਕੇ ਗੱਲਬਾਤ ਕਰਦਿਆਂ ਕਿਹਾ ਕਿ ਸੂਬੇ ਦੀ ਨਿਆਂ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਵਕੀਲਾਂ ਲਈ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵਚਨਬੱਧ ਹੈ। ਮੀਟਿੰਗ ਤੋਂ ਬਾਅਦ ਹਰਪ੍ਰੀਤ ਸਿੰਘ ਨੇ ਕਿਹਾ ਕਿ ਵਕੀਲ ਭਾਈਚਾਰੇ ਦੇ ਹਿਤਾਂ ਦੀ ਰੱਖਿਆ ਕਰਨਾ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਪਾਰਟੀ ਦੀ ਪਹਿਲ ਰਹੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਸ ਪਹਿਲ ਨੇ ਨਾ ਸਿਰਫ਼ ਵਕੀਲਾਂ ਦਾ ਮਨੋਬਲ ਵਧਾਇਆ ਹੈ ਬਲਕਿ ਪੰਜਾਬ ਦੀ ਨਿਆਂ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਮਜ਼ਬੂਤ ਸੰਦੇਸ਼ ਵੀ ਦਿੱਤਾ ਹੈ।

# ਵਿਧਾਇਕ ਘੁੰਮਣ ਨੇ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਚੈੱਕ ਵੰਡ



ਦਸੂਹਾ, 14 ਫਰਵਰੀ (ਰਾਜਿੰਦਰ ਸਿੰਘ ਦਸੂਹਾ ) ਦਸੂਹਾ ਬੀਡੀਪੀਓ ਦਫ਼ਤਰ ਵਿਖੇ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਦਸੂਹਾ ਹਲਕੇ ਦੇ ਵਿਧਾਇਕ ਐਡਵੋਕੇਟ ਕਰਮਵੀਰ ਸਿੰਘ ਘੁੰਮਣ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਹਲਕਾ ਦਸੂਹਾ ਦੇ ਵਿਧਾਇਕ ਨੇ ਹਲਕਾ ਦਸੂਹਾ ਦੇ ਵੱਖ-ਵੱਖ ਪਿੰਡਾਂ ਅਗਲੋਰ, ਓਡਰਾ, ਬਹਿਬੋਵਾਲ, ਬਸਤੀ ਨਵਾਂ ਟੇਰਕਿਆਣਾ, ਬਸਤੀ ਵਧਾਈਆ, ਭਟੋਲੀ, ਬਾਲਾ ਕੁਲੀਆ, ਚੱਕਬਾਮੂ, ਛਾਗਲਾ, ਧੋਲੀਆ, ਢੱਡਰੀਆਂ, ਗੰਭੋਵਾਲ, ਘੋਗਰਾ, ਸਿੰਘਾਪੁਰ, ਹਲੇੜ, ਗਿੱਲਜੀਆਂ , ਕਾਦੀਆਂ, ਝਿੰਗੜ ਕਲਾ, ਸਿੰਘਪੁਰ, ਕੱਲੋਵਾਲ, ਕੱਤੋਵਾਲ, ਕਲਿਆਣਪੁਰ, ਕੋਲੀਆ, ਕੁਲਾਰ, ਖੁਨ ਖੁਨ ਸਰਕੀ, ਕਾਹਲਵਾ, ਖੇਪੜ, ਖੇੜਾ ਕੋਟਲੀ, ਲਮੀਂ, ਮੱਕੋਵਾਲ, ਨਵੀਂ ਆਬਾਦੀ ਗਾਲੋਵਾਲ, ਫੱਤਣਚੱਕ, ਪੰਧੇਰ, ਰਛਪਾਲਵਾ, ਸਦਰਪੁਰ, ਸੰਤਪੁਰ ਗੋਰਸੀਆ, ਸੰਸਾਰਪੁਰ, ਸੋਸਪੁਰ, ਸਰੀਹਪੁਰ, ਸਤਾਬਕੋਟ , ਟੇਰਕੀਆਣਾ, ਬੋਦਲ ਛਾਉਣੀ, ਬਸੋਆ ਪੱਤੀ ਛੋੜੀਆਂ ਸਰੀਹਪੁਰ ਗਲੀਆਂ ਅਤੇ ਖੇਡ ਪਾਰਕ. ਝੂਲਿਆਂ, ਖੇਡ ਪ੍ਰਾਰਕਾਂ, ਗਲੀਆਂ ਦੀਆਂ ਪੰਚਾਇਤਾਂ ਨੂੰ ਨਾਲੀਆਂ, ਸ਼ੈੱਡਾਂ, ਤਲਾਅ ਸੁਧਾਰ, ਸੀਵਰੇਜ ਨਿਕਾਸੀ, ਧਰਮਸ਼ਾਲਾਵਾਂ, ਜਿੰਮ, ਤਲਾਬ, ਸ਼ਮਸ਼ਾਨਘਾਟ, ਸੋਲਰ ਲਾਈਟਾਂ, ਬਿਜਲੀ ਦੀਆਂ ਤਾਰਾਂ, ਪੀਣ ਵਾਲੇ ਪਾਣੀ ਦੀਆਂ ਪਾਈਪਲਾਈਨਾਂ, ਬਾਥਰੂਮਾਂ ਅਤੇ ਦੁਸਹਿਰਾ ਮੈਦਾਨ ਲਈ ਇੱਕ ਸ਼ੈੱਡ ਲਈ 1 ਕਰੋੜ 8 ਲੱਖ ਰੁਪਏ ਦੇ ਚੈੱਕ ਵੰਡੇ ਗਏ। ਇਸ ਮੌਕੇ ਵਿਧਾਇਕ ਘੁੰਮਣ ਨੇ ਕਿਹਾ ਕਿ ਕੋਈ ਵੀ ਪਿੰਡ ਵਿਕਾਸ ਕਾਰਜਾਂ ਤੋਂ ਬਿਨਾਂ ਨਹੀਂ ਰਹੇਗਾ। ਉਨ੍ਹਾਂ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਲਈ ਵੱਡੇ ਪੱਧਰ ਤੇ ਖੇਡ ਪਾਰਕ ਬਣਾਏ ਜਾ ਰਹੇ ਹਨ। ਇਸ ਮੌਕੇ ਗੁਰਮੀਤ ਸਿੰਘ ਚਾਹਲ, ਜ਼ਿਲ੍ਹਾ ਮੈਜਿਸਟਰੇਟ (ਬੀਡੀਪੀਓ), ਜਮਿੰਦਰਜੀਤ ਸਿੰਘ, ਪੰਚਾਇਤ ਅਫ਼ਸਰ, ਜਰਨੈਲ ਸਿੰਘ, ਪੰਚਾਇਤ ਸਕੱਤਰ, ਕੰਵਲਪ੍ਰੀਤ ਸਿੰਘ, ਸੰਦੀਪ ਸਿੰਘ ਢਿੱਲੋਂ, ਕੁਲਵਿੰਦਰ ਕੌਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਗੁਰਪ੍ਰੀਤ ਸਿੰਘ, ਕਮੇਟੀ ਮੈਂਬਰ, ਬਲਾਕ ਪ੍ਰਧਾਨ, ਬਲਾਕ ਕਮੇਟੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਪੰਚਾਇਤ ਮੈਂਬਰ ਅਤੇ ਵੱਖ-ਵੱਖ ਪਿੰਡਾਂ ਦੇ ਪੰਚਾਇਤ ਮੈਂਬਰ ਮੌਜੂਦ ਸਨ।

# ਪਲਵਿੰਦਰ ਸਿੰਘ ਨਾਮਧਾਰੀ ਸਾਥੀਆਂ ਸਮੇਤ ਕਾਂਗਰਸ ਵਿੱਚ ਸ਼ਾਮਲ



ਤਲਵਾੜਾ, 13 ਫਰਵਰੀ (ਜਗਮੋਹਨ ਸ਼ਰਮਾ) :ਹਲਕਾ ਦਸੂਹਾ ਦੀ ਰਾਜਨੀਤੀ ਵਿੱਚ ਅੱਜ ਉਸ ਵੇਲੇ ਵੱਡਾ ਮੋੜ ਆਇਆ ਜਦੋਂ ਯੂਥ ਅਕਾਲੀ ਦਲ ਦੋਆਬਾ ਜ਼ੋਨ ਦੇ ਮੀਤ ਪ੍ਰਧਾਨ ਪਲਵਿੰਦਰ ਸਿੰਘ ਨਾਮਧਾਰੀ ਆਪਣੇ ਕਈ ਸਾਥੀਆਂ ਸਮੇਤ ਸ਼ਿਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੇ ਇਹ ਫੈਸਲਾ ਸਾਬਕਾ ਵਿਧਾਇਕ ਅਰੁਣ ਮਿੱਕੀ ਡੋਗਰਾ ਦੀ ਅਗਵਾਈ ਹੇਠ ਕੀਤਾ।ਇਸ ਮੌਕੇ ਪੂਰਵ ਵਿਧਾਇਕ ਅਰੁਣ ਮਿਕੀ ਡੋਗਰਾ ਨੇ ਪਲਵਿੰਦਰ ਸਿੰਘ ਨਾਮਧਾਰੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਾਂਗਰਸ ਪਾਰਟੀ ਦਾ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਅਤੇ ਪਾਰਟੀ ਵਿੱਚ ਸ਼ਾਮਲ ਹੋਣ ’ਤੇ ਤਹਿ ਦਿਲੋਂ ਸੁਆਗਤ ਕੀਤਾ। ਉਨ੍ਹਾਂ ਕਿਹਾ ਕਿ ਪਲਵਿੰਦਰ ਸਿੰਘ ਨਾਮਧਾਰੀ ਵਰਗੇ ਜ਼ਮੀਨੀ ਪੱਧਰ ਦੇ ਆਗੂਆਂ ਦੇ ਕਾਂਗਰਸ ਵਿੱਚ ਆਉਣ ਨਾਲ ਦਸੂਹਾ ਹਲਕੇ ਵਿੱਚ ਪਾਰਟੀ ਹੋਰ ਵੀ ਮਜ਼ਬੂਤ ਹੋਵੇਗੀ।ਅਰੁਣ ਮਿਕੀ ਡੋਗਰਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਵਰਕਰਾਂ ਨੂੰ ਮਾਨ-ਸਨਮਾਨ ਦਿੰਦੀ ਆਈ ਹੈ ਅਤੇ ਨਵੇਂ ਸ਼ਾਮਲ ਹੋਏ ਸਾਰੇ ਸਾਥੀਆਂ ਨੂੰ ਵੀ ਪਾਰਟੀ ਵਿੱਚ ਪੂਰਾ ਆਦਰ ਅਤੇ ਜ਼ਿੰਮੇਵਾਰੀ ਦਿੱਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਕਾਂਗਰਸ ਸਰਕਾਰ ਦੇ ਸਮੇਂ ਦੌਰਾਨ ਦਸੂਹਾ ਹਲਕੇ ਵਿੱਚ ਕਰਵਾਏ ਗਏ ਵਿਕਾਸ ਕਾਰਜ ਅੱਜ ਵੀ ਲੋਕਾਂ ਦੇ ਮਨ ਵਿੱਚ ਵੱਸਦੇ ਹਨ।ਇਸ ਮੌਕੇ ਪਲਵਿੰਦਰ ਸਿੰਘ ਨਾਮਧਾਰੀ ਨੇ ਕਿਹਾ ਕਿ ਉਨ੍ਹਾਂ ਨੇ ਪੂਰਵ ਕਾਂਗਰਸ ਸਰਕਾਰ ਦੌਰਾਨ ਕਰਵਾਏ ਗਏ ਵਿਕਾਸ ਕੰਮਾਂ ਅਤੇ ਅਰੁਣ ਮਿਕਕੀ ਡੋਗਰਾ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਦਿਨ-ਰਾਤ ਮਿਹਨਤ ਕਰਕੇ ਕਾਂਗਰਸ ਪਾਰਟੀ ਨੂੰ ਜ਼ਮੀਨੀ ਪੱਧਰ ’ਤੇ ਹੋਰ ਮਜ਼ਬੂਤ ਕਰਨ ਲਈ ਕੰਮ ਕਰਨਗੇ ਅਤੇ ਲੋਕਾਂ ਦੀਆਂ ਉਮੀਦਾਂ ’ਤੇ ਖਰਾ ਉਤਰਨ ਦੀ ਕੋਸ਼ਿਸ਼ ਕਰਨਗੇ।ਇਸ ਸਮਾਗਮ ਦੌਰਾਨ ਅਮਰਜੀਤ ਸਿੰਘ ਭਾਰਜ (ਬਲਾਕ ਸਮਿਤੀ ਮੈਂਬਰ), ਜੋਗਿੰਦਰ ਸਿੰਘ ਨਾਮਧਾਰੀ, ਪਰਮਜੀਤ ਸਿੰਘ ਨਿਹਾਲਪੁਰ, ਪ੍ਰੀਤਪਾਲ ਸਿੰਘ, ਗੁਰਪ੍ਰੀਤ ਸਿੰਘ ਸਾਹੀ, ਰਾਜੇਸ਼ ਕੁਮਾਰ, ਅਜੀਤ ਸਿੰਘ ਕਲਸੀ, ਸੋਮਰਾਜ, ਮੱਗਰ ਸਿੰਘ, ਸੁਖਵਿੰਦਰ ਸਿੰਘ, ਤਰਲੋਚਨ ਸਿੰਘ, ਕੁਲਵੰਤ ਸਿੰਘ, ਜਰਨੈਲ ਸਿੰਘ ਭਿੰਡਰ, ਸ਼ੇਰ ਸਿੰਘ ਭਿੰਡਰ, ਇੰਦਰ ਸਿੰਘ, ਬਲਾਕ ਪ੍ਰਧਾਨ ਪਰਮਿੰਦਰ ਬਿੱਟੂ ਅਤੇ ਰਾਹੁਲ ਸ਼ਰਮਾ ਸਮੇਤ ਹੋਰ ਕਈ ਪਾਰਟੀ ਵਰਕਰ ਹਾਜ਼ਰ ਸਨ।ਡੋਗਰਾ ਮੁਤਾਬਕ ਪਲਵਿੰਦਰ ਸਿੰਘ ਨਾਮਧਾਰੀ ਅਤੇ ਉਨ੍ਹਾਂ ਦੇ ਸਾਥੀਆਂ ਦੀ ਕਾਂਗਰਸ ਵਿੱਚ ਸ਼ਮੂਲੀਅਤ ਨਾਲ ਹਲਕਾ ਦਸੂਹਾ ਵਿੱਚ ਕਾਂਗਰਸ ਪਾਰਟੀ ਨੂੰ ਆਉਣ ਵਾਲੇ ਸਮੇਂ ਵਿੱਚ ਵੱਡਾ ਸਿਆਸੀ ਲਾਭ ਮਿਲੇਗਾ।

# ਪੁਲਿਸ ਥਾਣਾ ਘੁਮਾਣ ਦਾ ਚਾਰਜ ਸਬ-ਇੰਸਪੈਕਟਰ ਹਰਜਿੰਦਰ ਸਿੰਘ ਨੇ ਸੰਭਾਲਿਆ



ਸ੍ਰੀ ਹਰਗੋਬਿੰਦਪੁਰ ਸਾਹਿਬ/ ਘੁਮਾਣ, 14 ਫਰਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੁਲਿਸ ਥਾਣਾ ਘੁਮਾਣ ਦਾ ਸਬ ਇੰਸਪੈਕਟਰ ਹਰਜਿੰਦਰ ਸਿੰਘ ਨੇ ਥਾਣਾ ਮੁਖੀ ਦਾ ਚਾਰਜ ਸੰਭਾਲਿਆ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵ ਨਿਯੁਕਤ ਥਾਣਾ ਮੁਖੀ ਹਰਜਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਵਾਲੇ ਸਮਝਦੇ ਹਨ ਜਿਨ੍ਹਾਂ ਨੂੰ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ, ਬਾਬਾ ਜੈਮਲ ਸਿੰਘ ਜੀ ਅਤੇ ਸ਼ਹੀਦ ਬਾਬਾ ਫਿਰਨਾਂ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਨਗਰੀ ਕਸਬਾ ਘੁਮਾਣ ਵਿਖੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਉਨ੍ਹਾਂ ਆਖਿਆ ਕਿ ਪੁਲਿਸ ਥਾਣਾ ਘੁਮਾਣ ਅਧੀਨ ਆਉਂਦੇ ਇਲਾਕੇ ਵਿੱਚ ਭੈੜੇ ਅਨਸਰਾ ਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਉਨ੍ਹਾਂ ਆਖਿਆ ਨਸ਼ਿਆਂ ਦੇ ਸੁਦਾਗਰਾਂ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ। ਜਿਸ ਕਰਕੇ ਹੁਣ ਪੁਲਿਸ ਥਾਣਾ ਘੁਮਾਣ ਅਧੀਨ ਆਉਂਦੇ ਪਿੰਡਾਂ ਵਿੱਚ ਨਸ਼ਿਆਂ ਦੇ ਵਪਾਰੀਆਂ ਦੀ ਖੈਰ ਨਹੀਂ। ਉਨ੍ਹਾਂ ਆਖਿਆ ਕਿ ਨਸ਼ਿਆਂ ਦੇ ਸੁਦਾਗਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਡੱਕਿਆ ਜਾਵੇਗਾ। ਉਨ੍ਹਾਂ ਆਖਿਆ ਕਿ ਪੁਲਿਸ ਥਾਣਾ ਘੁਮਾਣ ਵਿਖੇ ਚੰਗੇ ਵਿਅਕਤੀਆਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਪਰ ਸਮਾਜ ਵਿਰੋਧੀ ਭੈੜੇ ਅਨਸਰਾਂ ਅਤੇ ਲੁੱਟਾਂ ਖੋਹਾਂ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ ਦੇ ਕਾਗਜ਼ਾਤ ਪੂਰੇ ਰੱਖਣ ਅਧੂਰੇ ਕਾਗਜ਼ਾਂ ਵਾਲੇ ਵਾਹਨ ਚਾਲਕਾਂ ਦੇ ਚਲਾਨ ਕੱਟੇ ਜਾਣਗੇ।

# ਐਨ.ਸੀ.ਸੀ ਕੈਡੇਟਾਂ ਨੂੰ ਮਿਲਿਆ ਪ੍ਰੈਕਟੀਕਲ ਤੇ ਐਡਵੈਂਚਰਸ ਅਨੁਭਵ



ਤਲਵਾੜਾ, 13 ਫਰਵਰੀ (ਜਗਮੋਹਨ ਸ਼ਰਮਾ) : ਯੂਥ ਆਪਦਾ ਮਿਤ੍ਰਾ ਸਕੀਮ ਤਹਿਤ 29 ਜਨਵਰੀ 2026 ਤੋਂ 7 ਫ਼ਰਵਰੀ 2026 ਤੱਕ ਯੂਥ ਐਡਵੈਂਚਰ ਐਂਡ ਮੋਟੀਵੇਸ਼ਨ ਸਕੀਮ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ।ਕਾਲਜ ਮੀਡੀਆ ਮੈਨੇਜਮੈਂਟ ਦੇ ਕਨਵੀਨਰ ਪ੍ਰੋ. ਅਜੈ ਕੁਮਾਰ ਅਰਸ਼ ਨੇ ਦੱਸਿਆ ਕਿ ਇਸ ਕੈਂਪ ਵਿੱਚ ਮਹੰਤ ਰਾਮ ਪ੍ਰਕਾਸ਼ ਗੌਰਮੈਂਟ ਕਾਲਜ ਤਲਵਾੜਾ ਦੇ 56 ਐਨ.ਸੀ.ਸੀ ਕੈਡੇਟਾਂ ਨੇ ਆਪਣੇ ਏ.ਐਨ.ਓ ਲੈਫਟਿਨੈਂਟ ਡਾ. ਮੁਨੀਸ਼ ਕਸ਼ਯਪ ਦੀ ਅਗਵਾਈ ਹੇਠ ਬੜੇ ਉਤਸ਼ਾਹ ਨਾਲ ਭਾਗ ਲਿਆ।ਕੈਂਪ ਦੌਰਾਨ ਕੈਡੇਟਾਂ ਨੂੰ ਰੈਪਲਿੰਗ, ਮਾਊਂਟੇਨ ਟ੍ਰੇਨਿੰਗ ਅਤੇ ਹੋਰ ਵੱਖ-ਵੱਖ ਪਹਾੜੀ ਗਤੀਵਿਧੀਆਂ ਦਾ ਪ੍ਰੈਕਟੀਕਲ ਤਜਰਬਾ ਦਿੱਤਾ ਗਿਆ। ਇਸ ਦੇ ਨਾਲ ਹੀ ਫਰਸਟ ਏਡ ਅਤੇ ਫਾਇਰ ਬ੍ਰਿਗੇਡ ਸੰਬੰਧੀ ਤਰਬੀਅਤ ਵੀ ਮੁਹੱਈਆ ਕਰਵਾਈ ਗਈ। ਇਸ ਤੋਂ ਇਲਾਵਾ (ਐਸ.ਡੀ.ਆਰ.ਐਫ) ਦੀ ਟੀਮ ਵੱਲੋਂ ਕੈਡੇਟਾਂ ਨੂੰ ਡਿਜਾਸਟਰ ਮੈਨੇਜਮੈਂਟ, ਰੈਸਕਿਊ ਆਪਰੇਸ਼ਨ, ਐਮਰਜੈਂਸੀ ਹਾਲਾਤਾਂ ਵਿੱਚ ਤੁਰੰਤ ਪ੍ਰਤੀਕਿਰਿਆ ਅਤੇ ਜੀਵਨ ਬਚਾਉਣ ਦੀਆਂ ਤਕਨੀਕਾਂ ਬਾਰੇ ਵਿਸ਼ੇਸ਼ ਤਰਬੀਅਤ ਦਿੱਤੀ ਗਈ।ਕੈਂਪ ਦੀ ਇੱਕ ਵਿਸ਼ੇਸ਼ ਗੱਲ ਇਹ ਰਹੀ ਕਿ ਕੈਡੇਟਾਂ ਨੂੰ ਆਰ.ਡੀ.ਸੀ 2026 ਦੇ ਭਾਗੀਦਾਰਾਂ, ਗਰੁੱਪ ਕਮਾਂਡਰ ਅਤੇ ਐਡੀਸ਼ਨਲ ਡਾਇਰੈਕਟਰ ਜਨਰਲ ਐਨ.ਸੀ.ਸੀ ਨਾਲ ਮੁਲਾਕਾਤ ਕਰਨ ਅਤੇ ਆਪਣੇ ਅਨੁਭਵ ਸਾਂਝੇ ਕਰਨ ਦਾ ਮੌਕਾ ਵੀ ਮਿਲਿਆ, ਜੋ ਉਨ੍ਹਾਂ ਲਈ ਬਹੁਤ ਹੀ ਪ੍ਰੇਰਨਾਦਾਇਕ ਸਾਬਤ ਹੋਇਆ।ਕੈਂਪ ਤੋਂ ਵਾਪਸੀ ਉਪਰੰਤ ਕਾਲਜ ਦੇ ਪ੍ਰਿੰਸੀਪਲ ਡਾ. ਰਾਜੀਵ ਖੋਸਲਾ ਨੇ ਕੈਡੇਟਾਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਕੈਂਪਾਂ ਅਤੇ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਹ ਕੈਂਪ ਕੈਡੇਟਾਂ ਦੇ ਆਤਮਵਿਸ਼ਵਾਸ, ਅਨੁਸ਼ਾਸਨ, ਨੇਤ੍ਰਿਤਵ ਸਮਰੱਥਾ ਅਤੇ ਸਮਾਜਿਕ ਜ਼ਿੰਮੇਵਾਰੀਆਂ ਦੇ ਵਿਕਾਸ ਲਈ ਬਹੁਤ ਹੀ ਲਾਭਕਾਰੀ ਸਾਬਤ ਹੋਇਆ।

# ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵਿਖੇ ‘ਐਥਲੈਟਿਕਸ ਮੀਟ’ ਸ਼ਾਨੋ ਸ਼ੌਕਤ ਨਾਲ ਸੰਪਨ

ਭਗਤਾ ਭਾਈ ਕਾ 14 ਫਰਵਰੀ (ਸਵਰਨ ਸਿੰਘ ਭਗਤਾ)ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ (ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਆਨਰੇਰੀ ਸਕੱਤਰ ਕਾਲਜ) ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵੱਲੋਂ ਕਾਲਜ ਪ੍ਰਿੰਸੀਪਲ ਡਾ.ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਹੇਠ 11ਵੀਂ ਸਲਾਨਾ ਐਥਲੈਟਿਕ ਮੀਟ ਕਾਲਜ ਦੇ ਖੇਡ ਸਟੇਡੀਅਮ ਵਿਖੇ ਬੜੇ ਉਤਸ਼ਾਹ, ਰੌਣਕ, ਜੋਸ਼ ਅਤੇ ਸ਼ਾਨੋ-ਸ਼ੌਕਤ ਨਾਲ ਆਯੋਜਿਤ ਕਰਵਾਈ ਗਈ। ਸੰਸਥਾ ਵੱਲੋਂ ਹਮੇਸ਼ਾਂ ਉੱਚ ਸਿੱਖਿਆ, ਨੈਤਿਕ ਕਦਰਾਂ-ਕੀਮਤਾਂ ਅਤੇ ਖੇਡਾਂ ਨੂੰ ਪ੍ਰੋਤਸਾਹਿਤ ਕੀਤਾ ਜਾਂਦਾ ਰਿਹਾ ਹੈ, ਜਿਸ ਦੇ ਸਦਕਾ ਇਥੋਂ ਦੇ ਵਿਦਿਆਰਥੀ ਰਾਜ ਅਤੇ ਰਾਸ਼ਟਰੀ ਪੱਧਰ ਤੇ ਮੈਡਲ ਜਿੱਤ ਕੇ ਸੰਸਥਾ ਅਤੇ ਇਲਾਕੇ ਦਾ ਨਾਮ ਰੌਸ਼ਨ ਕਰ ਰਹੇ ਹਨ। ਸਮਾਗਮ ਦੀ ਸ਼ੁਰੂਆਤ ਕਾਲਜ ਦੇ ਮੁੱਖ ਮਹਿਮਾਨ ਸਿਕੰਦਰ ਸਿੰਘ ਮਲੂਕਾ, ਕਾਲਜ ਪ੍ਰਿੰਸੀਪਲ ਡਾ.ਸਤਿੰਦਰ ਕੌਰ ਮਾਨ ਦੀ ਅਗਵਾਈ ਹੇਠ ਝੰਡਾ ਲਹਿਰਾਉਣ ਦੀ ਰਸਮ, ਕਾਲਜ ਸ਼ਬਦ ਗਾਇਨ ਅਤੇ ਮਾਰਚ ਪਾਸਟ ਦੀ ਸਲਾਮੀ ਨਾਲ ਹੋਈ। ਉਨਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਲਾਕੇ ਦੀ ਇਸ ਨਾਮਵਰ ਸੰਸਥਾ ਨੇ ਬਹੁਤ ਹੀ ਸੀਮਿਤ ਸਮੇਂ ਵਿੱਚ ਅਕਾਦਮਿਕ ਖੇਤਰਾਂ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਿਆ ਉਹ ਬਾ-ਕਮਾਲ ਹੈ। ਨੌਜਵਾਨ ਪੀੜ੍ਹੀ ਵਿੱਚ ਨੈਤਿਕ ਗੁਣਾਂ ਦੀ ਸਿਰਜਣਾ ਅਤੇ ਖੇਡਾਂ ਰਾਹੀਂ ਤੰਦਰੁਸਤ ਸਮਾਜ ਦੀ ਨਿਰਮਾਣ ਸੰਸਥਾ ਦੀ ਪਹਿਲੀ ਤਰਜੀਹ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਖੇਡਾਂ ਦੇ ਲੜ ਲੱਗਣ ਦੀ ਪ੍ਰੇਰਨਾ ਦਿੱਤੀ ।ਐਥਲੈਟਿਕਸ ਮੀਟ ਦੇ ਇੰਚਾਰਜ ਪ੍ਰੋ. ਸ਼ੁਸਮਾ ਰਾਣੀ(ਮੁਖੀ ਸਰੀਰਕ ਸਿੱਖਿਆ ਵਿਭਾਗ) ਨੇ ਦੱਸਿਆ ਕਿ ਇਸ ਸਮੇਂ ਮਾਰਚ ਪਾਸਟ ਵਿੱਚ ਵਿਦਿਆਰਥੀਆਂ ਨੂੰ ਚਾਰ ਹਾਊਸਾਂ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ, ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਵਿੱਚ ਵੰਡਿਆ ਗਿਆ। ਖੇਡ ਮੁਕਾਬਲਿਆਂ ਦੌਰਾਨ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ ਦੌੜਾਂ, ਲੰਬੀ ਛਾਲ, ਜੈਵਲਿਨ ਥਰੋ, ਸ਼ਾਟ ਪੁੱਟ(ਗੋਲਾ ਸੁੱਟਣਾ) ਸਮੇਤ ਵੱਖ-ਵੱਖ ਟਰੈਕ ਅਤੇ ਫੀਲਡ ਇਵੈਂਟ ਕਰਵਾਏ ਗਏ, ਜਿੰਨ੍ਹਾਂ ਵਿੱਚ ਬੀ.ਏ, ਬੀ.ਸੀ.ਏ,ਬੀ.ਕਾਮ, ਬੀ.ਐਸ.ਸੀ ਮੈਡੀਕਲ/ ਨਾਨ ਮੈਡੀਕਲ,ਬੀ.ਐਸ.ਸੀ.ਐਫ.ਟੀ,ਐਮ.ਏ ਪੰਜਾਬੀ, ਪੀ.ਜੀ.ਡੀ.ਸੀ.ਏ, ਐਮ.ਐਸ.ਸੀ.ਆਈ.ਟੀ, ਗਿਆਰਵੀਂ, ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦਰਸ਼ਕਾਂ ਦੀ ਵਾਹ-ਵਾਹ ਹਾਸਲ ਕੀਤੀ।

# ਗੁਰਦੁਆਰਾ ਸੋਢੀ ਦਰਬਾਰ ਵਿੱਚ ਲੱਗੇ ਅੱਖਾਂ ਦੇ ਅਪਰੇਸ਼ਨ ਕੈਂਪ ਵਿੱਚ ਮਰੀਜ਼ ਆਪਰੇਸ਼ਨ ਕਰਵਾ ਕੇ ਘਰਾਂ ਨੂੰ ਪਰਤੇ

ਊਨਾਂ/ਮੈੜੀ, 14 ਫਰਵਰੀ ( ਸੁਖਦੇਵ ਸਿੰਘ ਉੜਾਪੜ) ਗੁਰਦੁਆਰਾ ਸੋਢੀ ਦਰਬਾਰ ਵਿਖੇ ਕੱਲ ਲਗਾਏ ਗਏ ਅੱਖਾਂ ਦੇ ਮੁਫਤ ਆਪਰੇਸ਼ਨ ਕੈਂਪ ਵਿੱਚ ਜਿਹੜੇ ਮਰੀਜ਼ਾਂ ਨੂੰ ਅਪਰੇਸ਼ਨ ਦੇ ਲਈ ਰੱਖਿਆ ਗਿਆ ਸੀ ਉਹਨਾਂ ਦੇ ਕਾਮਯਾਬ ਓਪਰੇਸ਼ਨ ਹੋ ਗਏ ਹਨ, ਉਹਨਾਂ ਦੇ ਲੈਂਜ ਪਾਏ ਗਏ ਹਨ। ਸਾਰੇ ਮਰੀਜ਼ ਅੱਜ ਆਪਣੇ ਆਪਣੇ ਘਰਾਂ ਨੂੰ ਪਰਤ ਗਏ ਹਨ। ਇਸ ਮੌਕੇ ਸਾਰੇ ਹੀ ਮਰੀਜ਼ਾਂ ਨੇ ਗੁਰਦੁਆਰਾ ਸੋਢੀ ਦਰਬਾਰ ਦੀ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਦਾ ਧੰਨਵਾਦ ਕੀਤਾ । ਉਹਨਾਂ ਕਿਹਾ ਕਿ ਸੇਠ ਹਸਪਤਾਲ ਬੰਗਾ ਵਿਖੇ ਉਹਨਾਂ ਦੀ ਬਹੁਤ ਚੰਗੀ ਤਰ੍ਹਾਂ ਦੇਖਭਾਲ ਕੀਤੀ ਗਈ ਹੈ । ਸੇਠ ਹਸਪਤਾਲ ਦੇ ਮੁਖੀ ਡਾਕਟਰ ਅਸ਼ੀਸ਼ ਸੇਠ ਨੇ ਦੱਸਿਆ ਕਿ ਸਾਰੇ ਹੀ ਆਪਰੇਸ਼ਨ ਬੜੇ ਕਾਮਯਾਬ ਹੋਏ ਹਨ । ਮਰੀਜ਼ਾਂ ਨੂੰ ਮੁਫਤ ਦਵਾਈਆਂ ਅਤੇ ਐਨਕਾਂ ਦੇ ਦਿੱਤੀਆਂ ਗਈਆਂ ਹਨ। ਉਹਨਾਂ ਕਿਹਾ ਕਿ 19 ਫਰਵਰੀ ਸਮਾ 3 ਵਜੇ ਉਹ ਆਪਣੀ ਸਪੈਸ਼ਲਿਸਟ ਡਾਕਟਰਾਂ ਦੀ ਟੀਮ ਦੇ ਨਾਲ ਗੁਰਦੁਆਰਾ ਸੋਢੀ ਦਰਬਾਰ ਮੈੜੀ ਵਿਖੇ ਇਹਨਾਂ ਮਰੀਜ਼ਾਂ ਦੀਆਂ ਅੱਖਾਂ ਦਾ ਦੁਬਾਰਾ ਚੈੱਕ ਅਪ ਕਰਨਗੇ । ਉਨ੍ਹਾਂ ਸਾਰੇ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਆਪਣੀਆਂ ਅੱਖਾਂ ਦੁਬਾਰਾ ਚੈੱਕ ਅਪ ਕਰਾਉਣ 19 ਫਰਵਰੀ ਨੂੰ ਜ਼ਰੂਰ ਆਉਣ। ਇਸ ਮੌਕੇ ਆਲ ਇੰਡੀਆ ਬਾਬਾ ਵਡਭਾਗ ਸਿੰਘ ਸੇਵਕ ਸੋਸਾਇਟੀ ਦੇ ਸੰਸਥਾਪਕ ਅਤੇ ਪ੍ਰਧਾਨ ਬਾਬਾ ਜਗਦੇਵ ਸਿੰਘ ਸਿੱਧੂ ਨੇ ਸਾਰੇ ਆਪਰੇਸ਼ਨ ਕਾਮਯਾਬ ਹੋਣ ਤੇ ਖੁਸ਼ੀ ਜਾਹਿਰ ਕੀਤੀ ਅਤੇ ਪਰਮਾਤਮਾ ਦਾ ਧੰਨਵਾਦ ਵੀ ਕੀਤਾ।

# ਸੋਢੀ ਇਲੈਕਟ੍ਰੋਹੋਮਿਓਪੈਥਿਕ ਸੈਂਟਰ ਤਲਵੰਡੀ ਸਾਬੋ ਦਾ ਈ ਡੀ ਐਮ ਏ ਵੱਲੋਂ ਉਦਘਾਟਨ

## ਕੁਦਰਤੀ ਪੌਦਿਆਂ ਦੇ ਅਰਕ ਤੋਂ ਤਿਆਰ ਦਵਾਈਆਂ ਦਾ ਕੋਈ ਸਾਈਡ ਇਫੈਕਟ ਨਹੀਂ -ਜਗਤਾਰ ਡਾ ਸੇਖੋਂ



ਮੋਗਾ, 14 ਫਰਵਰੀ (ਚ.ਨ.ਸ.) : ਬੀਤੇ ਦਿਨੀ ਡਾ ਗੁਰਪ੍ਰੀਤ ਸਿੰਘ ਦੇ ਨਵੇਂ ਕਲੀਨਿਕ ‘ਸੋਢੀ ਇਲੈਕਟ੍ਰੋਹੋਮਿਓਪੈਥਿਕ ਸੈਂਟਰ’ ਦਾ ਉਦਘਾਟਨ ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਦੇ ਚੇਅਰਮੈਨ ਡਾ: ਜਗਤਾਰ ਸਿੰਘ ਸ਼ੇਖੋ, ਡਾ: ਕਮਲਜੀਤ ਕੌਰ ਸ਼ੇਖੋ, ਡਾ: ਜਗਜੀਤ ਸਿੰਘ ਗਿੱਲ, ਡਾ: ਜਗਮੋਹਣ ਸਿੰਘ ਧੂੜਕੋਟ, ਡਾ ਐਸ ਕੇ ਕਟਾਰੀਆ ਦੀ ਰਹਿਨੁਮਾਈ ਹੇਠ ਕੀਤਾ ਗਿਆ ਇਸ ਸਮੇਂ ਗੱਲਬਾਤ ਕਰਦਿਆਂ ਐਸੋਸੀਏਸ਼ਨ ਦੇ ਚੇਅਰਮੈਨ ਡਾ: ਜਗਤਾਰ ਸਿੰਘ ਸ਼ੇਖੋ ਨੇ ਕਿਹਾ ਕਿ ਕੁਦਰਤੀ ਪੌਦਿਆਂ ਦੇ ਅਰਕ ਤੋਂ ਤਿਆਰ ਦਵਾਈਆਂ ਦਾ ਕੋਈ ਸਾਈਡ ਇਫੈਕਟ ਨਹੀਂ ਹੁੰਦਾ ਇਹ ਪੂਰਾ ਤਰਾਂ ਸੁਰੱਖਿਅਤ ਹਨ। ਇਸ ਸਮੇ ਡਾ ਰਾਜੇਸ਼ ਕੁਮਾਰ, ਡਾ ਅੰਮ੍ਰਿਤਪਾਲ ਸਿੰਘ, ਡਾ ਮਨਦੀਪ ਸਿੰਘ, ਡਾ ਰਾਮੇਸ਼ ਕੁਮਾਰ, ਡਾ ਨਵਦੀਪ ਸਿੰਘ, ਆਦਿ ਹਾਜ਼ਰ ਸਨ।

# ਇਸਤਰੀ ਸਤਿ ਸੰਗ ਸਭਾ ਨੇ ਕਰਵਾਇਆ ਜਪ ਤੱਪ ਸਮਾਗਮ



ਲੁਧਿਆਣਾ,14 ਫਰਵਰੀ (ਵਿਸ਼ਾਲ ਸ਼ਰਮਾ) ਲੁਧਿਆਣਾ ਇਸਤਰੀ ਸਤਿ ਸੰਗ ਸਭਾ ਸੰਤ ਸੁੰਦਰ ਸਿੰਘ ਨਗਰ ਧਾਂਦਰਾਂ ਰੋਡ ਲੁਧਿਆਣਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਿਤ ਜਪ ਤੱਪ ਸਮਾਗਮ ਕਰਵਾਇਆ ਗਿਆ ਜਿਸ ਵਿਚ ਇਸਤਰੀ ਸਤਿ ਸੰਗ ਸਭਾ ਗੁਰਦਵਾਰਾ ਫੇਸ 1ਦੁਗਰੀ ਲੁਧਿਆਣਾ ਤੇ ਏਕ ਨੂਰ ਜਥਾ ਸੰਤ ਸੁੰਦਰ ਸਿੰਘ ਨਗਰ ਦੀਆਂ ਬੀਬੀਆਂ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਮਾਤਾ ਵਿਪਨ ਪ੍ਰੀਤ ਕੌਰ ਜੀ ਉਚੇਚੇ ਤੋਰ ਤੇ ਸ਼ਾਮਿਲ ਹੋਏ ਸਮਾਗਮ ਤੋਂ ਉਪਰੰਤ ਗੁਰੂ ਕੇ ਲੰਗਰ ਵੀ ਅਟੁੱਟ ਵਰਤਾਏ ਗਏ ਇਸ ਸਮੇ ਹੋਰਨਾਂ ਤੋਂ ਇਲਾਵਾ ਬੀਬੀ ਪ੍ਰਸਿੰਨਜੀਤ ਕੌਰ, ਜਸਪ੍ਰੀਤ ਕੌਰ, ਭਗਵਿੰਦਰ ਕੌਰ ਸਲੂਜਾ,ਜਸਵਿੰਦਰ ਕੌਰ, ਰਵਿੰਦਰ ਕੌਰ ਚੱਢਾ, ਰਮਨ ਪ੍ਰੀਤ ਕੌਰ ਸਲੂਜਾ, ਚਰਨਜੀਤ ਕੌਰ ਤੇ ਅਮਨ ਪ੍ਰੀਤ ਕੌਰ ਆਦਿ ਵੀ ਹਾਜ਼ਰ ਸਨ।

# ਲੁਧਿਆਣਾ ਵਿਖੇ ਅੰਤਰ-ਰਾਜੀ ਯੁਵਾ ਅਦਲਾ-ਬਦਲੀ ਪ੍ਰੋਗਰਾਮ ਦਾ ਆਯੋਜਨ



ਲੁਧਿਆਣਾ, 14 ਫਰਵਰੀ (ਵਿਸ਼ਾਲ ਸ਼ਰਮਾ) ਪੰਜਾਬ (ਮੇਜ਼ਬਾਨ ਰਾਜ) ਅਤੇ ਉੱਤਰਾਖੰਡ (ਅਤਿਥੀ ਰਾਜ) ਦਰਮਿਆਨ ਅੰਤਰ-ਰਾਜੀ ਯੁਵਾ ਅਦਲਾ-ਬਦਲੀ ਪ੍ਰੋਗਰਾਮ 10 ਤੋਂ 14 ਫਰਵਰੀ 2026 ਤੱਕ ਲੁਧਿਆਣਾ ਵਿੱਚ ਸਫਲਤਾਪੂਰਵਕ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨਾ, ਸੱਭਿਆਚਾਰਕ ਅਦਲਾ-ਬਦਲੀ ਨੂੰ ਉਤਸ਼ਾਹਿਤ ਕਰਨਾ, ਯੁਵਾ ਨੇਤ੍ਰਿਤਵ ਦਾ ਵਿਕਾਸ ਕਰਨਾ ਅਤੇ ਵਿਕਾਸ ਨਾਲ ਜੁੜੇ ਮਹੱਤਵਪੂਰਨ ਮੁੱਦਿਆਂ ’ਤੇ ਜਾਗਰੂਕਤਾ ਫੈਲਾਉਣਾ ਹੈ। ਇਸ ਪ੍ਰੋਗਰਾਮ ਵਿੱਚ ਉੱਤਰਾਖੰਡ ਤੋਂ ਆਏ 35 ਯੁਵਕ ਅਤੇ 2 ਐਸਕੋਰਟ ਸਮੇਤ ਕੁੱਲ 37 ਭਾਗੀਦਾਰ ਸ਼ਾਮਿਲ ਹੋ ਰਹੇ ਹਨ। ਯੁਵਕਾਂ ਨੂੰ ਇੰਟਰੈਕਟਿਵ ਜਾਗਰੂਕਤਾ ਸੈਸ਼ਨਾਂ, ਉਦਯੋਗਿਕ ਦੌਰਿਆਂ, ਸੱਭਿਆਚਾਰਕ ਅਦਲਾ-ਬਦਲੀ ਪ੍ਰੋਗਰਾਮਾਂ ਅਤੇ ਅਨੁਭਵਾਤਮਕ ਗਤੀਵਿਧੀਆਂ ਰਾਹੀਂ ਵਿਸ਼ਤ੍ਰਿਤ ਸਿੱਖਣ ਦੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ। ਪ੍ਰੋਗਰਾਮ ਦੀ ਸ਼ੁਰੂਆਤ ਉਦਘਾਟਨ ਸਮਾਰੋਹ ਨਾਲ ਕੀਤੀ ਗਈ, ਜਿਸ ਵਿੱਚ ਦੀਪ ਪ੍ਰਜ੍ਵਲਨ, ਸੱਭਿਆਚਾਰਕ ਪ੍ਰਸਤੁਤੀ, ਯੁਵਕਾਂ ਨਾਲ ਸੰਵਾਦ, ਅਤੇ ਮੁੱਖ ਅਤਿਥੀ ਦਾ ਪ੍ਰੇਰਨਾਦਾਇਕ ਸੰਬੋਧਨ ਸ਼ਾਮਿਲ ਸੀ। ਮੁੱਖ ਅਤਿਥੀ ਨੇ ਆਪਣੇ ਸੰਬੋਧਨ ਦੌਰਾਨ ਰਾਸ਼ਟਰ ਨਿਰਮਾਣ ਅਤੇ ਸਮਾਜਿਕ ਵਿਕਾਸ ਵਿੱਚ ਯੁਵਕਾਂ ਦੀ ਅਹਿਮ ਭੂਮਿਕਾ ’ਤੇ ਜ਼ੋਰ ਦਿੱਤਾ। ਪ੍ਰੋਗਰਾਮ ਦੇ ਤਹਿਤ ਭਾਰਤ ਸਰਕਾਰ ਦੀਆਂ ਪ੍ਰਮੁੱਖ ਯੋਜਨਾਵਾਂ, ਸਕਿੱਲ ਡਿਵੈਲਪਮੈਂਟ ਅਤੇ ਉਦਯੋਗਿਤਾ, ਕ੍ਰਿਤ੍ਰਿਮ ਬੁੱਧੀਮਤਾ (19), ਸਾਈਬਰ ਸੁਰੱਖਿਆ, ਮਾਨਸਿਕ ਸਿਹਤ ਅਤੇ ਭਲਾਈ, ਨਸ਼ਾ ਰੋਕਥਾਮ, ਅਤੇ ਯੁਵਾ ਆਪਦਾ ਮਿੱਤਰ - ਆਪਦਾ ਤਿਆਰੀ ਵਰਗੇ ਵਿਸ਼ਿਆਂ ’ਤੇ ਮਾਹਿਰ ਸਰੋਤ ਵਿਅਕਤੀਆਂ ਵੱਲੋਂ ਸੈਸ਼ਨ ਕਰਵਾਏ ਗਏ। ਇਸ ਤੋਂ ਇਲਾਵਾ, ਪੰਜਾਬ ਅਤੇ ਉੱਤਰਾਖੰਡ ਦੀਆਂ ਖੇਤੀਬਾੜੀ ਅਤੇ ਵਣ ਵਿਭਾਗ ਦੀਆਂ ਪ੍ਰਥਾਵਾਂ ’ਤੇ ਖਾਸ ਧਿਆਨ ਦਿੱਤਾ ਗਿਆ। ਇਸ ਵਿੱਚ ਵ੍ਰਿੱਖ ਰੋਪਣ ਮੁਹਿੰਮ, ਫਲ ਖੋਜ ਫਾਰਮ ਵਿਖੇ ਫਲ ਕਾਸ਼ਤ ਬਾਰੇ ਜਾਣਕਾਰੀ, ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (♦1”) ਵਿਖੇ ਪੰਜਾਬ ਇਤਿਹਾਸ ਸੰਗ੍ਰਹਾਲੇ ਦਾ ਦੌਰਾ ਸ਼ਾਮਿਲ ਸੀ। ਯੁਵਕਾਂ ਨੇ ਮਸ਼ਹੂਰ ਏਵਨ ਸਾਈਕਲਜ਼ ਵਰਗੀਆਂਉਦਯੋਗਿਕ ਇਕਾਈਆਂ ਦਾ ਵੀ ਦੌਰਾ ਕੀਤਾ, ਜਿਸ ਨਾਲ ਉਨ੍ਹਾਂ ਨੂੰ ਉਦਯੋਗਿਕ ਪ੍ਰਕਿਰਿਆਵਾਂ ਅਤੇ ਰੋਜ਼ਗਾਰ ਦੇ ਮੌਕਿਆਂ ਬਾਰੇ ਪ੍ਰਯੋਗਿਕ ਜਾਣਕਾਰੀ ਮਿਲੀ। ਪ੍ਰੋਗਰਾਮ ਵਿੱਚ ਯੋਗ ਸੈਸ਼ਨ, ਖੇਡ ਅਤੇ ਮਨੋਰੰਜਕ ਗਤੀਵਿਧੀਆਂ, ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਰਗੇ ਧਾਰਮਿਕ ਅਤੇ ਸੱਭਿਆਚਾਰਕ ਸਥਾਨਾਂ ਦੇ ਦੌਰੇ ਅਤੇ ਹੋਰ ਮਨੋਰੰਜਕ ਦੌਰੇ ਵੀ ਸ਼ਾਮਿਲ ਰਹੇ, ਜਿਸ ਨਾਲ ਯੁਵਕਾਂ ਵਿੱਚ ਆਪਸੀ ਭਾਈਚਾਰਾ, ਸੱਭਿਆਚਾਰਕ ਸਮਝ ਅਤੇ ਸਮੂਹਿਕ ਵਿਕਾਸ ਨੂੰ ਪ੍ਰੋਤਸਾਹਨ ਮਿਲਿਆ। ਇਸ ਮੌਕੇ ’ਤੇ ਡਿਪਟੀ ਡਾਇਰੈਕਟਰ ਨੇ ਕਿਹਾ ਕਿ ਅੰਤਰ-ਰਾਜੀ ਯੁਵਾ ਅਦਲਾ-ਬਦਲੀ ਪ੍ਰੋਗਰਾਮ ਯੁਵਕਾਂ ਦੇ ਨਜ਼ਰੀਏ ਨੂੰ ਵਿਸ਼ਤ੍ਰਿਤ ਕਰਨ, ਵਿਭਿੰਨਤਾ ਵਿੱਚ ਏਕਤਾ ਨੂੰ ਮਜ਼ਬੂਤ ਕਰਨ ਅਤੇ ਯੁਵਕਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਸਰਗਰਮ ਭਾਗੀਦਾਰੀ ਲਈ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਂਦਾ ਹੈ।ਇਸ ਮੌਕੇ ’ਤੇ ਡਿਪਟੀ ਡਾਇਰੈਕਟਰ ਨੇ ਕਿਹਾ ਕਿ ਅੰਤਰ-ਰਾਜੀ ਯੁਵਾ ਅਦਲਾ-ਬਦਲੀ ਪ੍ਰੋਗਰਾਮ ਯੁਵਕਾਂ ਦੇ ਨਜ਼ਰੀਏ ਨੂੰ ਵਿਸ਼ਤ੍ਰਿਤ ਕਰਨ, ਵਿਭਿੰਨਤਾ ਵਿੱਚ ਏਕਤਾ ਨੂੰ ਮਜ਼ਬੂਤ ਕਰਨ ਅਤੇ ਯੁਵਕਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਸਰਗਰਮ ਭਾਗੀਦਾਰੀ ਲਈ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਂਦਾ ਹੈ।

# ਦਿਹਾੜੀ ਮਜ਼ਦੂਰ ਸਭਾ ਵੱਲੋਂ ਮੀਟਿੰਗ

ਰਈਆ 14 ਫਰਵਰੀ ( ਰਾਕੇਸ਼ ਸਲਵਾਨ ) ਅੱਜ ਦਿਹਾਤੀ ਮਜਦੂਰ ਸਭਾ ਵੱਲੋ ਸੂਬਾ ਕਮੇਟੀ ਦੇ ਸੱਦੇ ਤੇ ਜਿਲਾ ਅੰਮ੍ਰਿਤਸਰ ਦੀ ਜਨਰਲ ਬਾਡੀ ਮੀਟਿੰਗ ਪਲਵਿੰਦਰ ਸਿੰਘ ਮਹਿਸਮਪੁਰ ਦੀ ਪ੍ਰਧਾਨਗੀ ਹੇਠ ਰਈਆ ਦਫਤਰ ਵਿਖੇ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ਸੂਬਾ ਸਕੱਤਰ ਗੁਰਨਾਮ ਸਿੰਘ ਦਾਊਦ ਬਲਦੇਵ ਸਿੰਘ ਨੂਰਪੁਰੀ ਅਮਰੀਕ ਸਿੰਘ ਦਾਊਦ ਗੁਰਨਾਮ ਸਿੰਘ ਭਿੰਡਰ ਨੇ ਕਿਹਾ ਕਿ ਅੱਜ ਦੀ ਜਨਰਲ ਬਾਡੀ ਮੀਟਿੰਗ ਸੂਬਾ ਕਮੇਟੀ ਵਿੱਚੋਂ ਤੈਅ ਕੀਤੀ ਗਈ ਸੀ ਜੋ ਕਿ ਪੂਰੇ ਪੰਜਾਬ ਵਿੱਚ ਕੀਤੀਆਂ ਜਾਣਗੀਆਂ ਜਿਸ ਤਹਿਤ ਜ਼ਿਲਾ ਅੰਮ੍ਰਿਤਸਰ ਦੀ ਜਨਰਲ ਬਾਡੀ ਮੀਟਿੰਗ ਰਈਆ ਦਫਤਰ ਵਿਖੇ ਕੀਤੀ ਜਾ ਰਹੀ ਹੈ ਆਗੂਆਂ ਨੇ ਕਿਹਾ ਕਿ ਬਹੁਤ ਲੰਬੇ ਸਮੇਂ ਤੋਂ ਸਰਕਾਰਾਂ ਨੇ ਮਜ਼ਦੂਰਾਂ ਵੱਲ ਪਿੱਠ ਕੀਤੀ ਹੈ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਇਹ ਮੀਟਿੰਗਾਂ ਪੂਰੇ ਪੰਜਾਬ ਵਿੱਚ ਕੀਤੀਆਂ ਜਾਣਗੀਆਂ ਉਹਨਾਂ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਸਰਕਾਰ ਵੀ ਬੀ ਜੀ ਰਾਮ ਜੀ ਬਿੱਲ ਤੁਰੰਤ ਰੱਦ ਕਰੇ, ਮਨਰੇਗਾ ਕਾਨੂੰਨ ਬਹਾਲ ਕੀਤਾ ਜਾਵੇ, ਸਾਰੇ ਲੋੜਵੰਦਾਂ ਨੂੰ 10-10 ਮਰਲੇ ਰਿਹਾਸ਼ੀ ਪਲਾਟ ਤੇ ਉਸਾਰੀ ਲਈ 5 ਲੱਖ ਰੁਪਏ ਗ੍ਰਾਂਟ ਦਿੱਤੀ ਜਾਵੇ , ਵਿਧਵਾ ਅੰਗਹੀਣ ਤੇ ਆਸ਼ਰਤ ਪੈਨਸ਼ਨ 5000 ਕੀਤੀ ਜਾਵੇ ਉਮਰ ਹੱਦ ਔਰਤਾਂ ਲਈ 55 ਤੇ ਮਰਦਾਂ ਲਈ 58 ਕੀਤੀ ਜਾਵੇ, ਮਜ਼ਦੂਰਾਂ ਸਿਰ ਚੜ੍ਹਿਆ ਸਰਕਾਰੀ ਤੇ ਗੈਰ ਸਰਕਾਰੀ ਕਰਜਾ ਮੁਆਫ ਕੀਤਾ ਜਾਵੇ ,ਸਿੱਖਿਆ ਸਿਹਤ ਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ, ਬਿਜਲੀ ਸੋਧ ਬਿਲ 2025 ਰੱਦ ਕੀਤਾ ਜਾਵੇ ਪ੍ਰੀਪੇਡ ਸਮਾਰਟ ਮੀਟਰ ਲਾਉਣੇ ਬੰਦ ਕੀਤੇ ਜਾਣ, ਅਨੁਸੂਚਿਤ ਜਾਤੀਆਂ ਪਛੜੀਆਂ ਸ਼੍ਰੇਣੀਆਂ ਅਤੇ ਔਰਤਾਂ ਤੇ ਹੁੰਦੇ ਜਾਤੀ ਪਾਤੀ ਜਬਰ ਨੂੰ ਤੁਰੰਤ ਬੰਦ ਕੀਤਾ ਜਾਵੇ, ਗਰੀਬ ਵਸੋਂ ਨੂੰ ਸਰਬ ਪੱਖੀ ਜਨਤਕ ਵੰਡ ਪ੍ਰਣਾਲੀ ਰਾਹੀਂ ਨਿੱਤ ਵਰਤੋਂ ਦੀਆਂ ਵਸਤੂਆਂ ਸਰਕਾਰੀ ਡੀਪੂਆਂ ਰਾਹੀਂ ਦਿੱਤੀਆਂ ਜਾਣ ਪੰਚਾਇਤੀ ਜਮੀਨਾਂ ਚੋਂ ਤੀਜਾ ਹਿੱਸਾ ਦਲਿਤ ਪਰਿਵਾਰਾਂ ਨੂੰ ਠੇਕੇ ਤੇ ਦਿੱਤਾ ਜਾਵੇ, ਔਰਤਾਂ ਨੂੰ ਵਾਅਦੇ ਮੁਤਾਬਕ ਹਰ ਮਹੀਨੇ 1100 ਰੁਪਆ ਤੁਰੰਤ ਚਾਲੂ ਕੀਤਾ ਜਾਵੇ ਜਾਣਕਾਰੀ ਦਿੰਦਿਆਂ ਉਹਨਾਂ ਕਿਹਾ ਕਿ ਇਹਨਾਂ ਮੰਗਾਂ ਤੇ ਆਉਣ ਵਾਲੇ ਸਮੇਂ ਚ ਵੱਡੀ ਲਾਮਬੰਦੀ ਕੀਤੀ ਜਾਵੇਗੀ ਤੇ ਸਰਕਾਰ ਖਿਲਾਫ ਬੱਝਵਾਂ ਸੰਘਰਸ਼ ਕੀਤਾ ਜਾਵੇਗਾ ਸਾਥੀ ਨਾਹਰ ਹੋਣਾ ਕਿਹਾ ਕਿ ਇਹਨਾਂ ਮੰਗਾਂ ਤੇ 8 ਅਪ੍ਰੈਲ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਮਜ਼ਦੂਰਾਂ ਦੀ ਵੱਡੀ ਰੈਲੀ ਕੀਤੀ ਜਾ ਰਹੀ ਹੈ ਜਿਸ ਵਿੱਚ ਪੰਜਾਬ ਦੇ ਮਜ਼ਦੂਰਾਂ ਨੂੰ ਸ਼ਾਮਿਲ ਹੋਣ ਦੀ ਵੀ ਅਪੀਲ ਕੀਤੀ। ਜਿਸ ਵਿੱਚ ਅਮਰਜੀਤ ਸਿੰਘ ਚੌਹਾਨ ਸਾਹਿਬ ਸਿੰਘ ਮੱਲ੍ਹੂ ਨੰਗਲ ਸਰਪੰਚ ਕੇਵਲ ਸਿੰਘ ਦਾਊਦ ਸਰਜੀਤ ਸਿੰਘ ਵਡਾਲਾ ਆਦਿ ਸਾਥੀ ਹਾਜ਼ਰ ਸਨ ਇਸ ਮੌਕੇ ਭਰਾਤਰੀ ਜਥੇਬੰਦੀ ਜਮਹੂਰੀ ਕਿਸਾਨ ਸਭਾ ਦੇ ਆਗੂ ਹਰਪ੍ਰੀਤ ਸਿੰਘ ਬਟਾਰੀ ਨੇ ਆਪਣੇ ਵਿਚਾਰ ਸਾਂਝੇ ਕੀਤੇ।




## ਮੋਦੀ ਹਕੂਮਤ ਨੇ ਦੇਸ਼ ਨੂੰ ਅਮਰੀਕਾ ਦੀ ਝੋਲੀ ਪਾਇਆ: ਜੇ.ਪੀ.ਐਮ.ਓ.



ਤਲਵਾੜਾ, 14 ਫਰਵਰੀ (ਜਗਮੋਹਨ ਸ਼ਰਮਾ) :ਇੱਥੇ ਜਨਤਕ ਜਥੇਬੰਦੀਆਂ ਦਾ ਸਾਂਝੇ ਮੋਰਚੇ (ਜੇਪੀਐਮਓ) ਵੱਲੋਂ 12 ਦੀ ਰਾਸ਼ਟਰ ਵਿਆਪੀ ਹੜਤਾਲ ਦੇ ਸਮਰਥਨ 'ਚ ਰੋਸ ਮੁਜ਼ਾਹਰਾ ਕੀਤਾ ਗਿਆ। ਸਥਾਨਕ ਮਹਾਰਾਣਾ ਪ੍ਰਤਾਪ ਚੌਕ ਵਿਖੇ ਜੇਪੀਐਮਓ ਦੇ ਬੈਨਰ ਹੇਠਾਂ ਮਨਰੇਗਾ, ਮਿਡ ਡੇ ਮੀਲ, ਆਸ਼ਾ ਵਰਕਰਾਂ, ਜੀਟੀਯੂ,ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਪੀ ਡਬਲਿਯੂ ਡੀ ਫੀਲਡ ਐਂਡ ਵਰਕਸ਼ਾਪ ਯੂਨੀਅਨ, ਪਸਸਫ, ਪੰਜਾਬ ਪਾਵਰਕਾਮ ਆਊਟ ਸੋਰਸ ਯੂਨੀਅਨ, ਪੈਨਸ਼ਨਰ, ਕਿਸਾਨ ਜਥੇਬੰਦੀਆਂ ਆਦਿ ਤੋਂ ਵੱਡੀ ਗਿਣਤੀ ਕਾਰਕੁੰਨ ਸ਼ਾਮਲ ਹੋਏ। ਬੁਲਾਰਿਆਂ ਨੇ ਕੇਂਦਰ ਅਤੇ ਰਾਜ ਸਰਕਾਰ ਦੀਆਂ ਕਿਸਾਨ, ਮੁਲਾਜ਼ਮ, ਮਜ਼ਦੂਰ ਅਤੇ ਛੋਟੀ ਦੁਕਾਨਦਾਰੀ ਵਿਰੋਧੀ ਨੀਤੀਆਂ ਦੀ ਨਿਖੇਧੀ ਕੀਤੀ। ਪੈਨਸ਼ਨਰ ਆਗੂ ਸਾਥੀ ਸ਼ਿਵ ਕੁਮਾਰ ਨੇ ਅੱਜ ਦੀ ਹੜਤਾਲ ਦੀ ਮਹੱਤਤਾ ਉੱਤੇ ਵਿਸਥਾਰ ਪੂਰਵਕ ਚਰਚਾ ਕੀਤੀ, ਇੱਕਤਰ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਆਦਿ ਨੂੰ ਹੁਕਮਰਾਨਾਂ ਦੀਆਂ ਵੰਡ ਪਾਊ ਨੀਤੀਆਂ ਤੋਂ ਸੁਚੇਤ ਰਹਿ ਕੇ ਏਕਤਾ ਨੂੰ ਵਿਸ਼ਾਲ ਕਰਨ ਅਤੇ ਸੰਘਰਸ਼ ਨੂੰ ਤੇਜ਼ ਕਰਨ ਦੀ ਗੱਲ ਕਹੀ। ਸਾਥੀ ਜਸਵੀਰ ਤਲਵਾੜਾ ਨੇ ਕਿਹਾ ਕਿ ਪੰਜ ਸਾਲ ਲਈ ਦੇਸ਼ ਸੇਵਾ ਦੇ ਨਾਂ 'ਤੇ ਸੱਤਾ 'ਤੇ ਬੈਠੇ ਸਿਆਸੀ ਲੋਕ ਇੱਕ ਤੋਂ ਵਧ ਪੈਨਸ਼ਨਾਂ ਲੈ ਰਹੇ ਹਨ, ਜਦਕਿ ਆਪਣੀ ਉਮਰ ਦੇਸ਼ ਦੇ ਵਿਕਾਸ ਦੇ ਲੇਖੇ ਲਾਉਣ ਵਾਲੇ ਮੁਲਾਜ਼ਮਾਂ ਨੂੰ ਨਿਗੁਣੀ ਜਿਹੀ ਪੈਨਸ਼ਨ ਦਿੱਤੀ ਜਾ ਰਹੀ ਹੈ। ਅਜ਼ਾਦੀ ਤੋਂ ਬਾਅਦ ਬਣੀਆਂ ਸਰਕਾਰਾਂ ਨੇ ਦੇਸ਼ ਦੇ ਆਰਥਿਕ ਤੇ ਸਮਾਜਿਕ ਵਿਕਾਸ ਲਈ ਲੋਕਾਂ ਨੂੰ ਪੱਕੀਆਂ ਨੌਕਰੀਆਂ ਦਿੱਤੀਆਂ, ਪਰ ਸਾਲ 2014 ਵਿੱਚ ਕੇਂਦਰ ਅਤੇ ਸਾਲ 2022 ਵਿਚ ਪੰਜਾਬ 'ਚ ਬਦਲਾਅ ਵਾਲੀ ਆਈਆਂ ਸਰਕਾਰਾਂ ਲੋਕਾਂ ਨੂੰ ਪੱਕੇ ਰੁਜ਼ਗਾਰ ਦੀ ਥਾਂ ਪਹਿਲਾਂ ਠੇਕੇ 'ਤੇ ਫਿਰ ਆਊਟਸੋਰਸ ਅਤੇ ਹੁਣ ਇਨਸੈਂਟਿਵ 'ਤੇ ਰੱਖ ਕੇ ਡੰਗ ਟਪਾ ਰਹੀਆਂ ਹਨ। ਪੰਜਾਬ ਸਰਕਾਰ ਚੋਣਾਂ 'ਚ ਕੀਤੇ ਵਾਅਦਿਆਂ ਤੋਂ ਭੱਜ ਗਈ ਹੈ, ਉੱਥੇ ਹੀ ਕੇਂਦਰ ਸਰਕਾਰ ਨੇ ਲੋਕਾਂ ਨੂੰ ਧਰਮ, ਜਾਤ,ਬੋਲੀ, ਖੇਤਰਵਾਦ ਜਿਹੇ ਸੰਜੀਦਾ ਮਸਲਿਆਂ 'ਤੇ ਉਲਝਾ ਕੇ ਵੰਡਣ ਦੇ ਯਤਨ ਕੀਤੇ ਜਾ ਰਹੇ ਹਨ। ਮਨਰੇਗਾ ਵਰਕਰ ਯੂਨੀਅਨ ਦੇ ਸੂਬਾ ਕਨਵੀਨਰ ਦੀਪਕ ਤਲਵਾੜਾ ਨੇ ਭਾਜਪਾ 'ਤੇ ਵਰ੍ਹਦਿਆਂ ਕਿਹਾ ਕਿ ਆਰਐਸਐਸ/ ਭਾਜਪਾ ਮੁੱਢ ਤੋਂ ਹੀ ਮਹਾਤਮਾ ਗਾਂਧੀ ਦੇ ਵਿਰੋਧੀ ਹਨ, ਉਨ੍ਹਾਂ ਮਗਨਰੇਗਾ ਦਾ ਨਾਂ ਬਦਲ ਕੇ ਇਸਦਾ ਸਬੂਤ ਦਿੱਤਾ ਹੈ, ਮਗਰਨੇਗਾ ਦਾ ਨਾਮ ਹੀ ਨਹੀਂ, ਸਗੋਂ ਉਸਦਾ ਪੂਰਾ ਸਵਰੂਪ ਬਦਲ ਕੇ ਮਜ਼ਦੂਰਾਂ ਦੇ ਹੱਕ 'ਚ ਬਣੀ ਇੱਕੋ ਇੱਕ ਯੋਜਨਾ ਦਾ ਭੋਗ ਪਾ ਦਿੱਤਾ ਹੈ, ਉਥੇ ਮਜ਼ਦੂਰਾਂ ਦੇ ਅਧਿਕਾਰਾਂ ਲਈ ਬਣੇ ਕਿਰਤ ਕਾਨੂੰਨਾਂ ਨੂੰ ਰੱਦ ਕਰਕੇ ਚਾਰ ਲੇਬਰ ਕੋਡ ਪੂੰਜੀਪਤੀਆਂ ਦੇ ਹੱਕ 'ਚ ਬਣਾ ਕੇ ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਬੁਲਾਰਿਆਂ ਨੇ ਕੇਂਦਰ ਸਰਕਾਰ ਵੱਲੋਂ ਕੀਤੇ ਭਾਰਤ ਅਮਰੀਕਾ ਵਪਾਰ ਸਮਝੌਤੇ 'ਤੇ ਵੀ ਸਵਾਲ ਉਠਾਏ। ਸਰਕਾਰ ਜਨਤਕ ਅਦਾਰੇ ਆਪਣੇ ਚਹੇਤੇ ਪੂੰਜੀਪਤੀਆਂ ਨੂੰ ਵੇਚ ਕੇ ਪਬਲਿਕ ਸੈਕਟਰ ਨੂੰ ਤਬਾਹ ਕਰਨ ਦੇ ਰਾਹ ਪਈ ਹੋਈ ਹੈ। ਬਿਜਲੀ ਸੋਧ ਬਿੱਲ 2020 ਅਤੇ ਸੀਡ ਬਿੱਲ 2025 ਕਿਸਾਨਾਂ ਅਤੇ ਆਮ ਲੋਕਾਂ ਲਈ ਨੁਕਸਾਨਦੇਹ ਸਾਬਤ ਹੋਵੇਗਾ। ਮੋਦੀ ਸਰਕਾਰ 'ਤੇ ਦੇਸ਼ ਨੂੰ ਟਰੰਪ ਦੀ ਝੋਲੀ ਪਾਉਣ ਦੇ ਦੋਸ਼ ਲਗਾਏ। ਮੁਲਕ ਦੇ ਫੈਸਲੇ ਲੋਕਾਂ ਦੁਆਰਾ ਚੁਣੀ ਸਰਕਾਰ ਨਹੀਂ ਬਲਕਿ ਅਮਰੀਕਾ ਦਾ ਰਾਸ਼ਟਰਪਤੀ ਕਰ ਰਿਹਾ ਹੈ। ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਫੇਲ੍ਹ ਹੋ ਗਈ ਹੈ, ਅਤੇ ਸਰਕਾਰ ਦੀਆਂ ਨੀਤੀਆਂ ਮੁਲਕ ਨੂੰ ਮੁੜ ਗੁਲਾਮੀ ਵੱਲ ਧਕੇਲ ਰਹੀਆਂ ਹਨ। । ਉਪਰੰਤ ਸ਼ਹਿਰ 'ਚ ਮਾਰਚ ਕੱਢਿਆ।

## ਮਾਨ ਸਰਕਾਰ ਬਜ਼ੁਰਗਾਂ ਦੇ ਸਵੈਮਾਨ, ਸੁਰੱਖਿਆ, ਸਿਹਤ ਤੇ ਸਮਾਜਿਕ ਸੰਭਾਲ ਲਈ ਵਚਨਬੱਧ : ਧਾਲੀਵਾਲ

### ਸਾਡੇ ਬਜ਼ੁਰਗ -ਸਾਡਾ ਮਾਣ' ਤਹਿਤ ਮੁਫਤ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਲਗਾਏ ਗਏ ਵਿਸ਼ੇਸ਼ ਕੈਂਪ



ਅੰਮ੍ਰਿਤਸਰ, 14 ਫਰਵਰੀ( ਬਬਲੂ ਮਹਾਜਨ) : ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਲਈ ਸ਼ੁਰੂ ਕੀਤੀ ਗਈ ਫਲੈਗਸ਼ਿਪ ਮੁਹਿੰਮ ਸਾਡੇ ਬਜ਼ੁਰਗ ਸਾਡਾ ਮਾਣ ਤਹਿਤ ਅੱਜ ਸਿਵਲ ਹਸਪਤਾਲ ਅਜਨਾਲਾ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ। ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਧਾਇਕ ਅਤੇ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ ਸ. ਕੁਲਦੀਪ ਸਿੰਘ ਧਾਲੀਵਾਲ ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਕੈਂਪ ਦੌਰਾਨ ਹਸਪਤਾਲ ਦੇ ਐਸ.ਐਮ.ਓ. ਸਮੇਤ ਵੱਖ-ਵੱਖ ਮਾਹਿਰ ਡਾਕਟਰਾਂ ਵਲੋਂ 400 ਤੋਂ ਵਧੇਰੇ ਬਜ਼ੁਰਗਾਂ ਦੀਆਂ ਬਿਮਾਰੀਆਂ ਦੀ ਜਾਂਚ ਕਰਕੇ ਇਲਾਜ ਲਈ ਮੁਫਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਾਡੇ ਬਜ਼ੁਰਗ ਬੋਹੜ ਦੀ ਠੰਡੀ ਤੇ ਸੁਹਾਵਨੀ ਛਾਂ ਵਰਗੇ ਹਨ ਅਤੇ ਸਮਾਜ ਦਾ ਬਹੁਮੁੱਲਾ ਖ਼ਜ਼ਾਨਾ ਹਨ। ਜਿਸਦੇ ਮੱਦੇਨਜ਼ਰ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਸ਼ੁਰੂ ਕਰਕੇ ਬਜ਼ੁਰਗਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸੁਹਿਰਦ ਯਤਨ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਸਿਰਫ ਨਾਅਰਾ ਹੀ ਨਹੀਂ ਸਗੋਂ ਸੂਬਾ ਮਾਨ ਸਰਕਾਰ ਬਜ਼ੁਰਗਾਂ ਦੀ ਸਵੈਮਾਨ ਸੁਰੱਖਿਆ, ਸਿਹਤ ਤੇ ਸਮਾਜਿਕ ਸੰਭਾਲ ਲਈ ਪੂਰੀ ਤਰਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਲਈ ਇਸ ਵਿਸ਼ੇਸ਼ ਮੁਹਿੰਮ ਦੀ ਸਫਲਤਾ ਲਈ ਚਾਲੂ ਵਿੱਤੀ ਸਾਲ 2025-26 ਦੌਰਾਨ 7.86 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।ਮੁੱਖ ਮਹਿਮਾਨ ਸ. ਧਾਲੀਵਾਲ ਨੇ ਕਿਹਾ ਕਿ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਤਹਿਤ ਬਜ਼ੁਰਗਾਂ ਨੂੰ ਮੁਫਤ ਵਿਆਪਕ ਪੱਧਰ ਤੇ ਸਿਹਤ ਸਹੂਲਤਾਂ ਦੇਣ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵੱਲੋਂ ਕੈਂਪ ਲਗਾ ਕੇ ਸੀਨੀਅਰ ਸਿਟੀਜਨ ਕਾਰਡ ਬੁਢਾਪਾ ਪੈਨਸ਼ਨ ਤੇ ਹੋਰ ਸਮਾਜਿਕ ਸੁਰੱਖਿਆ ਸਕੀਮਾਂ ਦਾ ਲਾਭ ਇਕੋ ਛੱਤ ਹੇਠ ਉਪਲੱਬਧ ਕਰਵਾਇਆ ਜਾ ਰਿਹਾ ਹੈ। ਇਸੇ ਦੌਰਾਨ ਅਜਨਾਲਾ ਸ਼ਹਿਰ ਦੀ ਵਾਰਡ ਨੰ: 7 'ਚ ਬਲਾਕ ਸ਼ਹਿਰੀ ਪ੍ਰਧਾਨ ਤੇ ਚੇਅਰਮੈਨ ਸ੍ਰੀ ਅਮਿਤ ਔਲ ਦੇ ਉੱਦਮ ਨਾਲ 10 ਲੱਖ ਰੁਪਏ ਮੁਫਤ ਸਿਹਤ ਬੀਮਾ ਸਕੀਮ ਦੇ ਕਾਰਡ ਬਣਾਉਣ ਲਈ ਲਗਾਏ ਗਏ ਵਿਸ਼ੇਸ਼ ਕੈਂਪ ਅਤੇ ਕੈਂਪ ਦੌਰਾਨ 120 ਲਾਭਪਾਤਰਾਂ ਦੇ ਬਣਾਏ ਗਏ ਸਿਹਤ ਕਾਰਡ ਵੰਡਣ ਦੌਰਾਨ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਦਾਅਵਾ ਕੀਤਾ ਕਿ ਪੰਜਾਬ ਦੀ ਕਰੀਬ 3 ਕਰੋੜ ਵੱਸੋਂ ਨੂੰ 10 ਲੱਖ ਰੁਪਏ ਤੱਕ ਮੁਫਤ ਸਿਹਤ ਬੀਮਾ ਦੀ ਸਹੂਲਤ ਮੁਹੱਈਆ ਕਰਵਾਉਣ 'ਚ ਸੂਬਾ ਭਗਵੰਤ ਮਾਨ ਸਰਕਾਰ ਸਿਰਫ ਦੇਸ਼ 'ਚੋਂ ਹੀ ਨਹੀਂ ਸਗੋਂ ਵਿਸ਼ਵ ਭਰ 'ਚੋਂ ਆਪਣੇ ਨਾਗਰਿਕਾਂ ਨੂੰ 10 ਲੱਖ ਰੁਪਏ ਮੁਫਤ ਸਿਹਤ ਸਹੂਲਤ ਦੇਣ 'ਚ ਪਹਿਲੀ ਸਰਕਾਰ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕੋਈ ਵੀ ਨਾਗਰਿਕ ਮੁਫਤ ਸਿਹਤ ਬੀਮਾ ਸਕੀਮ ਦਾ ਕਾਰਡ ਬਣਾਉਣ ਦਾ ਵਾਂਝਿਆਂ ਨਹੀਂ ਰੱਖਿਆ ਜਾਵੇਗਾ ਅਤੇ ਅਗਲੇ 3 ਮਹੀਨੇ ਤੱਕ ਸਿਹਤ ਕਾਰਡ ਬਣਾਉਣ ਦੀ ਮੁਹਿੰਮ ਜਾਰੀ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨਾਗਰਿਕ ਪੱਛੜ ਜਾਵੇਗਾ ਤਾਂ ਉਸ ਤੋਂ ਬਾਅਦ ਵੀ ਉਸਦਾ ਸਿਹਤ ਕਾਰਡ ਬਣਾਇਆ ਜਾਵੇਗਾ। ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਗੁਰਜੰਟ ਸਿੰਘ ਸੋਹੀ, ਪੀਏ ਮੁਖਤਾਰ ਸਿੰਘ, ਸ਼ਹਿਰੀ ਪ੍ਰਧਾਨ ਅਮਿਤ ਔਲ, ਨਗਰ ਕੌਂਸਲ ਪ੍ਰਧਾਨ ਭੱਟੀ ਜਸਪਾਲ ਸਿੰਘ ਢਿਲੋਂ, ਕੌਂਸਲਰ ਸੁਨੀਤਾ ਰਾਣੀ, ਸ਼ਿਵ ਚਾਹਲ, ਦਵਿੰਦਰ ਸਿੰਘ ਸੋਨੂੰ, ਗੁਰਦੀਪ ਕੌਰ ਸਮੇਤ ਹੋਰ ਸ਼ਖਸ਼ੀਅਤਾਂ ਤੇ ਆਗੂ ਮੌਜੂਦ ਸਨ।

## ਡੀ.ਸੀ. ਨੇ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਜਾਰੀ ਕਰਨ ਲਈ ਲਗਾਏ ਵਿਸ਼ੇਸ਼ ਕੈਂਪਾਂ ਦਾ ਕੀਤਾ ਦੌਰਾ



ਹੁਸ਼ਿਆਰਪੁਰ, 14 ਫਰਵਰੀ (ਦੀਪਕ ਅਗਨੀਹੋਤਰੀ): ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਜਾਰੀ ਕਰਨ ਲਈ ਲਗਾਏ ਜਾ ਰਹੇ ਵਿਸ਼ੇਸ਼ ਕੈਂਪਾਂ ਦਾ ਦੌਰਾ ਕੀਤਾ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਕੈਂਪਾਂ ਦੌਰਾਨ ਉਨ੍ਹਾਂ ਨੇ ਰਜਿਸਟ੍ਰੇਸ਼ਨ ਪ੍ਰਕਿਰਿਆ, ਲਾਭਪਾਤਰੀਆਂ ਲਈ ਸਹੂਲਤਾਂ ਤੇ ਸਟਾਫ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਜਾਇਜ਼ਾ ਲਿਆ ਤੇ ਮੌਜੂਦ ਨਾਗਰਿਕਾਂ ਨਾਲ ਵੀ ਗੱਲਬਾਤ ਕੀਤੀ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੁਆਰਾ ਲਾਗੂ ਕੀਤੀ ਜਾ ਰਹੀ ਮੁੱਖ ਮੰਤਰੀ ਸਿਹਤ ਯੋਜਨਾ ਦਾ ਉਦੇਸ਼ ਹਰੇਕ ਨਾਗਰਿਕ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨਾ ਹੈ। ਇਸ ਯੋਜਨਾ ਦੇ ਤਹਿਤ ਹਰੇਕ ਯੋਗ ਪਰਿਵਾਰ ਨੂੰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਇਲਾਜ ਪ੍ਰਦਾਨ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਭਰ ਦੇ ਵੱਖ-ਵੱਖ ਪਿੰਡਾਂ ਅਤੇ ਵਾਰਡਾਂ ਵਿੱਚ ਲਗਾਏ ਗਏ ਕੈਂਪਾਂ ਰਾਹੀਂ ਲਾਭਪਾਤਰੀ ਕਾਰਡ ਬਣਾਏ ਜਾ ਰਹੇ ਹਨ ਅਤੇ ਇਹ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗੀ ਤਾਂ ਜੋ ਕੋਈ ਵੀ ਯੋਗ ਵਿਅਕਤੀ ਇਸ ਯੋਜਨਾ ਦੇ ਲਾਭਾਂ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਇਸ ਵੇਲੇ 343 ਕੈਂਪ ਚੱਲ ਰਹੇ ਹਨ।ਨਾਗਰਿਕਾਂ ਨੂੰ ਇਸ ਯੋਜਨਾ ਬਾਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਰਕਾਰੀ ਹਸਪਤਾਲਾਂ ਤੇ ਸੂਚੀਬੱਧ ਨਿੱਜੀ ਹਸਪਤਾਲਾਂ ਦੋਵਾਂ ਵਿੱਚ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕਾਰਡ ਬਣਾਉਣ ਲਈ ਆਧਾਰ ਤੇ ਵੋਟਰ ਆਈ.ਡੀ ਕਾਰਡ ਜ਼ਰੂਰੀ ਹਨ, ਜਦੋਂ ਕਿ ਨਾਬਾਲਗ ਬੱਚਿਆਂ ਦੀ ਰਜਿਸਟ੍ਰੇਸ਼ਨ ਲਈ ਜਨਮ ਸਰਟੀਫਿਕੇਟ ਜ਼ਰੂਰੀ ਹਨ।

## ਦਸਮੇਸ਼ ਹੈਰੀਟੇਜ ਪਬਲਿਕ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ



ਬਾਬਾ ਬਕਾਲਾ ਸਾਹਿਬ, 14 ਫਰਵਰੀ (ਬਲਰਾਜ ਸਿੰਘ ਰਾਜਾ, ਬਲਜਿੰਦਰ ਸਿੰਘ ਰੰਧਾਵਾ): ਆਈ.ਪੀ.ਐਸ ਸ਼ਿਰੀਵਿਨੇਲਾ ਅਤੇ ਡੀ.ਐਸ.ਪੀ. ਅਰੁਣ ਸ਼ਰਮਾਂ ਨੇ ਕੀਤੀ ਇਨਾਮਾਂ ਦੀ ਵੰਡ।ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ, ਮਹਿਤਾ ਚੌਕ ਵਲੋਂ ਸਾਲਾਨਾ ਇਨਾਮ ਵੰਡ ਸਮਾਗਮ ਸਕੂਲ ਗਰਾਊਂਡ ਵਿਖੇ ਕਰਵਾਇਆ ਗਿਆ। ਸਕੂਲ ਵਲੋਂ 'ਸ਼ਾਨਦਾਰ ਸੰਗੀਤਕ ਪ੍ਰੋਗਰਾਮ ਥੀਮ ਤਹਿਤ ਕਰਵਾਏ ਗਏ ਵਿਸ਼ਾਲ ਸਮਾਰੋਹ ਦੌਰਾਨ ਬਤੌਰ ਮੁੱਖ ਮਹਿਮਾਨ ਸ਼੍ਰੀ.ਸਿਰੀ ਵਨੇਲਾ ਜੀ ਆਈ.ਪੀ.ਐਸ, ਵਧੀਕ ਡਿਪਟੀ ਕਮਿਸ਼ਨਰ ਪੁਲਿਸ , ਅੰਮ੍ਰਿਤਸਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ਼੍ਰੀ. ਅਰੁਣ ਸ਼ਰਮਾ ਡੀ.ਐਸ.ਪੀ, ਬਾਬਾ ਬਕਾਲਾ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸਕੂਲ ਦੇ ਚੇਅਰਮੈਨ ਸ: ਗੁਰਦੀਪ ਸਿੰਘ ਰੰਧਾਵਾ, ਮੈਨੇਜਿੰਗ ਡਾਇਰੈਕਟਰ ਸ:ਹਰਸ਼ਦੀਪ ਸਿੰਘ ਰੰਧਾਵਾ ਨੇ ਉਹਨਾਂ ਦਾ ਸਕੂਲ ਪਹੁੰਚਣ ਤੇ ਹਾਰਦਿਕ ਸਵਾਗਤ ਕੀਤਾ। ਉਪਰੰਤ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ।ਜਿਸ ਵਿੱਚ ਪੰਜਾਬੀ ਗਿੱਧਾ ਭੰਗੜਾ ਲੁੱਡੀ ਅਤੇ ਪੰਜਾਬੀ ਮਾਂ ਬੋਲੀ ਨਾਲ ਸੰਬੰਧਿਤ ਆਈਟਮਾਂ ਪੇਸ਼ ਕੀਤੀਆਂ ਗਈਆਂ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਸ.ਹਰਸ਼ਦੀਪ ਸਿੰਘ ਰੰਧਾਵਾ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਅਤੇ ਨਾਲ ਹੀ ਬੱਚਿਆਂ ਨੂੰ ਮੁੱਖ ਮਹਿਮਾਨ ਨਾਲ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਸ੍ਰੀ ਵਨੇਲਾ ਜੀ ਇੱਕ ਪੁਲਿਸ ਅਫਸਰ ਹੀ ਨਹੀਂ ਸਗੋਂ ਇੱਕ ਕਵੀ ,ਕ੍ਰਿਕਟਰ ਤੇ ਆਦਿ ਖੂਬੀਆਂ ਨਾਲ ਭਰੇ ਹਨ। ਸਾਨੂੰ ਵੀ ਉਹਨਾਂ ਵਾਂਗਰ ਜਿੰਦਗੀ ਵਿੱਚ ਅੱਗੇ ਵਧਣਾ ਚਾਹੀਦਾ ਹੈ ਤੇ ਬੁਲੰਦੀਆਂ ਨੂੰ ਛੂਹਣਾ ਚਾਹੀਦਾ ਹੈ,ਅੰਤ ਵਿੱਚ ਉਹਨਾਂ ਨੇ ਸਕੂਲ ਸਮਾਗਮ ਵਿੱਚ ਸ਼ਿਰਕਤ ਕਰਨ ਵਾਲੇ ਸਮੂਹ ਮਾਪਿਆ ਨੂੰ ਵੀ ਜੀ ਆਇਆਂ ਕਿਹਾ ਅਤੇ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਬਾਜਵਾ ਐਡੀਸ਼ਨਲ ਐਸ ਐਚ ਓ ਮਹਿਤਾ, ਸ: ਅਵਤਾਰ ਸਿੰਘ ਬੁੱਟਰ ਮੈਂਬਰ ਚੀਫ ਖਾਲਸਾ ਦੀਵਾਨ,ਪ੍ਰਿੰ: ਕੁਲਬੀਰ ਸਿੰਘ ਮਾਨ , ਪ੍ਰਿੰ ਕੁਲਵੰਤ ਸਿੰਘ ਕੋਹਾੜ, ਪ੍ਰਿੰ: ਜਤਿੰਦਰ ਸ਼ਰਮਾ, ਪ੍ਰਿੰ: ਗੁਰਦੀਪ ਸਿੰਘ ਜਲਾਲ ਉਸਮਾਂ, ਪ੍ਰਿੰ. ਗੋਰਵਜੀਤ ਸਿੰਘ, ਪ੍ਰਿੰ. ਹਰਜੋਤ ਸਿੰਘ , ਪ੍ਰਿੰ ਤੇਜਬੀਰ ਸਿੰਘ ਸੋਹਲ, ਸ ਬਲਕਾਰ ਸਿੰਘ, ਸੁਖਪਾਲ ਸਿੰਘ ਬੱਲ, ਅਮਰ ਰਾਵਤ, ਬਲਜਿੰਦਰ ਸਿੰਘ ਰਾਜੂ, ਕੈਪਟਨ ਜੋਗਿੰਦਰ ਸਿੰਘ,ਮੈ:ਸ਼ਾਮਬਵੀ ,ਪ੍ਰਿੰ ਗੁਰਬੀਰ ਕੌਰ, ਮੈ.ਹਰਪ੍ਰੀਤ ਕੌਰ, ਸ੍ਰੀ ਲਕਸ਼ਮਣ ਸਿੰਘ ਰਾਵਤ, ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਖ਼ਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਦਾਇਗੀ ਸਮਾਰੋਹ ਸ਼ਾਨੋ-ਸ਼ੌਕਤ ਨਾਲ ਮਨਾਇਆ



ਗੜ੍ਹਦੀਵਾਲਾ, 14 ਫਰਵਰੀ (ਗੌਰਵ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਖ਼ਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਗੜ੍ਹਦੀਵਾਲਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸਕੱਤਰ (ਵਿੱਦਿਆ) ਸੁਖਮਿੰਦਰ ਸਿੰਘ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਵਿਖੇ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਲਈ ਵਿਦਾਇਗੀ ਸਮਾਰੋਹ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਹ ਸਮਾਰੋਹ ਗਿਆਰਵੀਂ ਕਲਾਸ ਦੇ ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰ ਸਾਥੀਆਂ ਨੂੰ ਸੁਨਿਹਰੇ ਭਵਿੱਖ ਦੀਆਂ ਸ਼ੁਭਕਾਮਨਾਵਾਂ ਦੇਣ ਅਤੇ ਯਾਦਗਾਰ ਪਲ ਸਾਂਝੇ ਕਰਨ ਲਈ ਆਯੋਜਿਤ ਕੀਤਾ ਗਿਆ।ਇਸ ਸਮਾਰੋਹ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਡਾ. ਜਸਪਾਲ ਸਿੰਘ ਜੀ ਸਨ। ਉਨ੍ਹਾਂ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਜੀਵਨ ਵਿੱਚ ਉੱਚੇ ਲਕਸ਼ ਪ੍ਰਾਪਤ ਕਰਨ, ਮਿਹਨਤ ਅਤੇ ਅਨੁਸ਼ਾਸਨ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀ ਸਕੂਲ ਦੀ ਸ਼ਾਨ ਹਨ ਅਤੇ ਉਹਨਾਂ ਦੀ ਕਾਮਯਾਬੀ ਸੰਸਥਾ ਲਈ ਮਾਣ ਦੀ ਗੱਲ ਹੈ। ਸਮਾਰੋਹ ਦੀ ਸ਼ੁਰੂਆਤ ਵਿੱਚ ਗਿਆਰਵੀਂ ਦੇ ਵਿਦਿਆਰਥੀਆਂ ਵੱਲੋਂ ਸਵਾਗਤੀ ਕਵਿਤਾ ਦਾ ਉਚਾਰਨ ਕੀਤਾ ਗਿਆ।, ਜਿਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਰੰਗਾਰੰਗ ਕਾਰਜਕ੍ਰਮ ਪੇਸ਼ ਕੀਤੇ ਗਏ। ਨਾਚ-ਗਾਣੇ ਅਤੇ ਖੇਡ ਮੁਕਾਬਲੇ ਸਮਾਰੋਹ ਦਾ ਖਾਸ ਆਕਰਸ਼ਣ ਰਹੇ। ਵਿਦਿਆਰਥੀਆਂ ਨੇ ਭੰਗੜਾ ਅਤੇ ਗਿੱਧਾ ਪੇਸ਼ ਕਰਕੇ ਦਰਸ਼ਕਾਂ ਨੂੰ ਮੋਹ ਲਿਆ। ਗਿਆਰਵੀਂ ਦੇ ਵਿਦਿਆਰਥੀਆਂ ਨੇ ਬਾਰਵੀਂ ਦੇ ਵਿਦਿਆਰਥੀਆਂ ਨੂੰ ਯਾਦਗਾਰੀ ਤੋਹਫ਼ੇ ਭੇਂਟ ਕੀਤੇ ਅਤੇ ਉਹਨਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਬਾਰਵੀਂ ਦੇ ਵਿਦਿਆਰਥੀਆਂ ਨੇ ਵੀ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਸਕੂਲ ਅਧਿਆਪਕਾਂ ਦਾ ਧੰਨਵਾਦ ਕੀਤਾ। ਸਮਾਰੋਹ ਦੇ ਅੰਤ ਵਿੱਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਤਸਵੀਰਾਂ ਖਿੱਚਵਾਈਆਂ ।

## ਵਿਧਾਇਕ ਸ਼ੈਰੀ ਕਲਸੀ ਨੇ ਐਸ.ਐਚ.ਓ. ਸਿਟੀ ਸੁਖਜਿੰਦਰ ਸਿੰਘ ਨਾਲ ਕੀਤਾ ਦੁੱਖ ਸਾਂਝਾ



ਬਟਾਲਾ, 14 ਫਰਵਰੀ, ਬਲਵਿੰਦਰ ਸਿੰਘ ਪੰਜਗਰਾਈਂ।ਹਲਕਾ ਬਟਾਲਾ ਦੇ ਨੌਜਵਾਨ ਵਿਧਾਇਕ ਅਤੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਐਸ ਐਚ ਓ ਸਿਟੀ ਸੁਖਜਿੰਦਰ ਸਿੰਘ ਹੇਅਰ ਅਤੇ ਉਹਨਾਂ ਦੇ ਭਰਾਤਾ ਸੁਖਵਿੰਦਰ ਸਿੰਘ ਹੇਅਰ ਨਾਲ ਉਹਨਾਂ ਦੀ ਮਾਤਾ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਦੁੱਖ ਸਾਂਝਾ ਕੀਤਾ ਹੈ। ਵਿਧਾਇਕ ਸ਼ੈਰੀ ਕਲਸੀ ਨੇ ਇਸ ਗੱਲ ਦਾ ਵੀ ਅਫ਼ਸੋਸ ਜਾਹਰ ਕੀਤਾ ਕਿ ਉਹ ਮਾਤਾ ਜੀ ਦੇ ਅੰਤਿਮ ਸੰਸਕਾਰ ਉੱਪਰ ਨਹੀਂ ਪਹੁੰਚ ਸਕੇ, ਪਰ 19 ਤਰੀਕ ਨੂੰ ਉਹ ਆਪਣੇ ਸਾਰੇ ਰੁਝੇਂਵੇ ਛੱਡ ਕੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਜ਼ਰੂਰ ਪਹੁੰਚਣਗੇ। ਜਿਕਰਯੋਗ ਹੈ ਕਿ ਮਾਤਾ ਜੀ ਦੇ ਸੰਸਕਾਰ ਮੌਕੇ ਵਿਧਾਇਕ ਦੇ ਭਰਾਤਾ ਅੰਮ੍ਰਿਤ ਕਲਸੀ, ਤਰੁਣ ਕਲਸੀ ਅਤੇ ਉਹਨਾਂ ਦੀ ਸਮੁੱਚੀ ਟੀਮ ਹਾਜ਼ਰ ਸੀ। ਇੱਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਐਸ ਐੱਚ ਓ ਸੁਖਜਿੰਦਰ ਸਿੰਘ ਬਹੁਤ ਹੀ ਸੂਝਵਾਨ ਅਤੇ ਕਾਬਲ ਅਫ਼ਸਰ ਹੋਣ ਕਰਕੇ ਹਰ ਇੱਕ ਦੇ ਚਹੇਤੇ ਹਨ। ਇਸੇ ਕਰਕੇ ਹਲਕੇ ਦਾ ਹਰ ਨੇਤਾ ਉਹਨਾਂ ਦਾ ਸਤਿਕਾਰ ਕਰਦਾ ਹੈ ਅਤੇ ਉਹਨਾਂ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦਾ ਹੈ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ, ਐਸਐਚ ਓ ਸੁਖਜਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਤੋਂ ਇਲਾਵਾ, ਪੀ ਏ ਗਗਨ, ਪਾ ਕੇ ਯੂ ਦੇ ਕੌਮੀ ਜਨਰਲ ਸਕੱਤਰ ਗੁਰਬਚਨ ਸਿੰਘ ਬਾਜਵਾ, ਬਲਾਕ ਸੰਮਤੀ ਮੈਂਬਰ ਪਰਮਜੀਤ ਸਿੰਘ ਟੀਟਾ ਬਾਜਵਾ, ਸਰਪੰਚ ਗੁਰਦੀਪ ਸਿੰਘ ਹੇਅਰ,ਸਾਬਕਾ ਸਰਪੰਚ ਝਿਰਮਲ ਸਿੰਘ, ਸਾਬਕਾ ਸਰਪੰਚ ਗੁਰਦੀਪ ਸਿੰਘ ਰਧਾਨ, ਸੁਖਰਾਜ ਸਿੰਘ ਲਾਲੀ, ਸਾਬਕਾ ਕਰਮਜੀਤ ਸਿੰਘ ਬਾਜਵਾ, ਸਤਨਾਮ ਸਿੰਘ ਹੇਅਰ, ਕਰਨਜੀਤ ਸਿੰਘ ਹੇਅਰ, ਨਰਿੰਦਰ ਸਿੰਘ ਬਸਰਾਵਾਂ, ਬਲਦੇਵ ਸਿੰਘ ਪਾਰਸ ਹੋਟਲ, ਬਲਦੇਵ ਰਾਜ, ਹੁਣ ਕਿੰਨਾ ਮੈਂ ਪੰਚ ਧਰਮਿੰਦਰ ਸਿੰਘ, ਮਾ. ਜੋਗਾ ਸਿੰਘ, ਤੇ ਹੋਰ ਬਹੁਤ ਸਾਰੀਆਂ ਮਾਣਮੱਤੀਆਂ ਸ਼ਖਸੀਅਤਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਅਜਨਾਲਾ ਵਿੱਚ ਹੜ੍ਹ ਪੀੜਤਾਂ ਦੇ ਵਾਰਸਾਂ ਨੂੰ ਮੁਆਵਜ਼ਾ



ਅੰਮ੍ਰਿਤਸਰ, 14 ਫਰਵਰੀ ( ਬਬਲੂ ਮਹਾਜਨ) : ਅਗਸਤ 2025 ਵਿੱਚ ਅਜਨਾਲਾ ਇਲਾਕੇ ਦੀ ਦਰਿਆਈ ਪੱਟੀ ਵਿੱਚ ਆਈ ਭਿਆਨਕ ਹੜ੍ਹ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਮਨੁੱਖਤਾ ਦੇ ਨਾਤੇ ਕੁੱਲ_ 20,04,829.90/- (ਵੀਹ ਲੱਖ ਚਾਰ ਹਜ਼ਾਰ ਅੱਠ ਸੌ ਉਣੱਤੀ ਰੁਪਏ ਨੱਬੇ ਪੈਸੇ) ਜਾਰੀ ਕੀਤੇ ਗਏ ਹਨ। ਇਹ ਰਕਮ 10 ਪ੍ਰਭਾਵਿਤ ਪਰਿਵਾਰਾਂ ਨੂੰ ਦਿੱਤੀ ਗਈ ਹੈ, ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਇਸ ਦੁੱਖਦਾਈ ਹੜ੍ਹ ਘਟਨਾ ਵਿੱਚ ਮੌਤ ਹੋ ਗਈ ਸੀ। ਹਰ ਪਰਿਵਾਰ ਨੂੰ_ 2,00,482.99/- (ਦੋ ਲੱਖ ਚਾਰ ਸੌ ਬਿਆਸੀ ਰੁਪਏ ਨੰਵੇਂ ਪੈਸੇ) ਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਗਈ ਹੈ।ਇਹ ਰਕਮ ਸੈਸ਼ਨ ਡਿਵਿਜ਼ਨ ਅੰਮ੍ਰਿਤਸਰ ਦੇ ਸਾਰੇ ਨਿਆਂਇਕ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸਵੈਛਿਕ ਯੋਗਦਾਨ ਦੇ ਰੂਪ ਵਿੱਚ ਇਕੱਠੀ ਕੀਤੀ ਗਈ। ਇਕੱਠੀ ਕੀਤੀ ਗਈ ਰਕਮ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਰਾਹੀਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਨੂੰ ਭੇਜੀ ਗਈ, ਤਾਂ ਜੋ ਮ੍ਰਿਤਕਾਂ ਦੇ ਕਾਨੂੰਨੀ ਵਾਰਸਾਂ ਵਿੱਚ ਇਸ ਦੀ ਵੰਡ ਕੀਤੀ ਜਾ ਸਕੇ।ਹਰ ਯੋਗ ਪਰਿਵਾਰ ਨੂੰ ਇਹ ਆਰਥਿਕ ਸਹਾਇਤਾ ਉਨ੍ਹਾਂ ਦੇ ਨੁਕਸਾਨ ਤੋਂ ਉਬਰਣ ਅਤੇ ਉਨ੍ਹਾਂ ਦੀ ਤੁਰੰਤ ਜ਼ਰੂਰਤਾਂ ਅਤੇ ਪੁਨਰਵਾਸ ਲਈ ਪ੍ਰਦਾਨ ਕੀਤੀ ਗਈ ਹੈ। ਆਰਥਿਕ ਸਹਾਇਤਾ ਤੋਂ ਇਲਾਵਾ, ਹੜ੍ਹ ਦੇ ਦੌਰਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਪ੍ਰਭਾਵਿਤ ਇਲਾਕਿਆਂ ਵਿੱਚ ਪਹੁੰਚ ਕਰਕੇ ਸੁੱਕਾ ਰਾਸ਼ਨ, ਪਸ਼ੂਆਂ ਲਈ ਚਾਰਾ, ਮੈਡੀਕਲ ਕਿੱਟਾਂ ਅਤੇ ਹੋਰ ਜ਼ਰੂਰੀ ਸਾਮਾਨ ਵੀ ਵੰਡਿਆ ਗਿਆ।ਇਹ ਸਮਾਗਮ ਮਾਣਯੋਗ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਜੀ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਐਗਜ਼ਿਕਿਊਟਿਵ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਅਤੇ ਮਾਣਯੋਗ ਜਸਟਿਸ ਰੋਹਿਤ ਕਪੂਰ ਜੀ, ਪ੍ਰਸ਼ਾਸਕੀ ਜੱਜ, ਸੈਸ਼ਨ ਡਿਵਿਜ਼ਨ ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ।ਇਸ ਮੌਕੇ ਚੈਕਾਂ ਦੀ ਵੰਡ ਮਿਸ ਜਤੀਂਦਰ ਕੌਰ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਅੰਮ੍ਰਿਤਸਰ ਵੱਲੋਂ ਕੀਤੀ ਗਈ। ਇਸ ਮੌਕੇ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਅਧਿਕਾਰੀ ਵੀ ਮੌਜੂਦ ਸਨ। ਸ਼੍ਰੀ ਅਮਰਦੀਪ ਸਿੰਘ ਬੈਂਸ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਯਤਨਾਂ ਦੀ ਵਿਸ਼ੇਸ਼ ਸਰਾਹਨਾ ਕੀਤੀ ਗਈ, ਜਿਨ੍ਹਾਂ ਨੇ ਪ੍ਰਭਾਵਿਤ ਪਰਿਵਾਰਾਂ ਤੱਕ ਪਹੁੰਚ ਕਰਕੇ ਸਮੇਂ ਸਿਰ ਮਦਦ ਰਕਮ ਵੰਡਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਇਹ ਦੁਹਰਾਇਆ ਗਿਆ ਕਿ ਸੰਕਟ ਦੇ ਸਮੇਂ ਉਹ ਹਮੇਸ਼ਾਂ ਪ੍ਰਭਾਵਿਤ ਅਤੇ ਲੋੜਵੰਦ ਵਰਗਾਂ ਦੀ ਸਹਾਇਤਾ ਲਈ ਵਚਨਬੱਧ ਰਹਿਣਗੇ।

## ਮਾਤਾ ਬਿਸ਼ਨੀਵਾਲ ਨਮਿੱਤ ਸ਼ਰਧਾਜਲੀ ਸਮਾਰੋਹ



ਬਟਾਲਾ, 14 ਫ਼ਰਵਰੀ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਮਹਿੰਦਰ ਸਿੰਘ ਰੰਧਾਵਾ ਦੇ ਸੁਪਤਨੀ ਤੇ ਸੀਨੀਅਰ ਕਾਂਗਰਸੀ ਆਗੂ ਅਮਰਪਾਲ ਸਿੰਘ ਰੰਧਾਵਾ ਬਿਸ਼ਨੀਵਾਲ ਦੇ ਸਤਿਕਾਰਯੋਗ ਮਾਤਾ ਜੀ ਪਰਮਜੀਤ ਕੌਰ ਰੰਧਾਵਾ ਜੋ ਬੀਤੇ ਕੁਝ ਦਿਨ ਪਹਿਲਾਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ, ਉਨਾਂ ਨਮਿਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਨਾਂ ਦੇ ਗ੍ਰਹਿ ਪਿੰਡ ਬਿਸ਼ਨੀਵਾਲ ਵਿਖੇ ਪਾਏ ਗਏ। ਉਪਰੰਤ ਹਜ਼ੂਰੀ ਰਾਗੀ ਭਾਈ ਵਰਿੰਦਰ ਸਿੰਘ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵੱਲੋਂ ਗੁਰਬਾਣੀ ਦੇ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਦਰਸਾਇਆ ਕੇ ਮੌਤ ਇਕ ਅਟੱਲ ਸਚਾਈ ਹੈ ਜੋ ਵੀ ਪ੍ਰਾਣੀ ਸੰਸਾਰ ਤੇ ਆਇਆ ਹੈ ਉਸ ਨੇ ਇੱਕ ਦਿਨ ਪਰਮਾਤਮਾ ਵੱਲੋਂ ਦਿੱਤੀ ਗਈ ਸਵਾਸਾਂ ਦੀ ਪੂੰਜੀ ਨੂੰ ਭੋਗ ਕੇ ਇਥੋਂ ਕੂਚ ਕਰ ਜਾਣਾ ਹੈ। ਇਸ ਉਪਰੰਤ ਭਾਈ ਗੁਰਸੇਵਕ ਸਿੰਘ ਵੱਲੋਂ ਵਿਛੜੀ ਹੋਈ ਰੂਹ ਦੀ ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਇਸ ਉਪਰੰਤ ਹੋਏ ਸ਼ਰਧਾਜਲੀ ਸਮਾਰੋਹ ਮੌਕੇ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਜਥੇਦਾਰ ਅਮਰੀਕ ਸਿੰਘ ਬਾਲੇਵਾਲ, ਕੁਲਦੀਪ ਸਿੰਘ ਕਾਹਲੋਂ, ਚੇਅ ਬਲਵਿੰਦਰ ਸਿੰਘ ਆਦਿ ਵੱਖ-ਵੱਖ ਸ਼ਖਸ਼ੀਅਤਾਂ ਨੇ ਸ਼ਰਧਾ ਦੇ ਫੁੱਲ ਅਰਪਣ ਕੀਤੇ ਅਤੇ ਮਾਤਾ ਜੀ ਦੇ ਜੀਵਨ ਸਬੰਧੀ ਪਲਾ ਨੂੰ ਸਾਂਝਾ ਕੀਤਾ। ਇਸ ਮੌਕੇ ਸਾਬਕਾ ਚੇਅਰਮੈਨ ਓਂਕਾਰ ਸਿੰਘ ਲਾਟੀ, ਮਾਰਕੀਟ ਕਮੇਟੀ ਫਤਿਹਗੜ੍ਹ ਚੂੜੀਆਂ, ਅਮਨਦੀਪ ਸਿੰਘ ਜੈਂਤੀਪੁਰਾ, ਜਸਦੇਵ ਸਿੰਘ ਪੰਨੂ ਯੂਐਸਏ, ਸਵਿੰਦਰ ਸਿੰਘ ਯੂਐਸਏ, ਰਜਿੰਦਰ ਸਿੰਘ ਬੱਲਾ ਬਿਸ਼ਨੀਵਾਲ, ਬਲਜਿੰਦਰ ਸਿੰਘ ਬੱਜੂਮਾਨ, ਬਲਾਕ ਪ੍ਰਧਾਨ ਬਲਵਿੰਦਰ ਸਿੰਘ ਭਾਲੋਵਾਲੀ, ਬਲਵਿੰਦਰ ਸਿੰਘ ਕੋਟਲਾ ਬਾਮਾ, ਸਤਿੰਦਰ ਸਿੰਘ, ਸਰਬਜੀਤ ਸਿੰਘ ਨਾਸਰਕੇ, ਗੱਜਣ ਸਿੰਘ, ਪ੍ਰਗਟ ਸਿੰਘ ਕੋਠੇ, ਗੁਰਬਿਕਰਮ ਸਿੰਘ ਮਜੀਠਾ, ਸੇਵਾ ਮੁਕਤ ਏਡੀਸੀ ਮਨਮੋਹਨ ਸਿੰਘ, ਕੁਲਵੰਤ ਸਿੰਘ ਜਾਂਗਲਾ, ਸੁਖਜੀਤ ਸਿੰਘ, ਸੁਖਪਾਲ ਭੋਮਾ, ਚੇਅਰਮੈਨ ਰਣਜੀਤ ਸਿੰਘ, ਸਰਬਜੀਤ ਸਿੰਘ ਨਾਸਰਕੇ, ਨਿਸ਼ਾਨ ਸਿੰਘ ਲਾਲਾ ਨੰਗਲ, ਜਗੀਰ ਸਿੰਘ ਬਾਜਪੁਰ, ਗੋਗੀ ਤੇ ਹੈਪੀ ਸਰੂਪਵਾਲੀ ਆਦਿ ਸਮੇਤ ਰਿਸ਼ਤੇਦਾਰ ਸੱਜਣ ਸਨੇਹੀਆ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਕੈਨੇਡਾ ਦੇ ਐਮ.ਐਲ.ਏ. ਅਮਰਜੋਤ ਸਿੰਘ ਸੰਧੂ ਦਾ ਸ਼ਾਹਬਾਦ ਵਿੱਚ ਗਰਮਜੋਸ਼ੀ ਨਾਲ ਸਵਾਗਤ



ਘੁਮਾਣ/ ਸ੍ਰੀ ਹਰਗੋਬਿੰਦਪੁਰ ਸਾਹਿਬ 14 ਫਰਵਰੀ ( ਡਾਕਟਰ ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ) :ਪਿੰਡ ਸ਼ਾਹਬਾਦ ਵਿੱਚ ਅੱਜ ਕੈਨੇਡਾ ਤੋਂ ਆਏ ਐਮ.ਐਲ.ਏ. ਅਮਰਜੋਤ ਸਿੰਘ ਸੰਧੂ ਦੇ ਦੌਰੇ ਦੌਰਾਨ ਸਥਾਨਕ ਲੋਕਾਂ ਵੱਲੋਂ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ ਗਿਆ।ਇਸ ਮੌਕੇ ਹਰਵਿੰਦਰਪਾਲ ਸਿੰਘ ਸ਼ਾਹਬਾਦ ਵੱਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਇਲਾਕੇ ਦੇ ਵਿਕਾਸ ਸੰਬੰਧੀ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।ਦੌਰੇ ਦੌਰਾਨ ਐਮ.ਐਲ.ਏ. ਅਮਰਜੋਤ ਸਿੰਘ ਸੰਧੂ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਆਪਣੇ ਪਿੰਡਾਂ ਨਾਲ ਗਹਿਰਾ ਨਾਤਾ ਰੱਖਦੇ ਹਨ ਅਤੇ ਸਮਾਜਿਕ ਤੇ ਸਿੱਖਿਆ ਸੰਬੰਧੀ ਪ੍ਰੋਜੈਕਟਾਂ ਲਈ ਹਮੇਸ਼ਾ ਸਹਿਯੋਗ ਦੇਣ ਲਈ ਤਿਆਰ ਹਨ। ਇਸ ਮੌਕੇ ਸੀਨੀਅਰ ਕਾਂਗਰਸੀ ਨੇਤਾ ਹਰਵਿੰਦਰਪਾਲ ਸਿੰਘ ਸ਼ਾਹਬਾਦ ਨੇ ਐਮ ਐਲ ਏ ਅਮਰਜੋਤ ਸਿੰਘ ਨਾਲ ਵਿਚਾਰ ਚਰਚਾਵਾਂ ਕੀਤੀਆਂ ਅਤੇ ਕਨੇਡਾ ਚ ਰਹਿ ਰਹੇ ਬੱਚਿਆਂ ਲਈ ਰੋਜ਼ਗਾਰ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਨਵਦੀਪ ਸਿੰਘ ਪੰਨੂ ਨਗਰ ਕੌਂਸਲ ਪ੍ਰਧਾਨ ਸ੍ਰੀ ਹਰਗੋਬਿੰਦਪੁਰ ਸਾਹਿਬ, ਗੁਰਜਿੰਦਰ ਸਿੰਘ ਪੱਡਾ, ਮੁਖਵੰਤ ਸਿੰਘ ਕਾਹਲੋ, ਸ਼ੁਭਪ੍ਰੀਤ ਸਿੰਘ ਕਾਹਲੋ, ਸੁਖਵਿੰਦਰ ਸਿੰਘ ਕਾਹਲੋ, ਸਿਮਰਜੀਤ ਸਿੰਘ ਵਾਰ, ਲਵਪ੍ਰੀਤ ਸਿੰਘ ਵਾਰ, ਗੁਰਬਖਸ਼ ਸਿੰਘ ਸੰਗਤਪੁਰ, ਗੁਰਦਿਆਲ ਸਿੰਘ, ਬਿਕਰਮਜੀਤ ਸਿੰਘ ਕਾਹਲੋ ,ਮਨਪ੍ਰੀਤ ਸਿੰਘ ਕਾਹਲੋ, ਸੰਤੋਸ਼ ਕੁਮਾਰ ਆਦਿ ਹਾਜ਼ਰ ਸਨ।

## ਸ੍ਰੀ ਬਾਲ ਜੋਗੀ ਪਰਗਟ ਨਾਥ ਨੇ ਭਗਵਾਨ ਵਾਲਮੀਕਿ ਐਡਵਾਈਜ਼ਰੀ ਬੋਰਡ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ



ਅੰਮ੍ਰਿਤਸਰ, 14 ਫਰਵਰੀ (ਬਬਲੂ ਮਹਾਜਨ): ਪੰਜਾਬ ਸਰਕਾਰ ਵੱਲੋਂ ਭਗਵਾਨ ਵਾਲਮੀਕਿ ਜੀ ਤੀਰਥ ਸਥਲ (ਰਾਮ ਤੀਰਥ) ਸ਼ਰਾਈਨ ਬੋਰਡ ਦੇ ਐਡਵਾਈਜ਼ਰੀ ਬੋਰਡ ਦੇ ਨਿਯੁਕਤ ਕੀਤੇ ਗਏ ਚੇਅਰਮੈਨ ਸ੍ਰੀ ਬਾਲ ਜੋਗੀ ਪਰਗਟ ਨਾਥ ਜੀ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਤੋਂ ਪਹਿਲਾਂ ਸ੍ਰੀ ਬਾਲ ਜੋਗੀ ਪ੍ਰਗਟ ਨਾਥ ਜੀ ਨੇ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਉੱਪਰ ਮੱਥਾ ਟੇਕ ਕੇ ਭਗਵਾਨ ਵਾਲਮੀਕਿ ਜੀ ਦਾ ਅਸ਼ੀਰਵਾਦ ਲਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸੂਬੇ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ., ਵਿਸ਼ੇਸ਼ ਤੌਰ 'ਤੇ ਦਿੱਲੀ ਤੋਂ ਪਹੁੰਚੇ ਆਮ ਆਦਮੀ ਪਾਰਟੀ ਦੇ ਵਿਧਾਇਕ ਸ੍ਰੀ ਅਜੇ ਦੱਤ, ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਡਾ. ਜਸਬੀਰ ਸਿੰਘ ਸੰਧੂ, ਵਿਧਾਇਕਾ ਸ੍ਰੀਮਤੀ ਜੀਵਨ ਜੋਤ ਕੌਰ, ਵਿਧਾਇਕ ਦਲਬੀਰ ਸਿੰਘ ਟੌਂਗ, ਵਿਧਾਇਕ ਬਲਕਾਰ ਸਿੰਘ, ਵਿਧਾਇਕਾ ਇੰਦਰਜੀਤ ਕੌਰ ਮਾਨ, ਨਸ਼ਾ ਮੁਕਤੀ ਮੋਰਚਾ ਦੀ ਮਾਝਾ ਜੋਨ ਦੀ ਕੋਆਰਡੀਨੇਟਰ ਸੋਨੀਆ ਮਾਨ, ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਚੰਦਨ ਗਰੇਵਾਲ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਦਲਵਿੰਦਰਜੀਤ ਸਿੰਘ, ਪੁਲਿਸ ਕਮਿਸ਼ਨਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਐਸ.ਐਸ.ਪੀ. ਅੰਮ੍ਰਿਤਸਰ (ਦਿਹਾਤੀ) ਸ੍ਰੀ ਸੋਹੇਲ ਮੀਰ ਕਾਸਿਮ, ਐਸ.ਡੀ.ਐਮ. ਲੋਪੋਕੇ ਸ੍ਰੀ ਖੁਸ਼ਪ੍ਰੀਤ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਅਤੇ ਆਗੂ ਹਾਜ਼ਰ ਸਨ।ਭਗਵਾਨ ਵਾਲਮੀਕਿ ਜੀ ਤੀਰਥ ਸਥਲ (ਰਾਮ ਤੀਰਥ) ਸ਼ਰਾਈਨ ਬੋਰਡ ਦੇ ਦਫ਼ਤਰ ਵਿੱਚ ਆਪਣਾ ਅਹੁਦਾ ਸੰਭਾਲਣ ਉਪਰੰਤ ਚੇਅਰਮੈਨ ਸ੍ਰੀ ਬਾਲ ਜੋਗੀ ਪਰਗਟ ਨਾਥ ਜੀ ਨੇ ਭਗਵਾਨ ਵਾਲਮੀਕਿ ਜੀ ਦਾ ਸ਼ੁਕਰਾਨਾਂ ਕਰਨ ਦੇ ਨਾਲ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਮੁੱਚੀ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਸ੍ਰੀ ਬਾਲ ਜੋਗੀ ਪਰਗਟ ਨਾਥ ਜੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਜੋ ਜ਼ਿੰਮੇਵਾਰੀ ਦਿੱਤੀ ਹੈ ਉਹ ਉਸ ਨੂੰ ਪੂਰੀ ਸੇਵਾ-ਭਾਵਨਾ, ਸਮਰਪਣ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਪੂਰੀ ਦੁਨੀਆਂ ਵਿੱਚ ਆਪਣੀ ਰੂਹਾਨੀ ਸ਼ਕਤੀ ਕਰਕੇ ਜਾਣਿਆ ਜਾਂਦਾ ਹੈ ਅਤੇ ਉਹ ਪੂਰੀ ਕੋਸ਼ਿਸ਼ ਕਰਨਗੇ ਕਿ ਇੱਥੇ ਆਉਣ ਵਾਲੇ ਸ਼ਰਧਾਲੂਆਂ ਦੀ ਟਹਿਲ-ਸੇਵਾ ਵਿੱਚ ਕੋਈ ਕਸਰ ਬਾਕੀ ਨਾ ਰਹੇ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਦੇ ਸੁੰਦਰੀਕਰਨ ਵੱਲ ਹੋਰ ਵੀ ਧਿਆਨ ਦਿੱਤਾ ਜਾਵੇਗਾ। ਚੇਅਰਮੈਨ ਸ੍ਰੀ ਬਾਲ ਜੋਗੀ ਪਰਗਟ ਨਾਥ ਜੀ ਨੇ ਸਾਰਿਆਂ ਨੂੰ ਸੱਦਾ ਕਿ ਆਓ ਸਾਰੇ ਮਿਲ ਕੇ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਦੀ ਸੇਵਾ-ਸੰਭਾਲ ਵਿੱਚ ਮਿਲ ਕੇ ਆਪਣਾ ਯੋਗਦਾਨ ਪਾਈਏ। ਇਸ ਮੌਕੇ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਅਤੇ ਵਿਧਾਇਕਾਂ ਵੱਲੋਂ ਭਗਵਾਨ ਵਾਲਮੀਕਿ ਜੀ ਤੀਰਥ ਸਥਲ (ਰਾਮ ਤੀਰਥ) ਸ਼ਰਾਈਨ ਬੋਰਡ ਦੇ ਨਵ-ਨਿਯੁਕਤ ਚੇਅਰਮੈਨ ਸ੍ਰੀ ਬਾਲ ਜੋਗੀ ਪਰਗਟ ਨਾਥ ਜੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਸੂਬੇ ਦੇ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਭਗਵਾਨ ਵਾਲਮੀਕਿ ਜੀ ਤੀਰਥ ਸਥਲ (ਰਾਮ ਤੀਰਥ) ਸ਼ਰਾਈਨ ਬੋਰਡ ਦਾ ਚੇਅਰਮੈਨ ਸ੍ਰੀ ਬਾਲ ਜੋਗੀ ਪਰਗਟ ਨਾਥ ਜੀ ਨੂੰ ਨਿਯੁਕਤ ਕਰਨ 'ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

## ਹਰਚੋਵਾਲ-ਕਾਦੀਆਂ ਰੋਡ ਦਾ ਰੁਕਿਆ ਹੋਇਆ ਕੰਮ ਭਲਕੇ ਸ਼ੁਰੂ ਕੀਤਾ ਜਾਵੇਗਾ :ਵਿਧਾਇਕ ਅਮਰਪਾਲ ਸਿੰਘ



ਸ੍ਰੀ ਹਰਗੋਬਿੰਦਪੁਰ ਸਾਹਿਬ/ ਘੁਮਾਣ,14 ਫਰਵਰੀ (ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ):ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਅਤੇ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਇਨਾਂ ਸ਼ਬਦਾਂ ਦਾ ਚੋਣਵੇਂ ਪੱਤਰਕਾਰਾਂ ਨਾਲ ਕਰਦਿਆਂ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਕਰਦਿਆਂ ਕਿਹਾ ਉਨ੍ਹਾਂ ਆਖਿਆ ਕਿ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੀਆਂ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਕਿਉਂਕਿ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੀਆਂ ਲਿੰਕ ਸੜਕਾਂ ਦੀ ਬਹੁਤ ਖ਼ਸਤਾ ਹਾਲਤ ਬਣੀ ਹੋਈ ਸੀ,ਜਿਸ ਕਰਕੇ ਪਿੰਡਾਂ ਦੇ ਲੋਕਾਂ ਦਾ ਇਨ੍ਹਾਂ ਸੜਕਾਂ 'ਤੇ ਆਪਣੇ ਵਾਹਨ ਲੈ ਕੇ ਚੱਲਣਾ ਬਹੁਤ ਮੁਸ਼ਕਲ ਬਣਿਆ ਹੋਇਆ ਸੀ। ਉਨ੍ਹਾਂ ਆਖਿਆ ਕਿ ਪਿੰਡਾਂ ਦੇ ਲੋਕਾਂ ਦੀ ਮੰਗ ਤੇ ਸੜਕਾਂ ਦਾ ਨਵੀਨੀਕਰਨ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਹਰਚੋਵਾਲ / ਕਾਦੀਆਂ ਰੋਡ ਦਾ ਰੁਕਿਆ ਹੋਇਆ ਕੰਮ 16/02/ 2026 ਨੂੰ ਸ਼ੁਰੂ ਕੀਤਾ ਜਾਵੇਗਾ ਅਤੇ ਇਹ ਕੰਮ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਬਿਨਾਂ ਭੇਦ ਭਾਵ ਪੰਜਾਬ ਦੇ ਲੋਕਾਂ ਦੇ ਕੰਮ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਅਤੇ ਹਰ ਵਰਗ ਦੇ ਲੋਕਾਂ ਦੀ ਹਮਦਰਦ ਸਰਕਾਰ ਵਜੋਂ ਸ਼ਾਬਤ ਹੋਈ ਹੈ।

# ਰਾਮਪੁਰਾ ਸਿਵਲ ਹਸਪਤਾਲ 'ਚ ਮਹਿਲਾ ਮਰੀਜ਼ ਨਾਲ ਅਸ਼ਲੀਲ ਹਰਕਤ

ਬਠਿੰਡਾ, 14 ਫਰਵਰੀ (ਦੀਪਕ ਸ਼ਰਮਾ): ਜ਼ਿਲ੍ਹਾ ਬਠਿੰਡਾ ਦੇ ਰਾਮਪੁਰਾ ਸਿਵਲ ਹਸਪਤਾਲ ਵਿੱਚੋਂ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਹਸਪਤਾਲ ਵਿੱਚ ਇਲਾਜ ਲਈ ਦਾਖ਼ਲ ਇੱਕ ਪੀੜਤ ਮਹਿਲਾ ਨੇ ਦੋਸ਼ ਲਾਇਆ ਹੈ ਕਿ ਰਾਤ ਦੇ ਸਮੇਂ ਇੱਕ ਅਣਪਛਾਤੇ ਵਿਅਕਤੀ ਨੇ ਉਸ ਦੇ ਕਮਰੇ ਵਿੱਚ ਦਾਖ਼ਲ ਹੋ ਕੇ ਉਸ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਅਤੇ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ। ਇਸ ਘਟਨਾ ਨੇ ਸਰਕਾਰੀ ਹਸਪਤਾਲਾਂ ਵਿੱਚ ਰਾਤ ਸਮੇਂ ਮਰੀਜ਼ਾਂ, ਖਾਸ ਕਰਕੇ ਮਹਿਲਾਵਾਂ ਦੀ ਸੁਰੱਖਿਆ ਨੂੰ ਲੈ ਕੇ ਵੱਡੇ ਸਵਾਲੀਆ ਚਿੰਨ੍ਹ ਲਗਾ ਦਿੱਤੇ ਹਨ।

ਪੀੜਤ ਮਹਿਲਾ ਨੇ ਹਸਪਤਾਲ ਪ੍ਰਸ਼ਾਸਨ ਅਤੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਰਿਸ਼ਤੇਦਾਰਾਂ ਨਾਲ ਹੋਏ ਝਗੜੇ ਤੋਂ ਬਾਅਦ ਜ਼ਖ਼ਮੀ ਹਾਲਤ ਵਿੱਚ ਰਾਮਪੁਰਾ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਸੀ। ਸੋਮਵਾਰ ਸ਼ਾਮ ਨੂੰ ਇੱਕ ਪੁਲਿਸ ਕਰਮਚਾਰੀ ਆਪਣੇ ਇੱਕ ਸਾਥੀ ਸਮੇਤ ਉਸ ਦੇ ਬਿਆਨ ਦਰਜ ਕਰਨ ਆਇਆ ਸੀ। ਮਹਿਲਾ ਦਾ ਦਾਅਵਾ ਹੈ ਕਿ ਰਾਤ ਕਰੀਬ 2 ਵਜੇ ਜਦੋਂ ਉਹ ਕਮਰੇ ਵਿੱਚ ਇਕੱਲੀ ਸੀ, ਤਾਂ ਉਸ ਦੇ ਕਮਰੇ ਦਾ ਦਰਵਾਜ਼ਾ ਖੜਕਿਆ। ਜਦੋਂ ਉਸ ਨੇ ਦੇਖਿਆ ਤਾਂ ਉਹੀ ਵਿਅਕਤੀ ਸਾਹਮਣੇ ਖੜ੍ਹਾ ਸੀ ਜੋ ਸ਼ਾਮ ਨੂੰ ਪੁਲਿਸ ਕਰਮਚਾਰੀ ਦੇ ਨਾਲ ਆਇਆ ਸੀ। ਉਕਤ ਵਿਅਕਤੀ ਨੇ ਕਮਰੇ ਅੰਦਰ ਵੜ ਕੇ ਮਹਿਲਾ ਨੂੰ ਅਣਚਾਹੀਆਂ ਪੇਸ਼ਕਸ਼ਾਂ ਕੀਤੀਆਂ ਅਤੇ ਅਸ਼ਲੀਲ ਗੱਲਾਂ ਕਰਨ ਲੱਗਾ।

ਘਬਰਾਹਟ ਵਿੱਚ ਆਈ ਮਹਿਲਾ ਨੇ ਤੁਰੰਤ ਆਪਣੇ ਰਿਸ਼ਤੇਦਾਰਾਂ ਨੂੰ ਫ਼ੋਨ 'ਤੇ ਸੂਚਿਤ ਕੀਤਾ। ਜਿਵੇਂ ਹੀ ਮਹਿਲਾ ਦੇ ਪਰਿਵਾਰਕ ਮੈਂਬਰ ਹਸਪਤਾਲ ਪਹੁੰਚੇ, ਮੁਲਜ਼ਮ ਮੌਕੇ ਦਾ ਫ਼ਾਇਦਾ ਉਠਾ ਕੇ ਉੱਥੋਂ ਫ਼ਰਾਰ ਹੋ ਗਿਆ। ਪੀੜਤ ਮਹਿਲਾ ਨੇ ਐਸਐਮਓ ਨੂੰ ਲਿਖਤੀ ਸ਼ਿਕਾਇਤ ਦੇ ਕੇ ਸੀਸੀਟੀਵੀ ਫੁਟੇਜ ਚੈੱਕ ਕਰਨ ਅਤੇ ਮੁਲਜ਼ਮ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਇਸ ਸਬੰਧੀ ਡੀਐਸਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੀੜਤ ਮਹਿਲਾ ਦੇ ਬਿਆਨ ਦਰਜ ਕਰ ਲਏ ਗਏ ਹਨ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਐਸਐਮਓ ਡਾ. ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲ ਚੁੱਕੀ ਹੈ ਅਤੇ ਹਸਪਤਾਲ ਦੇ ਅੰਦਰੂਨੀ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ। ਉਨ੍ਹਾਂ ਮੰਨਿਆ ਕਿ ਰਾਤ ਦੀ ਸੁਰੱਖਿਆ ਸਬੰਧੀ ਪਹਿਲਾਂ ਹੀ ਉੱਚ ਅਧਿਕਾਰੀਆਂ ਨੂੰ ਪੱਤਰ ਲਿਖਿਆ ਗਿਆ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਆਜ਼ਾਦ ਪੇਂਡੂ ਚੌਕੀਦਾਰ ਵੈਲਫ਼ੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਮੀਟਿੰਗ

ਸੰਗਰੂਰ, 14 ਫਰਵਰੀ (ਹਰਕੰਵਲ ਸਿੰਘ ਹੈਪੀ): ਆਜ਼ਾਦ ਪੇਂਡੂ ਚੌਕੀਦਾਰ ਵੈਲਫ਼ੇਅਰ ਐਸੋਸੀਏਸ਼ਨ ਪੰਜਾਬ ਦੀ ਇੱਕ ਅਹਿਮ ਮੀਟਿੰਗ ਤਹਿਸੀਲ ਕੰਪਲੈਕਸ ਲਹਿਰਾ ਵਿਖੇ ਜਥੇਬੰਦੀ ਦੇ ਸੂਬਾ ਪ੍ਰਧਾਨ ਸਤਿਗੁਰ ਸਿੰਘ ਮਾਝੀ ਦੀ ਅਗਵਾਈ ਹੇਠ ਹੋਈ। ਅੱਜ ਦੀ ਇਸ ਮੀਟਿੰਗ ਦਾ ਏਜੰਡਾ ਸੀ ਕਿ ਤਹਿਸੀਲ ਲਹਿਰਾ ਦੇ ਪੇਂਡੂ ਚੌਕੀਦਾਰ ਸਾਥੀਆਂ ਦੀ ਪਿਛਲੇ ਲੱਗਭਗ 5 ਮਹੀਨਿਆਂ ਤੋਂ ਤਨਖਾਹ ਨਹੀ ਪਾਈ ਗਈ ਸੀ ਪਿਛਲੇ ਕਈ ਦਿਨਾਂ ਤੋਂ ਚੌਕੀਦਾਰ ਸਾਥੀਆਂ ਵੱਲੋਂ ਤਨਖਾਹ ਦੇ ਸਬੰਧ ਵਿੱਚ ਦਾਸ ਨਾਲ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਸੀ ਤਾ ਅੱਜ ਇਸ ਸੰਬੰਧੀ ਇਹ ਮੀਟਿੰਗ ਰੱਖੀ ਗਈ ਸੀ ਅੱਜ ਜਦੋਂ ਅਸੀ ਸਮੁੱਚੇ ਚੌਕੀਦਾਰ ਸਾਥੀ ਮਾਨਯੋਗ ਐਸ ਡੀ ਐਮ ਸਾਹਿਬ ਜੀ ਨੂੰ ਮਿਲੇ ਤਾ



ਉਨ੍ਹਾਂ ਵੱਲੋ ਤੁਰੰਤ ਭਰਵਾਵ ਦੇ ਨਾਲ ਬਿੱਲ ਕਲਰਕ ਨੂੰ ਬੁਲਾਇਆ ਗਿਆ ਅਤੇ ਸਖ਼ਤ ਤਾੜਨਾ ਕੀਤੀ ਕਿ ਪੇਂਡੂ ਚੌਕੀਦਾਰਾਂ ਦੀ ਤਨਖਾਹ ਪੰਜ ਮਹੀਨਿਆਂ ਤੋਂ ਕਿਉ ਨਹੀ ਪਾਈ ਗਈ ਤਾਂ ਬਿੱਲ ਕਲਰਕ ਵੱਲੋ ਕਿਹਾ ਗਿਆ ਕਿ ਆਉਣ ਵਾਲੀ 20 ਫਰਵਰੀ ਤੱਕ ਇੰਨਾ ਦੀ ਤਨਖਾਹ ਪਾ ਦਿੱਤੀ ਜਾਵੇਗੀ ਉਨ੍ਹਾਂ ਵੱਲੋ ਸਖ਼ਤ ਤਾੜਨਾ ਕੀਤੀ ਗਈ ਕਿ ਆਮ ਜੀ ਵੱਲੋ ਇੰਨਾ ਦੀ ਬਣਦੀ ਤਨਖਾਹ ਪਾ ਕਿ ਦਫ਼ਤਰ ਨੂੰ ਕਾਰਵਾਈ ਹਿੱਤ ਦੱਸਿਆ ਜਾਵੇ ਅਤੇ ਅੱਗੇ ਵਾਸਤੇ ਇੰਨਾ ਦੀ ਬਣਦੀ ਤਨਖਾਹ ਹਰ ਮਹੀਨੇ ਇੰਨਾ ਦੇ ਖਾਤਿਆਂ ਵਿੱਚ ਪਾਈ ਜਾਵੇ ਸਾਡੀ ਸਮੂਹ ਜਥੇਬੰਦੀ ਵੱਲੋ ਮਾਨਯੋਗ ਐਸ ਡੀ ਐਮ ਸਾਹਿਬ ਜੀ ਦਾ ਦਿਲੋ ਧੰਨਵਾਦ ਕੀਤਾ ਗਿਆ ਅਤੇ ਬਾਅਦ ਵਿੱਚ ਸਮੂਹ ਪੇਂਡੂ ਚੌਕੀਦਾਰ ਸਾਥੀਆਂ ਨਾਲ ਮੀਟਿੰਗ ਕੀਤੀ ਗਈ ਕਿ ਆਉਣ ਵਾਲੀ 27 ਫਰਵਰੀ ਨੂੰ ਆਜ਼ਾਦ ਪੇਂਡੂ ਚੌਕੀਦਾਰ ਵੈਲਫ਼ੇਅਰ ਐਸੋਸੀਏਸ਼ਨ ਪੰਜਾਬ ਵੱਲੋ ਜੋ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਕੋਠੀ ਦਾ ਘਿਰਾਓ ਸੰਗਰੂਰ ਵਿਖੇ ਕੀਤਾ ਜਾਵੇਗਾ ਉਸ ਸਬੰਧੀ ਵਿਸਥਾਰ ਸਹਿਤ ਵਿਚਾਰ ਚਰਚਾ ਕੀਤੀ ਗਈ। ਅੱਜ ਦੀ ਇਸ ਮੀਟਿੰਗ ਵਿੱਚ ਚਰਨਾਂ ਸਿੰਘ ਬੱਲਰੇ ਖਜ਼ਾਨਚੀ ਪੰਜਾਬ, ਕਾਲਾ ਸਿੰਘ ਗੁਰਨੇ ਕਲਾਂ ਤਹਿਸੀਲ ਪ੍ਰਧਾਨ ਲੈਹਿਰਾ, ਕ੍ਰਿਸਨ ਸਿੰਘ ਬਖੋਰਾ ਕਲਾਂ ਸੀਨੀਅਰ ਮੀਤ ਪ੍ਰਧਾਨ ਲੈਹਿਰਾ, ਗੁਰਮੀਤ ਸਿੰਘ ਖੰਡੇਬਾਦ ਖਜਾਨਚੀ ਲੈਹਿਰਾ, ਸਤਿਗੁਰ ਸਿੰਘ ਘੋੜੇਨਬ ਸਲਾਹਕਾਰ, ਸੇਵਕ ਸਿੰਘ ਭਾਈ ਕੀ ਪਿਸ਼ੌਰ ਸੀਨੀਅਰ ਆਗੂ, ਪ੍ਰਕਾਸ਼ ਸਿੰਘ ਬਖੋਰਾ ਖੁਰਦ ਸੀਨੀਅਰ ਆਗੂ, ਜੰਗੀਰ ਸਿੰਘ ਰੋੜੇਵਾਲ ਸਰਪ੍ਰਸਤ ਲੈਹਿਰਾ, ਲੀਲਾ ਸਿੰਘ ਅਲੀਸ਼ੇਰ, ਮੁਖਤਿਆਰ ਸਿੰਘ ਕਾਕਾ ਮੋਜੋਵਾਲ ਤਹਿਸੀਲ ਪ੍ਰਧਾਨ ਸੁਨਾਮ, ਬੱਲਮ ਸਿੰਘ ਛਾਜਲਾ ਸੀਨੀਅਰ ਆਗੂ ਸੁਨਾਮ ਆਦਿ ਪੇਂਡੂ ਚੌਕੀਦਾਰ ਸਾਥੀ ਹਾਜ਼ਰ ਸਨ।

# ਨਾਜਾਇਜ਼ ਸਬੰਧਾਂ 'ਚ ਅੰਨ੍ਹੀ ਹੋਈ ਮਾਂ ਨੇ ਦੋ ਮਾਸੂਮ ਬੱਚਿਆਂ ਨੂੰ ਦਿੱਤੀ 'ਚੂਹੇਮਾਰ ਦਵਾਈ'; ਬੱਚਿਆਂ ਦੀ ਹੋਈ ਮੌਤ



ਬਠਿੰਡਾ, 14 ਫਰਵਰੀ (ਦੀਪਕ ਸ਼ਰਮਾ): ਬਠਿੰਡਾ ਜ਼ਿਲ੍ਹੇ ਦੇ ਪਿੰਡ ਫੂਲੇਵਾਲਾ ਵਿੱਚ ਮਾਂ ਦੀ ਮਮਤਾ ਨੂੰ ਕਲੰਕਿਤ ਕਰਨ ਵਾਲਾ ਇੱਕ ਅਜਿਹਾ ਦਿਲ ਕੰਬਾਊ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ। ਇੱਥੇ ਇੱਕ ਮਾਂ ਨੇ ਨਾਜਾਇਜ਼ ਸਬੰਧਾਂ ਦੇ ਰਾਹ ਵਿੱਚ ਰੋੜਾ ਬਣ ਰਹੇ ਆਪਣੇ ਹੀ ਦੋ ਮਾਸੂਮ ਬੱਚਿਆਂ ਨੂੰ ਚੂਹੇ ਮਾਰਨ ਵਾਲੀ ਜ਼ਹਿਰੀਲੀ ਦਵਾਈ ਪਿਲਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਮ੍ਰਿਤਕ ਬੱਚਿਆਂ ਦੇ ਪਿਤਾ ਬੁਧ ਸਿੰਘ ਦੀ ਸ਼ਿਕਾਇਤ 'ਤੇ ਪੁਲਿਸ ਨੇ ਮੁਲਜ਼ਮ ਮਾਂ ਜੱਸੀ ਕੌਰ, ਉਸ ਦੀ ਭੈਣ ਮੋਟੂ ਕੌਰ ਅਤੇ ਇੱਕ ਹੋਰ ਸਾਥੀ ਲੱਖੀ ਸਿੰਘ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਵਾਰਦਾਤ ਦਾ ਸਿਲਸਿਲਾ ਕਰੀਬ 10 ਦਿਨ ਪਹਿਲਾਂ ਸ਼ੁਰੂ ਹੋਇਆ ਸੀ, ਜਦੋਂ ਜੱਸੀ ਕੌਰ ਨੇ ਆਪਣੀ 12 ਸਾਲਾ ਧੀ ਨੂੰ ਜ਼ਹਿਰੀਲੀਆਂ ਗੋਲੀਆਂ ਖੁਆ ਦਿੱਤੀਆਂ। ਉਸ ਵਕਤ ਪਰਿਵਾਰ ਨੇ ਇਸ ਨੂੰ ਕੁਦਰਤੀ ਮੌਤ ਸਮਝ ਕੇ ਬੱਚੀ ਦਾ ਅੰਤਿਮ ਸੰਸਕਾਰ ਕਰ ਦਿੱਤਾ। ਪਰ ਜਦੋਂ ਬੀਤੀ 13 ਫਰਵਰੀ ਦੀ ਰਾਤ ਜੱਸੀ ਕੌਰ ਨੇ ਆਪਣੇ 8 ਸਾਲਾ ਪੁੱਤਰ ਫਤਿਹਬੀਰ ਨੂੰ ਵੀ ਉਹੀ ਜ਼ਹਿਰੀਲੀ ਦਵਾਈ ਪਿਲਾ ਦਿੱਤੀ, ਤਾਂ ਲਗਾਤਾਰ ਹੋਈਆਂ ਦੋ ਮੌਤਾਂ ਨੇ ਪਿੰਡ ਵਾਸੀਆਂ ਦੇ ਮਨਾਂ ਵਿੱਚ ਸ਼ੱਕ ਪੈਦਾ ਕਰ ਦਿੱਤਾ। ਸ਼ਨੀਵਾਰ ਸਵੇਰੇ ਪਿੰਡ ਦੇ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਥਾਣਾ ਫੂਲ ਪਹੁੰਚ ਕੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ।

ਪੁਲਿਸ ਵੱਲੋਂ ਹਿਰਾਸਤ ਵਿੱਚ ਲੈ ਕੇ ਕੀਤੀ ਗਈ ਸਖ਼ਤੀ ਮਗਰੋਂ ਜੱਸੀ ਕੌਰ ਨੇ ਆਪਣਾ ਗੁਨਾਹ ਕਬੂਲ ਕਰ ਲਿਆ। ਉਸ ਨੇ ਮੰਨਿਆ ਕਿ ਪਿੰਡ ਮਹਿਰਾਜ ਦੇ ਇੱਕ ਵਿਅਕਤੀ ਨਾਲ ਉਸ ਦੇ ਪ੍ਰੇਮ ਸਬੰਧ ਸਨ ਅਤੇ ਬੱਚੇ ਉਸ ਦੇ ਇਸ ਰਿਸ਼ਤੇ ਵਿੱਚ ਰੁਕਾਵਟ ਬਣ ਰਹੇ ਸਨ। ਇਸੇ ਕਰਕੇ ਉਸ ਨੇ ਆਪਣੀ ਭੈਣ ਅਤੇ ਸਾਥੀ ਨਾਲ ਮਿਲ ਕੇ ਇਸ ਖ਼ੌਫ਼ਨਾਕ ਸਾਜ਼ਿਸ਼ ਨੂੰ ਅੰਜਾਮ ਦਿੱਤਾ। ਐਸ.ਪੀ. (ਡੀ) ਜਸਮੀਤ ਸਿੰਘ ਅਨੁਸਾਰ ਜੱਸੀ ਕੌਰ ਅਤੇ ਉਸ ਦੀ ਭੈਣ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦਕਿ ਤੀਜੇ ਮੁਲਜ਼ਮ ਦੀ ਭਾਲ ਜਾਰੀ ਹੈ। ਬੱਚਿਆਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ।

# ਅਕਾਲੀ ਦਲ ਵਾਰਸ ਪੰਜਾਬ ਵੱਲੋਂ ਹਲਕਾ ਸਰਦੂਲਗੜ੍ਹ ਦੇ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ



ਸਰਦੂਲਗੜ੍ਹ, 14 ਫਰਵਰੀ (ਲਛਮਣ ਸਿੱਧੂ): ਅਕਾਲੀ ਦਲ ਵਾਰਸ ਪੰਜਾਬ ਦੇ ਤੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਸਿੱਧੂ ਵੱਲੋ 25 ਫ਼ਰਵਰੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਨਿਕਲ ਵਾਲੀ (ਖ਼ਾਲਸਾ ਵਹੀਰ) ਦੇ ਸਬੰਧ ਵਿਚ ਹਲਕਾ ਸਰਦੂਲਗੜ੍ਹ ਦੇ ਪਿੰਡਾ ਆਹਲੂਪੁਰ, ਝੰਡਾ ਕਲਾਂ, ਕੁਸਲਾ, ਦਸੋਧੀਆ, ਉਡਤ ਭਗਤਰਾਮ, ਭੂੰਦੜ ਆਦਿ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ। ਇਸ ਮੌਕੇ ਬੋਲਦਿਆਂ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਸਿੱਧੂ ਨੇ ਜ਼ਿਲ੍ਹਾ ਮਾਨਸਾ ਤੋਂ (ਖ਼ਾਲਸਾ ਵਹੀਰ) ਵਿਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਨ ਲਈ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ। ਇਸ ਮੌਕੇ ਉਹਨਾਂ ਪਿੰਡਾਂ ਵਿੱਚ ਵੱਧ ਤੋਂ ਵੱਧ ਵੱਡੀ ਗਿਣਤੀ ਵਿੱਚ ਵਾਰਿਸ਼ ਪੰਜਾਬ ਦੇ ਪਾਰਟੀ ਦੇ ਪ੍ਰੋਗਰਾਮ ਨੂੰ ਹਰ ਘਰ ਘਰ ਤੱਕ ਲਿਜਾਣ ਦੀ ਕੋਸ਼ਿਸ਼ ਕਰਨਗੇ ਇਸ ਮੌਕੇ ਉਹਨਾਂ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਵਧ ਰਹੇ ਨਸ਼ੇ,ਕਤਲੋ ਗਾਰਦ, ਭ੍ਰਿਸ਼ਟਾਚਾਰ ਅਤੇ ਦਿਨ ਦਿਹਾੜੇ ਲੁੱਟ ਖੋਹ ਦੀਆਂ ਵਾਰਦਾਤਾਂ ਤੋ ਪੰਜਾਬ ਦਾ ਹਰ ਵਿਅਕਤੀ ਤੰਗ ਆ ਚੁੱਕਾ ਹੈ, ਉਹਨਾਂ ਕਿਹਾ ਕਿ ਪੰਜਾਬ ਦੀ ਹਰ ਪਾਰਟੀ ਦਿੱਲੀ ਤੋਂ ਚੱਲਦੀ ਹੈ ਜੇਕਰ 2027 ਵਿੱਚ ਪੰਜਾਬ ਦੇ ਲੋਕ ਸਾਡੇ ਤੇ ਭਰੋਸਾ ਕਰਨਗੇ ਤਾਂ ਸਾਡੀ ਪਾਰਟੀ ਪੰਜਾਬ ਦੀ ਇੱਕ ਇਕਲੌਤੀ ਖੇਤਰੀ ਪਾਰਟੀ ਹੋਏਗੀ ਜੋ ਕਿ ਪੰਜਾਬ ਅੰਦਰ ਸਿੱਖੀ ਸਿਧਾਂਤਾਂ ਤੇ ਚੱਲੇਗੀ ਪੰਜਾਬ ਅੰਦਰ ਸਿਹਤ ਸੇਵਾਵਾਂ, ਰੁਜ਼ਗਾਰ, ਸਿੱਖਿਆ ਅਤੇ ਲਾ ਐਂਡ ਆਰਡਰ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਸੁਧਾਰਿਆ ਜਾਵੇਗਾ। ਪੰਜਾਬੀ ਮੰਗਾਂ ਅਤੇ ਪੰਜਾਬ ਪ੍ਰਤੀ ਲਟਕਦੇ ਮੁੱਦਿਆਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ। ਜਿਲ੍ਹਾ ਪ੍ਰਧਾਨ ਦੀਆਂ ਇਹਨਾਂ ਮੀਟਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਇਕੱਠ ਦੇਖਣ ਮਿਲਿਆ ਜਿਸ ਤੋਂ ਲੱਗਦਾ ਹੈ ਕਿ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਪਿੰਡਾਂ ਦੇ ਹਰ ਭਾਈਚਾਰੇ ਦੇ ਲੋਕ ਭਾਈ ਸਾਹਿਬ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਵੱਲੋ ਅਰੰਭਿਆ ਹੋਏ ਕਾਰਜ ਨੂੰ ਪੂਰਾ ਕਰਨ ਲਈ ਆਪਣਾ ਮਨ ਬਣਾ ਚੁੱਕੇ ਹਨ! ਇਸ ਮੌਕੇ ਪਿੰਡਾਂ ਦੇ ਮੋਹਤਵਾਰ ਆਗੂ ਅਤੇ ਵਰਕਰ ਮੌਜੂਦ ਸਨ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਦੇ ਇਲਾਜ ਵਾਲੇ ਕਾਰਡ ਬਣਾਏ

ਧਰਮਗੜ੍ਹ, 14 ਫਰਵਰੀ (ਗੁਰਪ੍ਰੀਤ ਸਿੰਘ ਲਿੱਟ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋ ਪੰਜਾਬ ਵਾਸੀਆਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਜ਼ਿਲ੍ਹਾ ਸੰਗਰੂਰ ਦੇ ਵਿੱਚ ਸਿਹਤ ਯੋਜਨਾ ਦੇ ਕਾਰਡ ਬਣ ਰਹੇ ਹਨ। ਇਸ ਯੋਜਨਾ ਤਹਿਤ ਕੋਆਰਡੀਨੇਟਰ ਜਗਦੇਵ ਸਿੰਘ ਅਤੇ ਬਲਾਕ ਸੰਮਤੀ ਮੈਂਬਰ ਗੁਰਤੇਜ ਸਿੰਘ ਦੀ ਦੇਖ ਰੇਖ ਹੇਠ ਪਿੰਡ ਕਣਕਵਾਲ ਭੰਗੂਆਂ ਵਿਖੇ ਚਾਰ ਦਿਨਾਂ ਤੋਂ ਸਿਹਤ ਯੋਜਨਾ ਦਾ ਕੈਂਪ ਲਗਾਇਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਪਿੰਡ ਦੇ ਹਰ ਨਾਗਰਿਕ ਦੇ



ਬਣਾਏ ਜਾ ਰਹੇ ਹਨ ਇਸ ਦੀ ਵਰਤੋਂ ਕਰਕੇ ਲੋਕ ਆਪਣੇ ਪਰਿਵਾਰ ਦਾ 10 ਲੱਖ ਤੱਕ ਦਾ ਸਰਕਾਰੀ ਅਤੇ ਮਨਜ਼ੂਰ ਸ਼ੁਦਾ ਪ੍ਰਾਈਵੇਟ ਹਸਪਤਾਲਾਂ ਵਿੱਚ ਮੁਫ਼ਤ ਇਲਾਜ਼ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਕੈਂਪ ਚਾਰ ਦਿਨਾਂ ਤੋਂ ਲਗਾਤਾਰ ਲਗਾਇਆ ਜਾ ਰਿਹਾ ਹੈ ਅਤੇ ਲੋਕ ਇਸ ਯੋਜਨਾ ਦਾ ਭਰਪੂਰ ਫਾਇਦਾ ਉਠਾ ਰਹੇ ਹਨ ਤਾਂ ਕੇ ਕੋਈ ਵੀ ਯੋਗ ਲਾਭਪਾਤਰੀ ਯੋਜਨਾ ਦੇ ਕਾਰਡ ਬਣਾਉਣ ਦਾ ਲਾਹਾ ਲੈਣ ਤੋਂ ਵਾਂਝਾ ਨਾ ਰਹਿ ਸਕੇ। ਇਸ ਮੌਕੇ ਸੋਸਾਇਟੀ ਪ੍ਰਧਾਨ ਜੀਤ ਸਿੰਘ ਅਤੇ ਸੈਕਟਰੀ ਗੱਗੀ ਸ਼ਰਮਾ ਵੱਲੋਂ ਵੀ ਪੂਰਾ ਸਹਿਯੋਗ ਰਿਹਾ।

# ਮਹਾਸ਼ਿਵਰਾਤਰੀ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਦਮਨ ਬਾਜਵਾ ਨੇ ਭਰੀ ਹਾਜ਼ਰੀ



ਸੁਨਾਮ, 14 ਫਰਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਬੀਤੇ ਦਿਨੀ ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਸ੍ਰੀ ਸੀਤਾਸਰ ਮੰਦਿਰ ਵੱਲੋ ਮਹਾਂਸ਼ਿਵਰਾਤਰੀ ਦੇ ਪਾਵਨ ਉਤਸਵ ਨੂੰ ਸਮਰਪਿਤ ਕੱਢੀ ਗਈ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਹਾਜ਼ਰੀ ਭਰੀ।

ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਦਮਨ ਬਾਜਵਾ ਨੇ ਕਿਹਾ ਕਿ ਮਹਾਂਸ਼ਿਵਰਾਤਰੀ ਸਿਰਫ਼ ਧਾਰਮਿਕ ਆਸਥਾ ਦਾ ਤਿਉਹਾਰ ਹੀ ਨਹੀ, ਸਗੋ ਸੱਚਾਈ, ਸਹਿਣਸ਼ੀਲਤਾ ਅਤੇ ਆਤਮਿਕ ਸ਼ਕਤੀ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਭਾਈਚਾਰੇ, ਏਕਤਾ ਅਤੇ ਸਾਂਝੇ ਸੰਸਕਾਰਾਂ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਸਭ ਭਗਤਾਂ ਨੂੰ ਮਹਾਂਸ਼ਿਵਰਾਤਰੀ ਦੀਆਂ ਹਾਰਦਿਕ ਵਧਾਈਆਂ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਜੀਵਨ ਵਿੱਚ ਭਗਵਾਨ ਸ਼ਿਵ ਦੇ ਆਦਰਸ਼ਾਂ ਨੂੰ ਅਪਣਾਉਣਾ ਚਾਹੀਦਾ ਹੈ।

ਇਸ ਮੌਕੇ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਹੋਣ 'ਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਦਾ ਸਮੂਹ ਮੰਦਰ ਕਮੇਟੀ ਵੱਲੋ ਸਨਮਾਨ ਵੀ ਕੀਤਾ ਗਿਆ। ਇਸ ਸ਼ੋਭਾ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਭਗਤਜਨ ਮੌਜੂਦ ਰਹੇ।

ਇਸ ਮੌਕੇ ਵਿਕਰਮ ਗਰਗ ਵਿੱਕੀ, ਘਣਸ਼ਾਮ ਕਾਂਸਲ, ਅਸ਼ੋਕ ਗੋਇਲ, ਰਜਿੰਦਰ ਕੁਮਾਰ ਗਰਗ, ਅਸ਼ੋਕ ਕਾਂਸਲ ਆਦਿ ਵੀ ਹਾਜ਼ਰ ਸਨ।

# ਰਿਟੇਲ ਕਰਿਆਨਾ ਐਸੋਸੀਏਸ਼ਨ ਦਾ 20ਵਾਂ ਸਾਲਾਨਾ ਸੈਸ਼ਨ 1 ਮਾਰਚ ਨੂੰ

ਸੁਨਾਮ, 14 ਫਰਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਰਿਟੇਲ ਕਰਿਆਨਾ ਵਪਾਰੀ ਐਸੋਸੀਏਸ਼ਨ ਦਾ 20ਵਾਂ ਸਾਲਾਨਾ ਸੈਸ਼ਨ ਅਤੇ ਕਾਨਫਰੰਸ ਡੇਰਾ ਭਾਗਵਤ ਨਾਥ ਜੀ ਨੇੜੇ ਰੋਜ਼ ਗਾਰਡਨ ਕੰਪਲੈਕਸ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਸੰਗਠਨ ਦੇ ਚੇਅਰਮੈਨ ਜਗਜੀਤ ਸਿੰਘ ਆਹੂਜਾ, ਪ੍ਰਧਾਨ ਪ੍ਰਵੇਸ਼ ਕਾਂਸਲ, ਮੁੱਖ ਪ੍ਰੈਸ ਸਕੱਤਰ ਦੀਪਕ ਜਿੰਦਲ, ਹਰੀਸ਼ ਬਾਂਸਲ ਨੇ ਦਿੱਤੀ। ਕਾਨਫਰੰਸ ਦੀ ਪ੍ਰਧਾਨਗੀ ਪ੍ਰਵੇਸ਼ ਕਾਂਸਲ ਕਰਨਗੇ। ਇਸ ਸੈਸ਼ਨ ਦੇ ਸਟਾਰ ਮਹਿਮਾਨ ਵਪਾਰ ਮੰਡਲ ਸੁਨਾਮ ਦੇ ਪ੍ਰਧਾਨ ਨਰੇਸ਼ ਭੋਲਾ ਜੀ ਹੋਣਗੇ ਅਤੇ ਮੁੱਖ ਮਹਿਮਾਨ ਪੰਜਾਬ ਰਿਟੇਲ ਕਰੀਏ ਨਾ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਮੋਦ ਗੁਪਤਾ ਜੀ ਅਤੇ ਰਜਨੀਸ਼ ਗੋਇਲ ਹੋਣਗੇ।

ਰਾਮ ਕੁਮਾਰ ਜੀ ਚੇਅਰਮੈਨ ਵਪਾਰੀ ਬੋਰਡ ਸੁਨਾਮ ਅਤੇ ਹੋਰ ਇਸ ਕਾਨਫਰੰਸ ਦਾ ਹਿੱਸਾ ਹੋਣਗੇ।

ਮੁੱਖ ਸਲਾਹਕਾਰ ਅਜੇ ਜਿੰਦਲ ਮਸਤਾਨੀ ਨੇ ਦੱਸਿਆ ਕਿ ਸੁਨਾਮ ਦੇ 400 ਤੋਂ ਵੱਧ ਰਿਟੇਲਰ ਇਸ ਕਾਨਫਰੰਸ ਵਿੱਚ ਹਿੱਸਾ ਲੈਣਗੇ, ਜਿਨ੍ਹਾਂ ਵਿੱਚ ਸੁਨਾਮ ਦੇ ਵਿਤਰਕ ਅਤੇ ਥੋਕ ਵਿਕਰੇਤਾ ਸ਼ਾਮਲ ਹਨ। ਇਹ ਰਿਪੋਰਟ ਕੀਤੀ ਗਈ ਹੈ ਕਿ ਪ੍ਰਚੂਨ ਵਿਕਰੇਤਾਵਾਂ ਨੂੰ ਲਗਾਤਾਰ ਸਰਕਾਰਾਂ ਦੁਆਰਾ ਪ੍ਰੇਸ਼ਾਨ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਧੂਰੀ ਬਾਈਪਾਸ 'ਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ 1.80 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਡਰੇਨ ਦਾ ਕੰਮ ਸ਼ੁਰੂ

ਧੂਰੀ, 14 ਫ਼ਰਵਰੀ (ਰਾਜੇਸ਼ਵਰ ਪਿੰਟੂ): ਧੂਰੀ ਵਾਸੀਆਂ ਦੀ ਵੱਡੀ ਮੰਗ ਨੂੰ ਪੂਰਾ ਕਰਦਿਆਂ ਅੱਜ ਧੂਰੀ ਸ਼ਹਿਰ ਦੇ ਬਾਈਪਾਸ ਦੇ ਪੁੱਲ ਤੋਂ ਉਤਰਦਿਆਂ ਨਾਨਕਸਰ ਗੁਰਦੁਆਰਾ ਸਾਹਿਬ ਤੋਂ ਮਾਲੇਰਕੋਟਲਾ ਚੌਂਕ ਤੱਕ ਬਰਸਾਤੀ ਪਾਣੀ ਦੀ ਸੁਚੱਜੀ ਨਿਕਾਸੀ ਲਈ ਸੜਕ ਦੇ ਦੋਵੇਂ ਪਾਸੇ ਕਰੀਬ 1 ਕਿਲੋਮੀਟਰ ਲੰਬੀ ਡਰੇਨ ਦੇ ਕੰਮ ਦੀ ਸ਼ੁਰੂਆਤ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸ. ਸੁਖਵੀਰ ਸਿੰਘ ਵੱਲੋਂ ਕਰਵਾਈ ਗਈ। ਇਸ ਡਰੇਨ ਦੇ ਨਿਰਮਾਣ, ਸੜਕ ਦੀ ਮੁਰੰਮਤ ਅਤੇ ਇੰਟਰਲਾਕ ਟਾਈਲਾਂ ਲਗਾਉਣ 'ਤੇ ਲਗਭਗ 1 ਕਰੋੜ 80 ਲੱਖ ਰੁਪਏ ਦੀ ਲਾਗਤ ਆਵੇਗੀ।

ਇਸ ਮੌਕੇ ਓ.ਐਸ.ਡੀ. ਸ. ਸੁਖਵੀਰ ਸਿੰਘ ਨੇ ਕਿਹਾ ਕਿ ਧੂਰੀ ਦੇ ਵਾਰਡ ਨੰਬਰ 18, 19, 20 ਅਤੇ 21 ਦੇ ਵਸਨੀਕਾਂ ਨੂੰ ਬਰਸਾਤ ਦੌਰਾਨ ਖੜਦੇ ਪਾਣੀ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਇਸ 'ਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਤੁਰੰਤ ਕਾਰਵਾਈ ਕਰਦਿਆਂ ਸੜਕ ਦੇ ਦੋਵੇਂ ਪਾਸੇ ਡਰੇਨ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ ਅਤੇ ਅੱਜ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ।

ਉਨ੍ਹਾਂ ਹੋਰ ਦੱਸਿਆ ਕਿ ਕਰੀਬ 1 ਕਿਲੋਮੀਟਰ ਲੰਬੀ ਬਣਨ ਵਾਲੀ ਇਸ ਡਰੇਨ ਦੇ ਨਾਲ-ਨਾਲ ਸੜਕ ਦੀ ਰਿਪੇਅਰ ਵੀ ਕੀਤੀ ਜਾਵੇਗੀ ਅਤੇ ਬਾਕੀ ਹਿੱਸੇ 'ਤੇ



ਬਲਾਕ ਟਾਈਲਾਂ ਲਗਾਈਆਂ ਜਾਣਗੀਆਂ, ਜਿਸ ਨਾਲ ਸੜਕ ਦੀ ਮਜ਼ਬੂਤੀ ਅਤੇ ਸੁੰਦਰਤਾ ਵਿੱਚ ਵਾਧਾ ਹੋਵੇਗਾ। ਓ.ਐਸ. ਡੀ. ਨੇ ਕਿਹਾ ਕਿ ਬਾਈਪਾਸ ਤੋਂ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਵਾਹਨ ਗੁਜ਼ਰਦੇ ਹਨ ਅਤੇ ਬਰਸਾਤ ਦੇ ਦੌਰਾਨ ਪੁਲ ਤੋਂ ਪਾਣੀ ਥੱਲੇ ਆਉਣ ਕਾਰਨ ਸੜਕ ਉੱਤੇ ਪਾਣੀ ਖੜਾ ਹੋ ਜਾਂਦਾ ਸੀ, ਜਿਸ ਨਾਲ ਰਾਹਗੀਰਾਂ ਅਤੇ ਵਾਹਨ ਚਾਲਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਡਰੇਨ ਦੇ ਨਿਰਮਾਣ ਨਾਲ ਬਰਸਾਤੀ ਪਾਣੀ ਦੀ ਨਿਕਾਸੀ ਸੁਚਾਰੂ ਹੋਵੇਗੀ ਅਤੇ ਪਾਣੀ ਖੜਾ ਹੋਣ ਦੀ ਸਮੱਸਿਆ ਦਾ ਸਥਾਈ ਹੱਲ ਹੋਵੇਗਾ।

ਇਸ ਉਪਰੰਤ ਓ.ਐਸ.ਡੀ. ਸ. ਸੁਖਵੀਰ ਸਿੰਘ ਨੇ ਪਿੰਡ ਕਿਲ੍ਹਾ ਹਕੀਮਾਂ ਵਿਖੇ 40.24 ਲੱਖ ਰੁਪਏ ਦੀ ਲਾਗਤ ਨਾਲ ਲੱਗਣ ਵਾਲੀਆਂ ਇੰਟਰਲਾਕ ਟਾਈਲਾਂ ਦੇ ਕੰਮ ਦੀ ਵੀ ਸ਼ੁਰੂਆਤ ਕਰਵਾਈ। ਉਨ੍ਹਾਂ ਕਿਹਾ ਕਿ ਸੜਕ ਦੇ ਦੋਵੇਂ ਪਾਸੇ 5-5 ਫੁੱਟ ਚੌੜਾਈ ਵਿੱਚ ਟਾਈਲਾਂ ਲਗਣ ਨਾਲ ਸੜਕ ਦੀਆਂ ਬਰਮਾ ਮਜ਼ਬੂਤ ਹੋਣਗੀਆਂ ਅਤੇ ਰਾਹਗੀਰਾਂ, ਖ਼ਾਸ ਕਰਕੇ ਪੈਦਲ ਚੱਲਣ ਵਾਲਿਆਂ ਨੂੰ ਵੱਡਾ ਲਾਭ ਮਿਲੇਗਾ।

ਇਸ ਮੌਕੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਪੰਜਾਬ ਸਟੇਟ ਟਰੇਡਰਸ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਪੁਸ਼ਪਿੰਦਰ ਸ਼ਰਮਾ, ਸਾਬਕਾ ਪ੍ਰਧਾਨ ਐਡਵੋਕੇਟ ਹੈਪੀ ਗਰਗ, ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ, ਰਮਨਦੀਪ ਸਿੰਘ ਅਤੇ ਐੱਸ.ਡੀ.ਓ. ਨਵਦੀਪ ਬਾਂਸਲ ਸਮੇਤ ਵੱਡੀ ਗਿਣਤੀ ਇਲਾਕਾ ਨਿਵਾਸੀ ਮੌਜੂਦ ਸਨ।

# ਅਗਰਵਾਲ ਸਭਾ ਵੱਲੋਂ ਸੀਤਾ ਸਰ ਸ਼ੋਭਾ ਯਾਤਰਾ ਦਾ ਭਰਵਾਂ ਸਵਾਗਤ



ਸੁਨਾਮ, 14 ਫਰਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਦੇਸ਼ ਦੇ ਪਵਿੱਤਰ ਤਿਉਹਾਰ ਦੇਵਾਂ ਦੇ ਦੇਵ ਭਗਵਾਨ ਸ਼ੰਕਰ ਜੀ ਨੂੰ ਸਮਰਪਤ ਮਹਾਂ ਸ਼ਿਵਰਾਤਰੀ ਦੇ ਸੰਬੰਧ ਵਿੱਚ ਸੀਤਾ ਸਰ ਧਾਮ ਵੱਲੋ ਕੱਢੀ ਗਈ ਵਿਸਾਲ ਸ਼ੋਭਾ ਯਾਤਰਾ ਦਾ ਭਰਵਾਂ ਹਾਰਦਿੱਕ ਸਵਾਗਤ ਕੀਤਾ ਗਿਆ। ਸ਼ੋਭਾ ਯਾਤਰਾ ਦਾ ਮਹਾਰਾਜਾ ਅਗਰਸੇਨ ਚੌਕ ਵਿੱਖੇ ਪਹੁੰਚਣ ਤੇ ਅਗਰਵਾਲ ਸਭਾ ਵੱਲੋ ਫੁੱਲਾਂ ਦੀ ਵਰਖਾ ਕੀਤੀ ਗਈ ਤੇ ਪ੍ਰਬੰਧਕਾਂ ਨੂੰ ਜੀ ਆਇਆਂ ਕਿਹਾ ਗਿਆ ਤੇ ਲੱਡੂ ਵੰਡੇ ਗਏ। ਸੀਤਾ ਸਰ ਕਮੇਟੀ ਵੱਲੋ ਸਭਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿੱਕੀ, ਹਰੀ ਦੇਵ ਗੋਇਲ, ਕ੍ਰਿਸ਼ਨ ਸੰਦੋਹਾ, ਪ੍ਰਭਾਤ ਜਿੰਦਲ, ਰਾਮ ਲਾਲ ਰਾਮਾ ਆਲਮਪੁਰੀਆ,ਸ਼ਿਵ ਜਿੰਦਲ, ਮਾਸਟਰ ਰਾਜੀਵ ਬਿੰਦਲ, ਅਸ਼ੋਕ ਘੋਗਾ, ਆਰ, ਡੀ ਕਾਂਸਲ, ਲਾਜਪਤ ਰਾਏ ਗਰਗ, ਬਿੰਦਰ ਪਾਲ, ਰਾਕੇਸ਼ ਗਰਗ, ਹਕੂਮਤ ਰਾਏ ਜਿੰਦਲ,ਯਸ਼ਪਾਲ ਸਿੰਗਲਾ, ਪਵਨ ਸੈਕਟਰੀ, ਅਸ਼ੋਕ ਗੋਇਲ, ਵਿਮਲ ਜੈਨ ਸਮੇਤ ਭਾਰੀ ਗਿਣਤੀ ਵਿੱਚ ਅਗਰਵਾਲ ਸਭਾ ਦੇ ਮੈਂਬਰ ਭੈਣ ਭਰਾ ਹਾਜ਼ਰ ਸਨ।

# ਜ਼ਿਲ੍ਹਾ ਪੁਲਿਸ ਵੱਲੋਂ ਇੱਕ ਹਫ਼ਤੇ ਵਿੱਚ 39 ਮੁਕੱਦਮੇ ਦਰਜ; 55 ਮੁਲਜ਼ਮ ਗ੍ਰਿਫ਼ਤਾਰ

ਸੰਗਰੂਰ, 14 ਫਰਵਰੀ (ਹਰਕੰਵਲ ਸਿੰਘ ਹੈਪੀ): ਸਰਤਾਜ ਸਿੰਘ ਚਾਹਲ, ਐਸ.ਐਸ.ਪੀ. ਸੰਗਰੂਰ ਨੇ ਪ੍ਰੈਸ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 07.02.2026 ਤੋਂ 13.02.2026 ਤਕ ਡਰੱਗ ਦੇ 35 ਮੁਕੱਦਮੇ ਦਰਜ ਕਰ ਕੇ 50 ਕਥਿਤ ਦੋਸ਼ੀਆਂ ਨੂੰ ਕਾਬੂ ਕਰ ਕੇ 212 ਗ੍ਰਾਮ ਹੈਰੋਇਨ, 60 ਗ੍ਰਾਮ ਅਫੀਮ, 22 ਕਿੱਲੋ ਭੁੱਕੀ ਚੂਰਾ ਪੋਸਤ, 10 ਗ੍ਰਾਮ ਨਸ਼ੀਲਾ ਪਾਊਡਰ, 11 ਕਿੱਲੋ 60 ਗ੍ਰਾਮ ਹਰੇ ਪੌਦੇ ਪੋਸਤ ਅਤੇ 813 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਵਾਈ ਗਈਆਂ।

ਸਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 04 ਮੁਕੱਦਮੇ ਦਰਜ ਕਰ ਕੇ 05 ਕਥਿਤ ਦੋਸ਼ੀਆਂ ਨੂੰ ਕਾਬੂ ਕਰ ਕੇ 35.250 ਲੀਟਰ ਸ਼ਰਾਬ ਠੇਕਾ ਦੇਸੀ ਅਤੇ 09 ਲੀਟਰ ਸ਼ਰਾਬ ਨਜਾਇਜ਼ ਬ੍ਰਾਮਦ ਕਰਵਾਈ ਗਈ।

ਇਸ ਤੋਂ ਇਲਾਵਾ ਅਸਲਾ ਐਕਟ ਤਹਿਤ 01 ਮੁਕੱਦਮਾ ਦਰਜ ਕਰ ਕੇ 01 ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ, ਜਿਸ ਪਾਸੋ 01 ਪਿਸਟਲ, 01 ਰਿਵਾਲਵਰ ਅਤੇ 02 ਕਾਰਤੂਸ ਬ੍ਰਾਮਦ ਕਰਵਾਏ ਗਏ। ਜੂਆ ਐਕਟ ਤਹਿਤ 01 ਮੁਕੱਦਮਾ ਦਰਜ ਕਰ ਕੇ 01 ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਉਸ ਪਾਸੋ 3100/- ਰੁਪਏ ਬ੍ਰਾਮਦ ਕਰਵਾਏ ਗਏ। ਇਸ ਅਰਸੇ ਦੌਰਾਨ 03 ਪੀ.ਓਜ਼ (ਭਗੌੜੇ) ਵੀ ਗ੍ਰਿਫਤਾਰ ਕੀਤੇ ਗਏ।

ਥਾਣਾ ਲਹਿਰਾ ਅਤੇ ਭਵਾਨੀਗੜ੍ਹ ਦੇ ਏਰੀਆ ਵਿੱਚ ਲੜਾਈ ਝਗੜੇ/ਚੋਰੀਆਂ ਕਰਨ ਵਾਲੇ 06 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਪਾਸੋ 08 ਕਿੱਲੋ ਤਾਂਬਾ ਤਾਰ ਸਮੇਤ ਮੋਟਰ ਸਟਾਟਰ, 01 ਟੂਲ ਕਿੱਟ, 01 ਟਰੈਕਟਰ ਮਾਰਕਾ ਸਮੇਤ ਸੁਪਰਸੀਡਰ, 01 ਤਲਵਾਰ ਅਤੇ 01 ਸਕੂਟਰੀ ਬ੍ਰਾਮਦ ਕਰਵਾਈ ਗਈ।

ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ ਮੋਹਤਵਰਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਰਸੇ ਦੌਰਾਨ ਵੱਖ ਵੱਖ ਗਜ਼ਟਿਡ ਅਫਸਰਾਂ ਵੱਲੋਂ 42 ਪਿੰਡਾਂ/ ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸ਼ੇ ਦਾ ਧੰਦਾਂ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# ਡਾ.ਗੁਰਨਾਇਬ ਸਿੰਘ ਮੱਲਾ ਤੀਜੀ ਵਾਰ ਬਣੇ ਬਾਜਾਖਾਨਾ ਤੋਂ ਸਰਕਲ ਪ੍ਰਧਾਨ



ਬਾਜਾਖਾਨਾ, 14 ਫਰਵਰੀ (ਅਵਤਾਰ ਸਿੰਘ ਮੱਲਾ): ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੇਰ ਸਿੰਘ ਮੰਡ ਵੱਲੋ ਸਰਕਲ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਗਈ। ਜਿਸ ਵਿੱਚ ਸੀਨੀਅਰ ਅਕਾਲੀ ਆਗੂ ਡਾ.ਗੁਰਨਾਇਬ ਸਿੰਘ ਮੱਲਾ ਨੂੰ ਬਾਜਾਖਾਨਾ ਸਰਕਲ ਪ੍ਰਧਾਨ ਬਣਾਇਆ ਗਿਆ। ਇਸ ਸਮੇ ਡਾ.ਗੁਰਨਾਇਬ ਸਿੰਘ ਮੱਲਾ ਨੇ ਗੱਲਬਾਤ ਕਰਦਿਆ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪਾਰਲੀਮੈਂਟ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਅਤੇ ਹਲਕਾ ਇੰਚਾਰਜ ਸੂਬਾ ਸਿੰਘ ਬਾਦਲ ਸਮੇਤ ਸਮੂਹ ਕੋਰ ਕਮੇਟੀ ਨੇ ਮੇਰੇ ਤੇ ਭਰੋਸਾ ਕਰਕੇ ਕਸਬਾ ਬਾਜਾਖਾਨਾ ਤੋਂ ਤੀਜੀ ਵਾਰ ਸਰਕਲ ਪ੍ਰਧਾਨ ਬਣਾਇਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਪਾਰਟੀ ਨੇ ਜੋ ਜ਼ਿੰਮੇਵਾਰੀ ਸੌਪੀ ਉਸ ਨੂੰ ਤਨਦੇਹੀ ਨਾਲ ਨਿਭਾਵਾਂਗਾ। ਇਸ ਨਿਯੁਕਤੀ ਤੇ ਸ੍ਰੀ ਸੂਬਾ ਸਿੰਘ ਬਾਦਲ ਹਲਕਾ ਇੰਚਾਰਜ ਸ੍ਰੋਮਣੀ ਅਕਾਲੀ ਦਲ, ਸ੍ਰੀ ਮਨਤਾਰ ਸਿੰਘ ਬਰਾੜ, ਸਾਬਕਾ ਸੰਸਦੀ ਸਕੱਤਰ ਸ੍ਰੀ ਗਰਚੇਤ ਸਿੰਘ ਢਿੱਲੋ ਬਰਗਾੜੀ ਮੈਂਬਰ ਪੀ ਏ ਸੀ ਸ੍ਰੀ ਸੇਰ ਸਿੰਘ ਮੰਡ ਜਿਲਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਜਗਰੂਪ ਸਿੰਘ ਸਾਬਕਾ ਸਰਪੰਚ ਘਣੀਆ, ਸੁਖਚੈਨ ਸਿੰਘ ਘਣੀਆ ਹਰਭਗਵਾਨ ਸਿੰਘ ਮੈਬਰ ਘਣੀਆ, ਰਾਜਿੰਦਰ ਸਿੰਘ ਘਣੀਆ, ਜਸਮੇਲ ਸਿੰਘ ਸਾਬਕਾ ਸਰਪੰਚ ਬਾਜਾਖਾਨਾ ਹਰਮੇਲ ਸਿੰਘ ਸਾਬਕਾ ਸਰਪੰਚ ਬਾਜਾਖਾਨਾ ਜੁਗਰਾਜ ਸਿੰਘ ਢਿੱਲੋ, ਜਸਵਿੰਦਰ ਸਿੰਘ ਝੱਖੜਵਾਲਾ, ਰਾਜਿੰਦਰ ਸਿੰਘ ਖਾਲਸਾ, ਬਾਜਾਖਾਨਾ ਪ੍ਰਗਟ ਸਿੰਘ ਡੋਡ ਨਿਰਮਲ ਸਿੰਘ ਵੜਿੰਗ ਡੋਡ ਦਰਬਾਰਾ ਸਿੰਘ ਵਾੜਾ ਭਾਈਕਾ ਡਾ ਗੁਰਨਾਇਬ ਸਿੰਘ ਮੱਲਾ ਗੁਰਬਖਸ ਸਿੰਘ ਸਾਬਕਾ ਸਰਪੰਚ ਕਨੇਡਾ ਜਗਸੀਰ ਸਿੰਘ ਯੂਥ ਪ੍ਰਧਾਨ,ਕ੍ਰਿਸ਼ਨ ਸਿੰਘ, ਆਦਿ ਵਰਕਰਾਂ ਨੇ ਸਰਕਲ ਪ੍ਰਧਾਨ ਡਾ.ਗੁਰਨਾਇਬ ਸਿੰਘ ਬਰਾੜ ਮੱਲਾ ਨੂੰ ਮੁਬਾਰਕਬਾਦ ਦਿੱਤੀ।

# ਖਨੌਰੀ ਦੇ ਲੋਕਾਂ ਲਈ ਸੀ.ਐਮ. ਦੀ ਯੋਗਸ਼ਾਲਾ ਹੋਈ ਕਾਰਗਰ ਸਾਬਤ: ਸੁਨੀਲ ਕੁਮਾਰ

ਖਨੌਰੀ, 14 ਫਰਵਰੀ (ਓਮਪ੍ਰਕਾਸ਼ ਮੁਆਲ): ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਡ੍ਰੀਮ ਪ੍ਰੋਜੈਕਟ ਸੀ.ਐਮ. ਦੀ ਯੋਗਸ਼ਾਲਾ ਖਨੌਰੀ ਸ਼ਹਿਰ ਦੇ ਲੋਕਾਂ ਲਈ ਤੰਦਰੁਸਤ ਜੀਵਨ ਸ਼ੈਲੀ ਬਣੀ ਹੋਈ ਹੈ। ਸੀ.ਐਮ. ਦੀ ਯੋਗਸ਼ਾਲਾ ਪ੍ਰੋਜੈਕਟ ਪੰਜਾਬ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ। ਜਿਸ ਵਿੱਚ ਹਰ ਉਮਰ ਵਰਗ ਦੇ ਲੋਕ ਹਿੱਸਾ ਲੈ ਰਹੇ ਹਨ। ਨਿਰਮਲ ਸਿੰਘ ਜ਼ਿਲ੍ਹਾ ਕੋਆਰਡੀਨੇਟਰ ਸੰਗਰੂਰ ਸੀ.ਐਮ.ਦੀ ਯੋਗਸ਼ਾਲਾ ਦੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪ੍ਰੋਜੈਕਟ ਸ਼ਹਿਰ ਅਤੇ ਪਿੰਡ ਨਿਵਾਸੀਆਂ ਲਈ ਵਰਦਾਨ ਸਾਬਿਤ ਹੋ ਰਿਹਾ ਹੈ। ਜਿਸ ਵਿੱਚ ਸੂਖਸ਼ਮ ਵਿਯਾਮ, ਸਥੂਲ ਵਿਯਾਮ, ਆਸਣ, ਧਿਆਨ, ਪ੍ਰਾਣਾਯਾਮ ਆਦਿ ਸਿਖਾਇਆ ਜਾਂਦਾ ਹੈ। ਯੋਗ ਕਰਨ ਨਾਲ ਸਰਵਾਈਕਲ, ਬੈਕ ਪੇਨ, ਸਟ੍ਰੈਸ, ਚਿੰਤਾ, ਜੋੜਾਂ ਦੇ ਦਰਦ, ਮੋਟਾਪਾ, ਹਾਈ-ਲੋਅ ਬਲੱਡ ਪ੍ਰੈਸਰ ਆਦਿ ਬਿਮਾਰੀਆਂ ਤੋਂ ਰਾਹਤ ਮਿਲ ਰਹੀ ਹੈ। ਜਿਸ ਵਿੱਚ ਯੋਗ ਇੰਸਟ੍ਰਕਟਰ ਸੁਨੀਲ ਕੁਮਾਰ ਲੋਕਾਂ ਨੂੰ ਸਿਹਤ ਸੰਬੰਧੀ ਜਾਗਰੂਕ ਕਰ ਰਹੇ ਹਨ ਅਤੇ ਵੱਖ ਵੱਖ ਥਾਂਵਾਂ ਤੋਂ ਰੋਜ਼ਾਨਾਂ ਯੋਗ ਦੀਆਂ ਕਲਾਸਾਂ ਲਗਾ ਰਹੇ ਹਨ, ਜਿਸ ਨਾਲ ਯੋਗ ਦੇ ਨਿਯਮਿਤ ਅਭਿਆਸ ਦੇ ਨਾਲ ਨਾਲ ਲੋਕਾਂ ਨੂੰ ਸਵਸਥ ਜੀਵਨ ਜਿਉਣ ਦੀ ਵੀ ਪ੍ਰੇਰਨਾ ਮਿਲ ਰਹੀ ਹੈ।

# ਭਾਈ ਭਗਤਾ ਜੀ ਯਾਦਗਾਰੀ 23ਵਾਂ ਸਾਲਾਨਾ ਜੋੜ ਮੇਲਾ 18 ਤੋਂ



ਭਗਤਾ ਭਾਈ ਕਾ, 14 ਫਰਵਰੀ (ਸਵਰਨ ਸਿੰਘ ਭਗਤਾ): ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਵਰੋਸਾਏ (ਭਾਈ ਬਹਿਲੋ ਸਭ ਤੋਂ ਪਹਿਲੋ) ਜੀ ਦੇ ਪੋਤਰੇ ਭਾਈ ਭਗਤਾ ਜੀ ਦੀ ਯਾਦ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਤਿੰਨ ਰੋਜ਼ਾ 23 ਵਾਂ ਸਲਾਨਾ ਜੋੜ ਮੇਲਾ 18,19 ਅਤੇ 20 ਫਰਵਰੀ ਨੂੰ ਗੁਰਦੁਆਰਾ ਪਾਤਸ਼ਾਹੀ ਛੇਵੀ ਅਤੇ ਦਸਵੀ ਦੇ ਨਜ਼ਦੀਕ ਸਥਿਤ ਭੂਤਾਂ ਵਾਲਾ ਖੂਹ ਭਗਤਾ ਭਾਈਕਾ ਵਿਖੇ ਮਨਾਇਆ ਜਾ ਰਿਹਾ ਹੈ। ਸਲਾਨਾ ਜੋੜ ਮੇਲੇ ਦੇ ਸਬੰਧ ਵਿੱਚ 18 ਫਰਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 20 ਫਰਵਰੀ ਨੂੰ ਭੋਗ ਪਾਏ ਜਾਣਗੇ। ਸਮਾਗਮ ਦੀ ਸ਼ੁਰੂਆਤ ਦੌਰਾਨ 18 ਫਰਵਰੀ ਨੂੰ ਲੋਕਲ ਪਿੰਡ ਦੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣਗੇ, ਨਾਟਕ ਮੇਲੇ ਖੇਡੇ ਜਾਣਗੇ। ਸਮਾਗਮ ਦੇ ਦੂਜੇ ਦਿਨ 19 ਫਰਵਰੀ ਭਾਈ ਬਹਿਲੋ ਗੱਤਕਾ ਪਾਰਟੀ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਜਾਣਗੇ ਅਤੇ ਕਵੀਸ਼ਰੀ ਜੱਥਾ ਮਾਛੀਵਾੜਾ ਅਤੇ ਕਵੀਸ਼ਰੀ ਜੱਥਾ ਜੰਗੀਆਣਾ ਸੰਗਤਾਂ ਨੂੰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਸਮਾਗਮ ਅਖੀਰਲੇ ਦਿਨ 20 ਫਰਵਰੀ ਨੂੰ ਸਵੇਰੇ 10:30 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਗੁਰਦੁਆਰਾ ਸਾਹਿਬ ਦੇ ਰਾਗੀ ਜੱਥੇ ਅਤੇ ਭਾਈ ਪਲਵਿੰਦਰ ਸਿੰਘ ਕੋਠਾਗੁਰੂ ਸੰਗਤਾਂ ਨੂੰ ਬਾਣੀ ਨਾਲ ਜੋੜਨਗੇ। ਬਲਵਿੰਦਰ ਸਿੰਘ ਭਗਤਾ ਦਾ ਢਾਡੀ ਜਥਾ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕਰੇਗਾ। ਇਸ ਦੌਰਾਨ ਸਮਾਗਮ ਦੇ ਤਿੰਨੇ ਦਿਨ ਨਗੋਜਾ ਪਾਰਟੀ ਆਪਣਾ ਪ੍ਰੋਗਰਾਮ ਪੇਸ਼ ਕਰੇਗੀ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਪ੍ਰਬੰਧਕ ਵੱਲੋਂ ਇਲਾਕੇ ਦੀਆਂ ਸੰਗਤਾਂ ਨੂੰ ਵੱਧ ਤੋਂ ਵੱਧ ਸਮਾਗਮ ਦੌਰਾਨ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਦੌਰਾਨ 20 ਫਰਵਰੀ ਨੂੰ ਖੂਨਦਾਨ ਕੈਂਪ ਵੀ ਲਗਾਇਆ ਜਾਵੇਗਾ।

# ਗੁਰੂ ਨਾਨਕ ਕਾਲਜ ਬੁਢਲਾਡਾ ਦੇ ਵਿਦਿਆਰਥੀਆਂ ਵੱਲੋਂ ਯੂਥ ਲਾਇਬ੍ਰੇਰੀ ਮਾਨਸਾ ਦਾ ਦੌਰਾ




ਬੁਢਲਾਡਾ, 14 ਫਰਵਰੀ (ਜੀਵਨ ਕੁਮਾਰ): ਉੱਤਰੀ ਭਾਰਤ ਦੀ ਸਿਰਮੌਰ ਅਤੇ ਆਟੋਨੋਮਸ ਸੰਸਥਾ ਗੁਰੂ ਨਾਨਕ ਕਾਲਜ ਦੇ ਅੰਗਰੇਜ਼ੀ ਵਿਭਾਗ ਵੱਲੋਂ ਹਿੰਦੀ ਵਿਭਾਗ ਦੇ ਸਹਿਯੋਗ ਨਾਲ ਯੂਥ ਲਾਇਬਰੇਰੀ ਮਾਨਸਾ ਦਾ ਦੌਰਾ ਕੀਤਾ ਗਿਆ। ਇਸਦਾ ਉਦੇਸ਼ ਵਿਦਿਆਰਥੀਆਂ ਵਿੱਚ ਪੜ੍ਹਨ ਦੀ ਰੁਚੀ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਲਾਇਬ੍ਰੇਰੀ ਦੇ ਵੱਖ-ਵੱਖ ਸਰੋਤਾਂ ਨਾਲ ਜਾਣੂ ਕਰਵਾਉਣਾ ਸੀ। ਯੂਥ ਲਾਇਬ੍ਰੇਰੀ ਮਾਨਸਾ ਦੇ ਲਾਇਬ੍ਰੇਰੀਅਨ ਗਗਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਸਾਹਿਤਕ ਪੁਸਤਕਾਂ, ਪ੍ਰਤੀਯੋਗੀ ਪ੍ਰੀਖਿਆਵਾਂ ਲਈ ਸਮੱਗਰੀ, ਅਖ਼ਬਾਰਾਂ ਅਤੇ ਡਿਜ਼ਿਟਲ ਸਹੂਲਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਨਾਲ ਹੀ ਕਿਤਾਬਾਂ ਦੀ ਵਰਗੀਕਰਨ ਪ੍ਰਣਾਲੀ ਅਤੇ ਮੈਂਬਰਸ਼ਿਪ ਲੈਣ ਦੀ ਪ੍ਰਕਿਰਿਆ ਵੀ ਸਮਝਾਈ ਗਈ।

ਵਿਦਿਆਰਥੀਆਂ ਨੇ ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਦੀਆਂ ਪੁਸਤਕਾਂ ਅਤੇ ਸੰਦਰਭ ਗ੍ਰੰਥਾਂ ਬਾਰੇ ਜਾਣਕਾਰੀ ਲਈ ਅਤੇ ਇਸ ਸਬੰਧੀ ਸੰਵਾਦ ਰਚਾਇਆ।

ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇਹ ਵਿਜ਼ਿਟ ਬਹੁਤ ਹੀ ਗਿਆਨ ਅਤੇ ਪ੍ਰੇਰਣਾਦਾਇਕ ਸੀ, ਜਿਸ ਨਾਲ ਸਾਨੂੰ ਲਾਇਬ੍ਰੇਰੀ ਦੀ ਮਹੱਤਤਾ ਬਾਰੇ ਵਧੀਆ ਜਾਣਕਾਰੀ ਮਿਲੀ ਹੈ।

ਇਸ ਵਿਜ਼ਿਟ ਦੀ ਅਗਵਾਈ ਡਾ. ਗੁਰਜਸਜੀਤ ਕੌਰ, ਡਾ. ਗੁਰਜੀਤ ਕੌਰ ਅਤੇ ਪ੍ਰੋ. ਸੋਨੀਆ ਨੇ ਕੀਤੀ। ਇਸ ਵਿਚ ਦੋਵਾਂ ਵਿਭਾਗਾਂ ਦੇ ਪੰਜਾਹ ਵਿਦਿਆਰਥੀਆਂ ਨੇ ਹਿੱਸਾ ਲਿਆ।

# ਆਯੂਸ਼ ਵਿਭਾਗ ਵਲੋਂ ਲਗਵਾਏ ਕੈਂਪ 'ਚ ਸੈਂਕੜੇ ਮਰੀਜ਼ ਇਲਾਜ ਲਈ ਪੁੱਜੇ

ਰਾਮਪੁਰਾ ਫੂਲ, 14 ਫਰਵਰੀ (ਜਗਸੀਰ ਭੂਲਰ): ਆਯੂਸ਼ ਵਿਭਾਗ ਵਲੋ ਇੱਥੋ ਦੇ ਗੀਤਾ ਭਵਨ ਵਿਖੇ ਆਯੁਰਵੈਦਿਕ ਅਤੇ ਹੋਮਿਓਪੈਥਿਕ ਕੈਂਪ ਲਗਾਇਆ ਗਿਆ; ਜਿਸ ਵਿਚ ਇਲਾਕੇ ਦੇ 821 ਮਰੀਜ਼ਾਂ ਨੇ ਪੁੱਜਕੇ ਆਪੋ ਆਪਣਾ ਇਲਾਜ ਕਰਵਾਇਆ। ਕੈਂਪ ਦੇ ਮੁੱਖ ਮਹਿਮਾਨ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਸਨ। ਰਾਮਪੁਰਾ ਮੰਡੀ ਵਿਖੇ ਤਾਇਨਾਤ ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਸੰਦੀਪ ਸਿੰਘ ਨੇ ਦੱਸਿਆ ਕਿ ਇਹ ਕੈਂਪ ਵਿਭਾਗ ਦੇ ਡਾ. ਰਮਨ ਖੰਨਾ, ਡਾਇਰੈਕਟਰ ਆਯੁਰਵੇਦਾ ਪੰਜਾਬ ਅਤੇ ਅਤੇ ਡਾ. ਬਲਦੇਵ ਰਾਜ ਬਾਂਸਲ ਰਹਿਨੁਮਾਈ ਵਿੱਚ ਅੱਜ ਗੀਤਾ ਭਵਨ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਵਿੱਚ ਵਿਸ਼ਾਲ ਆਯੂਸ਼ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦੌਰਾਨ ਮਰੀਜ਼ਾਂ ਨੂੰ ਮੁਫ਼ਤ ਆਯੁਰਵੈਦਿਕ ਅਤੇ ਹੋਮਿਓਪੈਥੀ ਦਵਾਈਆਂ ਦਿੱਤੀਆਂ ਗਈਆਂ। ਡਾਕਟਰਾਂ ਨੇ ਮਰੀਜ਼ਾਂ ਨੂੰ ਆਪਣੀ ਜੀਵਨ ਸ਼ੈਲੀ ਸੁਧਾਰਨ ਅਤੇ ਲੋੜ ਪੈਣ ਤੇ ਆਯੁਰਵੈਦਿਕ,ਹੋਮਿਪੈਥਿਕ ਇਲਾਜ ਕਰਵਾਉਣ ਲਈ ਵੀ ਪ੍ਰੇਰਿਆ। ਡਾਕਟਰੀ ਟੀਮ ਨੇ ਲੋਕਾਂ ਵਲੋਂ ਕੀਤੇ ਸਵਾਲਾਂ ਦੇ ਵੀ ਸੰਤੁਸ਼ਟੀਜਨਕ ਜਵਾਬ ਦਿੱਤੇ। ਦਿਲ ਦੇ ਮਰੀਜ਼ਾਂ ਨੂੰ ਖਾਸ ਆਯੁਰਵੈਦਿਕ ਕਾੜ੍ਹੇ ਵੀ ਪਿਆਏ ਗਏ।



ਇਲਾਜ ਲਈ ਮੁਫ਼ਤ ਨਾੜੀ ਪ੍ਰੀਖਿਆ ਅਤੇ ਪੰਚਕਰਮਾ ਵਿਧੀ ਵੀ ਅਪਨਾਈ ਗਈ। ਕੈਂਪ ਵਿੱਚ ਆਯੁਰਵੈਦਿਕ ਵਿਭਾਗ ਵਲੋ ਡਾ. ਸੰਦੀਪ ਸਿੰਘ ਰਾਮਪੁਰਾ ਤੋ ਇਲਾਵਾ, ਡਾ. ਯੋਗੇਸ਼ ਗੋਇਲ ਆਲੀਕੇ, ਡਾ.ਮਨਪਰੀਤ ਕੌਰ ਨਾਥਪੁਰਾ, ਉਪ ਵੈਦ ਜਗਜੀਤ ਸਿੰਘ ਬਠਿੰਡਾ, ਉਪ ਵੈਦ ਸੋਨੀਆ ਮੈਡਮ ਭਾਈਰੂਪਾ, ਹੋਮਿਓਪੈਥੀ ਵਿਭਾਗ ਵਲੋ ਡਾ. ਪਰਮਜੀਤ ਕੌਰ ਫੂਲ, ਡਾ. ਆਂਚਲ ਮਿਸ਼ਰਾ ਤਲਵੰਡੀ ਸਾਬੋ, ਡਿਸਪੈਂਸਰ ਜਾਣਕੀ ਦਾਸ ਭੁੱਚੋ, ਡਿਸਪੈਂਸਰ ਖੁਸ਼ਵਿੰਦਰਪਾਲ ਗੋਇਲ ਰਾਮਪੁਰਾ ਨੇ ਆਪਣੀ ਡਿਊਟੀ ਬਾਖੂਬੀ ਨਿਭਾਈ। ਮੌਕੇ ਤੇ ਆਪ ਆਗੂ ਰੌਬੀ ਬਰਾੜ, ਪਾਰਟੀ ਦੇ ਵਪਾਰ ਵਿੰਗ ਦੇ ਕੋ ਆਰਡੀਨੇਟਰ ਬਿਕਰਮਜੀਤ ਬਿੱਕਾ ਸਿੰਗਲਾ, ਆਪ ਆਗੂ ਗੁਰਭਜਨ ਢਿਲੋ, ਸਮੇਤ ਵਿਧਾਇਕ ਸਿੱਧੂ ਦੀ ਪੂਰੀ ਟੀਮ ਹਾਜ਼ਰ ਰਹੀ।

# ਬਾਰਵੀਂ ਕਲਾਸ ਦੀ ਵਿਦਾਇਗੀ ਪਾਰਟੀ ਸਬੰਧੀ ਸਮਾਰੋਹ

ਭਗਤਾ ਭਾਈ ਕਾ, 14 ਫਰਵਰੀ (ਸਵਰਨ ਸਿੰਘ ਭਗਤਾ): ਸੰਤ ਮਹੇਸ਼ ਮੁਨੀ ਜੀ ਗਰਲਜ ਕਾਲਜ ਭਗਤਾ ਭਾਈਕਾ ਵਿੱਚ ਬਾਰਵੀ ਕਲਾਸ ਦੀ ਵਿਦਾਇਗੀ ਪਾਰਟੀ ਸਬੰਧੀ ਸਮਾਰੋਹ ਕਰਵਾਇਆ ਗਿਆ। ਇਹ ਸਮਾਰੋਹ ਕੰਟਰੋਲਰ ਮੈਡਮ ਇੰਦਰਪਾਲ ਕੌਰ ਦੀ ਅਗਵਾਈ ਹੇਠ ਵਾਈਸ ਪ੍ਰਿੰਸੀਪਲ ਜਗਜੀਤ ਕੌਰ ਨੇ ਬੜੇ ਸੁਚੱਜੇ ਢੰਗ ਨਾਲ ਕਰਵਾਇਆ। ਇਸ ਸਮਾਰੋਹ ਵਿੱਚ ਵਿਦਿਆਰਥੀਆਂ ਨੇ ਕਵਿਤਾਵਾਂ, ਗੀਤ, ਨਾਚ, ਗਰੁੱਪ ਡਾਂਸ, ਅਤੇ ਭਾਸ਼ਣ ਪੇਸ਼ ਕੀਤੇ ਅਤੇ ਵਿਦਿਆਰਥੀਆਂ ਨੇ ਮਨੋਰੰਜਨ ਲਈ ਗੇਮਾਂ ਵੀ ਕਰਵਾਈਆਂ। ਮੈਡਮ ਮਨਸਿਮਰਤ ਕੌਰ ਬਾਇਓਲੋਜੀ ਮੈਡਮ ਰਮਨਦੀਪ ਸ਼ਰਮਾ ਫਜਿਕਸ ਮੈਡਮ ਗੁਰਜੀਤ ਕੌਰ ਕਾਮਰਸ ਮੈਡਮ ਗੁਰਪ੍ਰੀਤ ਕੌਰ ਹਿਸਟਰੀ ਨੇ ਵਿਦਿਆਰਥੀਆਂ ਨੂੰ ਗਾਈਡ ਕਰਕੇ ਵਧੀਆ ਪੇਸ਼ਕਾਰੀ ਕਰਵਾਈ। ਇਸ ਮੌਕੇ ਕਾਲਜ ਦੇ ਕੰਟਰੋਲਰ ਮੈਡਮ ਇੰਦਰਪਾਲ ਕੌਰ ਜੀ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਉੱਚੇ ਲਕਸ਼ ਰੱਖਣ, ਮਿਹਨਤ, ਇਮਾਨਦਾਰੀ ਅਤੇ ਅਨੁਸ਼ਾਸਨ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਉਨ੍ਹਾਂ ਨੇ ਕਿਹਾ ਕਿ ਵਿਦਾਈ ਅੰਤ ਨਹੀ ਸਗੋ ਨਵੇਂ ਸਫ਼ਰ ਦੀ ਸ਼ੁਰੂਆਤ ਹੈ। ਕੰਟਰੋਲਰ ਮੈਡਮ ਵੱਲੋਂ ਵਿਦਿਆਰਥੀਆਂ ਨੂੰ ਹੌਸਲਾ ਅਫਜ਼ਾਈ ਲਈ ਸਨਮਾਨਿਤ ਕੀਤਾ ਗਿਆ ਅਤੇ ਭਵਿੱਖ ਵਿੱਚ ਹੋਰ ਵੱਡੀਆਂ ਸਫਲਤਾਵਾਂ ਦੀ ਕਾਮਨਾ ਕੀਤੀ।

# ਸਿਵਲ ਸਰਜਨ ਵੱਲੋਂ ਅੱਖਾਂ ਦੇ ਮੁਫ਼ਤ ਕੈਂਪ ਦੇ ਪ੍ਰਬੰਧਾਂ ਦਾ ਨਿਰੀਖਣ



ਭਗਤਾ ਭਾਈ ਕਾ, 14 ਫਰਵਰੀ (ਸਵਰਨ ਸਿੰਘ ਭਗਤਾ): ਵਿਵੇਕ ਆਸ਼ਰਮ ਅਤੇ ਚੈਰੀਟੇਬਲ ਹਸਪਤਾਲ ਵਿਖੇ ਸ਼ੁੱਕਰਵਾਰ ਨੂੰ ਸਿਵਲ ਸਰਜਨ ਬਠਿੰਡਾ ਡਾਕਟਰ ਤਪਿੰਦਰ ਜੋਤ ਵੱਲੋ ਅਗੇਤੇ ਕੀਤੇ ਅੱਖਾਂ ਦੇ ਮੁਫ਼ਤ ਕੈਂਪ ਦੇ ਪ੍ਰਬੰਧਾਂ ਦਾ ਨਿਰੀਖਣ ਕੀਤਾ। ਇਸ ਮੌਕੇ ਉਹ ਕੀਤੇ ਹੋਏ ਪ੍ਰਬੰਧਾਂ ਤੋ ਬੇਹੱਦ ਪ੍ਰਭਾਵਿਤ ਹੁੰਦਿਆਂ ਬਹੁਤ ਸਲਾਹਿਆ। ਪ੍ਰਬੰਧਕਾਂ ਵੱਲੋ ਕੀਤੇ ਸਾਫ-ਸਫਾਈ ਦੇ ਪ੍ਰਬੰਧਾਂ ਦੇ ਤਾਂ ਉਹ ਕਾਇਲ ਹੀ ਹੋ ਗਏ।

ਸਿਵਲ ਸਰਜਨ ਡਾਕਟਰ ਤੁਪਿੰਦਰਜੋਤ ਅਤੇ ਸੀਨੀਅਰ ਮੈਡੀਕਲ ਅਫਸਰ ਭਗਤਾ ਭਾਈਕਾ ਡਾਕਟਰ ਸੀਮਾ ਗੁਪਤਾ ਵਿਵੇਕ ਆਸ਼ਰਮ ਅਤੇ ਚੈਰੀਟੇਬਲ ਜਲਾਲ ਹਸਪਤਾਲ ਵਿਖੇ ਪਹੁੰਚੇ। ਉਹਨਾਂ ਦਾ ਡੇਰਾ ਮੁਖੀ ਬਾਬਾ ਗੰਗਾ ਰਾਮ

ਮੁੱਖ ਪ੍ਰਬੰਧਕ, ਡਾਕਟਰ ਮੀਨਾਕਸ਼ੀ ਸਿੱਧੂ ਅੱਖਾਂ ਦੇ ਮਾਹਿਰ ਡਾਕਟਰ ਅਤੇ ਡਾਕਟਰ ਰਵੀ ਕਾਂਤ ਬਮੋਤਰਾ ਅੱਖਾਂ ਦੇ ਸਰਜਨ ਐਵਾਰਡ ਪ੍ਰਾਪਤ ਵੱਲੋਂ ਗੁਲਦਸਤੇ ਭੇਂਟ ਕਰਕੇ ਉਹਨਾਂ ਨੂੰ ਜੀ ਆਇਆ ਨੂੰ ਆਖਿਆ ਗਿਆ। ਇਸ ਉਪਰੰਤ ਸਿਵਲ ਸਰਜਨ ਅਤੇ ਸੀਨੀਅਰ ਮੈਡੀਕਲ ਅਫਸਰ ਵੱਲੋਂ ਹਸਪਤਾਲ ਵਿੱਚ ਪੁੱਛ- ਗਿੱਛ ਕੇਂਦਰ ਐਨ ਸੀ ਟੀ ਕੇਂਦਰ ਰਿਫੈਕਸ਼ਨ ਰੂਮ ਅਤੇ ਉਪਰੇਸ਼ਨ ਥੀਏਟਰ ਦਾ ਦੌਰਾ ਕੀਤਾ।ਇਸ ਮੌਕੇ ਹਸਪਤਾਲ ਵਿੱਚ ਕੀਤੇ ਪ੍ਰਬੰਧਾਂ ਤੋਂ ਖਾਸ ਕਰ, ਸਫਾਈ ਦੇ ਪ੍ਰਬੰਧਾਂ ਤੋਂ ਸਿਵਲ ਸਰਜਨ ਬਹੁਤ ਪ੍ਰਭਾਵਿਤ ਹੋਏ। ਅੰਤ ਵਿੱਚ ਡੇਰਾ ਪ੍ਰਬੰਧਕਾਂ ਵੱਲੋਂ ਸਿਵਲ ਸਰਜਨ ਡਾਕਟਰ ਤਪਿੰਦਰਜੋਤ ਅਤੇ ਸੀਨੀਅਰ ਮੈਡੀਕਲ ਅਫਸਰ ਨੂੰ ਯਾਦਗਾਰੀ ਚਿੰਨ ਭੇਂਟ ਕੀਤੇ। ਇਸ ਮੌਕੇ ਸੀਨੀਅਰ ਸਹਾਇਕ ਗਰਮੀਤ ਸਿੰਘ ਜਲਾਲ ਅਤੇ ਗੁਲਾਬ ਚੰਦ ਜਲਾਲ ਤੋਂ ਬਿਨਾਂ ਸਮੂਹ ਹਸਪਤਾਲ ਦਾ ਸਟਾਫ ਵੀ ਹਾਜ਼ਰ ਸੀ।

# ਗੌਰਮਿੰਟ ਟੀਚਰਜ਼ ਯੂਨੀਅਨ ਨੇ ਘੇਰਿਆ ਡੀ.ਈ.ਓ. ਦਫ਼ਤਰ



ਬਰਨਾਲਾ, 14 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਗਲਤ ਇਰਾਦੇ ਤੇ ਨਿੱਜੀ ਰੰਜਿਸ਼ਾਂ ਨਾਲ ਲਗਾਈਆਂ ਡਿਊਟੀਆਂ ਕਿਸੇ ਵੀ ਕੀਮਤ 'ਤੇ ਬਰਦਾਸਤ ਨਹੀਂ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਬਰਨਾਲਾ ਵੱਲੋਂ ਬੋਰਡ ਜਮਾਤਾਂ ਦੇ ਪੇਪਰਾਂ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਨੂੰ ਮਨਮਾਨੇ ਤੇ ਰੰਜਿਸ਼ ਪੂਰਨ ਢੰਗ ਨਾਲ ਲਗਾਉਣ ਦੇ ਵਿਰੋਧ ਵਜੋਂ ਡੀਈਓ ਦਫਤਰ ਬਰਨਾਲਾ (ਸੈਕੰਡਰੀ) ਅੱਗੇ ਰੋਸ਼ਮਈ ਧਰਨਾ ਦੇ ਕੇ ਦਫਤਰ ਦਾ ਘਿਰਾਓ ਕੀਤਾ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਹਰਿੰਦਰ ਮੱਲ੍ਹੀਆਂ ਤੇ ਜ਼ਿਲ੍ਹਾ ਜਨਰਲ ਸਕੱਤਰ ਤੇਜਿੰਦਰ ਸਿੰਘ ਤੇਜੀ ਨੇ ਮਾਮਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹਨਾਂ ਡਿਊਟੀਆਂ ਨੂੰ ਲਗਾਉਣ ਸਮੇਂ ਡੀਲਿੰਗ ਹੈਂਡ ਅਤੇ ਦਫਤਰ ਨੇ ਜਥੇਬੰਦਕ ਆਗੂਆਂ ਅਤੇ ਕਾਡਰ ਨੂੰ ਨਿਸਾਨਾ ਬਣਾਉਣ ਦਾ ਕੋਝਾ ਯਤਨ ਕੀਤਾ ਹੈ ਅਤੇ ਸਿੱਖਿਆ ਵਿਭਾਗ ਦੇ ਸਮੇਂ ਸਮੇਂ ਤੇ ਜਾਰੀ ਪੱਤਰਾਂ ਤੇ ਨਿਯਮਾਂ ਨੂੰ ਛਿੱਕੇ ਟੰਗਦਿਆਂ ਅਧਿਆਪਕਾਂ ਦੀਆਂ ਡਿਊਟੀਆਂ 40-50 ਕਿਲੋਮੀਟਰ ਤੱਕ ਦੂਰ ਲਗਾ ਦਿੱਤੀਆਂ ਹਨ। ਜਥੇਬੰਦੀ ਨੇ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦਿਆਂ ਦਫਤਰ ਖਿਲਾਫ਼ ਸੰਘਰਸ਼ ਸ਼ੁਰੂ ਕਰ ਦਿੱਤਾ ਤੇ ਜਥੇਬੰਦੀ ਦੇ ਰੋਹ ਨੂੰ ਦੇਖਦਿਆਂ ਸਾਰੇ ਹੀ ਜਿੰਮੇਵਾਰ ਅਧਿਕਾਰੀ ਦਫਤਰ ਚੋਂ ਗਾਇਬ ਹੋ ਗਏ ਪਰ ਜਥੇਬੰਦੀ ਦੇ ਦਫਤਰ ਦਾ ਘਿਰਾਓ ਦੇ ਐਲਾਨ ਤੋਂ ਬਾਅਦ ਸਸਸਸ ਠੀਕਰੀਵਾਲਾ (ਕੰਨਿਆ) ਦੇ ਪ੍ਰਿੰਸੀਪਲ ਸ਼੍ਰੀ ਸੰਜੇ ਸਿੰਗਲਾ ਦੀ ਡਿਊਟੀ ਜਥੇਬੰਦੀ ਨਾਲ ਗੱਲਬਾਤ ਕਰਨ 'ਤੇ ਲਗਾਈ ਗਈ, ਜਿਨ੍ਹਾਂ ਨੇ ਜੱਥੇਬੰਦੀ ਵੱਲੋਂ ਪੇਸ਼ ਕੀਤੀਆਂ ਸਾਰੀਆਂ ਹੀ ਗ਼ਲਤ ਡਿਊਟੀਆਂ ਕੱਟਣ / ਅਡਜਸਟ ਕਰਨ ਦੀ ਸਹਿਮਤੀ ਦਿੱਤੀ ਪਰ ਜਥੇਬੰਦੀ ਨੇ ਗਲਤ ਇਰਾਦੇ ਨਾਲ ਡਿਊਟੀਆਂ ਲਗਾਉਣ ਵਾਲੇ ਕਰਮਚਾਰੀਆਂ 'ਤੇ ਕਾਰਵਾਈ ਕਰਨ ਦੀ ਮੰਗ ਨੂੰ ਮੁੱਖ ਰੱਖਦਿਆਂ ਕੋਈ ਵੀ ਹੋਰ ਅਪੀਲ ਤੇ ਦਲੀਲ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਜਥੇਬੰਦੀ ਨੇ ਦਫਤਰ ਨੂੰ ਚਿਤਾਵਨੀ ਦਿੱਤੀ ਕਿ ਜਿੰਨ੍ਹਾ ਚਿਰ ਡੀਲਿੰਗ ਹੈਂਡ ਜਸਵਿੰਦਰ ਸਿੰਘ ( ਸੀਨੀ. ਸਹਾ) ਦੀ ਸੀਟ ਬਦਲੀ ਅਤੇ ਮਨਜੀਤ ਕੌਰ ਮਨੂ ਨੂੰ ਦਫਤਰ ਤੋਂ ਰਿਲੀਵ ਨਹੀਂ ਕੀਤਾ ਜਾਂਦਾ, ਉਨ੍ਹਾਂ ਚਿਰ ਸੰਘਰਸ ਜਾਰੀ ਰਹੇਗਾ। ਜਥੇਬੰਦੀ ਨੇ 16 ਫਰਵਰੀ ਦਿਨ ਸੋਮਵਾਰ ਦੀ DEO ਦਫਤਰ ਵਿਖੇ ਵਧਵੀ ਮੀਟਿੰਗ ਬੁਲਾਈ ਹੈ , ਜਿਸ ਵਿੱਚ ਦਫਤਰ ਖਿਲਾਫ ਅਗਲੇ ਸੰਘਰਸ਼ਾਂ ਦਾ ਫੈਸਲਾ ਲਿਆ ਜਾਵੇਗਾ।

# ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਗਹਿਰੀਵਾਲਾ ਨੇ ਕੀਤੀ ਚਿਰਾਗ ਪਾਸਵਾਨ ਨਾਲ ਮੁਲਾਕਾਤ

## ਪੰਜਾਬ ਅੰਦਰ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜੇਗੀ 'ਲੋਜਪਾ' : ਚਿਰਾਗ ਪਾਸਵਾਨ/ਚੌਧਰੀ ਰਾਜੇਸ਼ ਗਹਿਰੀਵਾਲਾ



ਦਿੱਲੀ, 14 ਫਰਵਰੀ (ਚ.ਨ.ਸ.) : ਜਿਉਂ ਜਿਉਂ ਪੰਜਾਬ ਅੰਦਰ ਮੁੜ ਆਗਾਮੀ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਤਿਉਂ-ਤਿਉਂ ਲੋਕ ਜਨ ਸ਼ਕਤੀ ਪਾਰਟੀ ਰਾਮਬਿਲਾਸ ਪੰਜਾਬ ਦੇ ਸੀਨੀਅਰ ਮੀਡੀਆ ਇੰਚਾਰਜ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਦੀ ਸਮੁੱਚੀ ਸੂਬਾ ਪੱਧਰੀ ਟੀਮ ਵੱਲੋਂ ਪਾਰਟੀ ਦੇ ਸੁਪਰੀਮੋ ਅਤੇ ਭਾਰਤ ਸਰਕਾਰ ਦੇ ਕੈਬਨਟ ਮੰਤਰੀ ਸ੍ਰੀ ਚਿਰਾਗ ਪਾਸਵਾਨ ਜੀ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਸਮੁੱਚੇ ਪੰਜਾਬ ਅੰਦਰ ਪੰਜਾਬ ਫਸਟ ਅਤੇ ਪੰਜਾਬੀ ਫਸਟ ਬਣਾਉਣ ਨੂੰ ਲੈ ਕੇ ਆਪਣੀਆਂ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ, ਜਿਸ ਦੇ ਚਲਦਿਆਂ ਅੱਜ ਲੋਕ ਜਨ ਸ਼ਕਤੀ ਪਾਰਟੀ ਦੇ ਸੁਪਰੀਮੋ ਅਤੇ ਭਾਰਤ ਸਰਕਾਰ ਦੇ ਕੈਬਨਿਟ ਮੰਤਰੀ ਚਿਰਾਗ ਪਾਸਵਾਨ ਵੱਲੋਂ ਭੇਜੇ ਵਿਸ਼ੇਸ਼ ਬੁਲਾਵੇ ਉੱਤੇ ਦਿੱਲੀ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਜਾਬ ਦੇ ਸੀਨੀਅਰ ਮੀਡੀਆ ਇੰਚਾਰਜ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਨੇ ਚਿਰਾਗ ਪਾਸਵਾਨ ਨੂੰ ਜਾਣੂ ਕਰਵਾਇਆ ਕਿ ਉਹਨਾਂ ਵੱਲੋਂ ਪੰਜਾਬ ਪ੍ਰਧਾਨ ਸਰਦਾਰ ਅਮਰ ਸਿੰਘ ਮਹਿਮੀ ਦੀ ਅਗਵਾਈ ਹੇਠ ਸਮੁੱਚੇ ਪੰਜਾਬ ਨਾਲ ਸੰਬੰਧਿਤ ਸਮੁੱਚੇ ਜ਼ਿਲ੍ਹੇ ਅਤੇ ਸ਼ਹਿਰ ਮੰਡੀਆਂ ਤੋਂ ਲੈ ਕੇ ਪਿੰਡਾਂ ਤੱਕ ਲੋਕ ਜਨ ਸ਼ਕਤੀ ਪਾਰਟੀ ਦੀਆਂ ਪੰਜਾਬ ਪੱਖੀ ਗਤੀਵਿਧੀਆਂ ਨੂੰ ਘਰ ਘਰ ਪਹੁੰਚਾ ਕੇ ਪੰਜਾਬ ਦੇ ਲੋਕਾਂ ਨੂੰ ਲੋਕ ਜਨ ਸ਼ਕਤੀ ਪਾਰਟੀ ਰਾਮ ਬਿਲਾਸ ਨਾਲ ਜੁੜਨ ਦਾ ਸੱਦਾ ਦਿੱਤਾ ਜਾ ਰਿਹਾ ਹੈ ਤਾਂ ਜੋ ਪੰਜਾਬ ਅੰਦਰ ਚੌਥਾ ਬਦਲ ਲਿਆਉਂਦੇ ਹੋਏ ਲੋਕ ਜਨ ਸ਼ਕਤੀ ਪਾਰਟੀ ਦੀ ਮਜ਼ਬੂਤ ਸਰਕਾਰ ਬਣਾਈ ਜਾ ਸਕੇ।

ਲੋਕ ਜਨ ਸ਼ਕਤੀ ਪਾਰਟੀ ਰਾਮ ਬਿਲਾਸ ਦੇ ਸੁਪਰੀਮੋ ਅਤੇ ਭਾਰਤ ਸਰਕਾਰ ਦੇ ਕੈਬਨਿਟ ਮੰਤਰੀ ਚਿਰਾਗ ਪਾਸਵਾਨ ਅਤੇ ਪੰਜਾਬ ਪ੍ਰਦੇਸ਼ ਦੇ ਸੀਨੀਅਰ ਮੀਡੀਆ ਇੰਚਾਰਜ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਨੇ ਸਾਂਝੇ ਤੌਰ ਤੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਪੰਜਾਬ ਦੇ ਹਾਲਾਤ ਬਹੁਤ ਜ਼ਿਆਦਾ ਵਿਗੜ ਚੁੱਕੇ ਹਨ। ਚਾਰ ਛੁਪੇਰੇ ਸ਼ਰੇਆਮ ਕਤਲੇਆਮ ਗੁੰਡਾਗਰਦੀ ਲੁੱਟਖੋਹ ਅਤੇ ਵਪਾਰੀਆਂ ਤੋਂ ਫੋਤੀਆਂ ਮੰਗਣ ਤੋਂ ਲੈ ਕੇ ਮਾਸੂਮ ਬੱਚੇ ਤੱਕ ਅਗਵਾਹ ਕਰਨ ਤੋ ਲੈ ਕੇ ਮੀਡੀਆ ਦਾ ਗਲਾ ਘੁੱਟਣ ਤੱਕ ਦੀਆਂ ਨਜਾਇਜ਼ ਘਟਨਾਵਾਂ ਕਰਕੇ ਪੰਜਾਬ ਦੇ ਲੋਕ ਡਰ ਦੇ ਮਾਹੌਲ ਵਿੱਚ ਆਪਣਾ ਜੀਵਨ ਬਤੀਤ ਕਰਨ ਨੂੰ ਮਜਬੂਰ ਹੋ ਚੁੱਕੇ ਹਨ।

ਸ੍ਰੀ ਚਿਰਾਗ ਪਾਸਵਾਨ ਅਤੇ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਨੇ ਕਿਹਾ ਕਿ ਪੰਜਾਬ ਨੂੰ ਮਾੜੇ ਹਾਲਾਤਾਂ ਵਿੱਚੋਂ ਬਾਹਰ ਕੱਢਣ ਲਈ ਜੋ ਜੋ ਵੀ ਸਿਆਸੀ ਪਾਰਟੀ ਪੰਜਾਬ ਦੇ ਹਿੱਤਾਂ ਦੀ ਗੱਲ ਕਰਦੀ ਹੋਈ ਪੰਜਾਬ ਫਸਟ ਪੰਜਾਬੀ ਫਸਟ ਬਣਾਉਣ ਵਿੱਚ ਲੋਕ ਜਨ ਸ਼ਕਤੀ ਪਾਰਟੀ ਰਾਮ ਬਿਲਾਸ ਦਾ ਸਾਥ ਦੇਵੇਗੀ ਉਸ ਪਾਰਟੀ ਨਾਲ ਸਾਡੇ ਵੱਲੋਂ ਸਮਝੌਤਾ ਕਰਕੇ ਪੰਜਾਬ ਅੰਦਰ ਆਗਾਮੀ ਵਿਧਾਨ ਸਭਾ ਚੋਣਾਂ ਲੜੀਆਂ ਜਾ ਸਕਦੀਆਂ ਹਨ।

# ਪੰਜਾਬ ਗ੍ਰਾਮੀਣ ਬੈਂਕ ਦੀ ਸ਼ਾਖਾ ਅਰਨੌਂ ਨੇ ਲਾਭਪਾਤਰੀ ਨੂੰ ਦਿੱਤਾ ਦੋ ਲੱਖ ਰੁਪਏ ਦਾ ਚੈੱਕ




ਅਰਨੌਂ, 14 ਫਰਵਰੀ (ਕਰਮਬੀਰ ਸਿੰਘ) : ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਤਹਿਤ ਪੰਜਾਬ ਗ੍ਰਾਮੀਣ ਬੈਂਕ ਦੀ ਸ਼ਾਖਾ ਅਰਨੌਂ ਵੱਲੋਂ ਪਿੰਡ ਬਹਿਰ ਜੱਛ ਦੇ ਨੌਮੀਨੇਸ਼ਨ ਪਰਿਵਾਰਕ ਮੈਂਬਰ ਨੂੰ ਦੋ ਲੱਖ ਰੁਪਏ ਬੀਮਾ ਰਾਸ਼ੀ ਦਾ ਚੈੱਕ ਭੇਟ ਕੀਤਾ ਗਿਆ। ਇਸ ਸਬੰਧ ਵਿਚ ਸਾਖਾ ਮੈਨੇਜਰ ਹਨੀਸ ਕੁਮਾਰ ਅਤੇ ਉਪ ਮਨੇਜਰ ਮੇਜਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੇ ਬੈਂਕ ਦੇ ਖਾਤਾਧਾਰਕ ਰਵੀ ਪੁੱਤਰ ਦੇਸ਼ ਰਾਜ ਵਾਸੀ ਬਹਿਰ ਜੱਛ ਦੀ ਪਿਛਲੇ ਦਿਨੀਂ ਕਿਸੇ ਕਾਰਨ ਅਚਾਨਕ ਮੌਤ ਹੋ ਗਈ ਸੀ ਅਤੇ ਜਿਸ ਵੱਲੋਂ ਇਹ ਬੀਮਾ ਪੌਲਿਸੀ ਲਈ ਗਈ ਸੀ। ਸੋ ਹੁਣ ਉਨ੍ਹਾਂ ਦੇ ਨੌਮੀਨੇਸ਼ਨ ਪਰਿਵਾਰਕ ਮੈਂਬਰ ਉਸ ਦੇ ਪਿਤਾ ਦੇਸ਼ ਰਾਜ ਨੂੰ ਇਸ ਯੋਜਨਾ ਦੀ ਦੋ ਲੱਖ ਰੁਪਏ ਦੀ ਬੀਮਾ ਰਾਸ਼ੀ ਭੇਟ ਕਰਕੇ ਉਸ ਦੇ ਪਰਿਵਾਰ ਦੀ ਆਰਥਿਕ ਮਦਦ ਕੀਤੀ ਗਈ।ਉਨ੍ਹਾਂ ਅਗੇ ਹੋਰ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਪੰਜਾਬ ਗ੍ਰਾਮੀਣ ਬੈਂਕ ਵੱਲੋਂ ਇਹ ਬੀਮਾ ਯੋਜਨਾ ਉਨ੍ਹਾਂ ਸਾਰੇ ਬੈਂਕ ਬੱਚਤ ਖਾਤਾ ਧਾਰਕਾਂ ਲਈ ਹੈ, ਜਿਨ੍ਹਾਂ ਦੀ ਉਮਰ 18 ਤੋਂ 50 ਸਾਲ ਦੀ ਹੈ ਅਤੇ ਇਸ ਦੀ ਸਾਲਾਨਾ ਕਿਸ਼ਤ ਵੀ ਬਹੁਤ ਹੀ ਘੱਟ ਰੁਪਏ ਹੈ ਅਤੇ ਨਿਯਮਿਤ ਰੂਪ ਵਿਚ ਕਿਸ਼ਤ ਭਰਨ ਦੀ ਸੂਰਤ ਵਿਚ ਜੇ ਕਰ ਕਿਸੇ ਖਾਤਾਧਾਰਕ ਦੀ ਮੌਤ ਹੋ ਜਾਂਦੀ ਹੈ, ਤਾ ਉਸ ਦੇ ਪਰਿਵਾਰਕ ਮੈਂਬਰ ਨੂੰ ਇਹ ਬੀਮਾ ਰਾਸ਼ੀ ਦਿੱਤੀ ਜਾਦੀ ਹੈ।

# 'ਮੁਫ਼ਤਖੋਰੀ ਦੀਆਂ ਸਕੀਮਾਂ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ' ਵਿਸ਼ੇ 'ਤੇ ਗੋਸ਼ਟੀ ਕਰਵਾਈ



ਬਰਨਾਲਾ, 14 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਰਾਸ਼ਟਰੀ ਚੋਣ ਕਮਿਸ਼ਨ ਦੀ ਇਹ ਮੁੱਢਲੀ ਜਿੰਮੇਵਾਰੀ ਹੈ ਕਿ ਉਹ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਨਿਰਪੱਖ ਅਤੇ ਆਜਦਾਨਾ ਢੰਗ ਨਾਲ ਕਰਾਵੇ। ਚੋਣ ਕਮਿਸ਼ਨ ਵੱਲੋਂ ਹਰ ਸਾਲ 25 ਜਨਵਰੀ ਨੂੰ ਵੋਟਰ ਦਿਵਸ ਮਨਾਇਆ ਜਾਂਦਾ ਹੈ ਅਤੇ ਖ਼ੂਬ ਪ੍ਰਚਾਰ ਕਰਨ ਦੇ ਨਾਲ-ਨਾਲ ਇਹ ਸਹੁੰ ਵੀ ਚੁਕਾਈ ਜਾਂਦੀ ਹੈ ਕਿ ਮੈਂ ਆਪਣੀ ਵੋਟ ਬਿਨਾਂ ਕਿਸੇ ਡਰ, ਭੈਅ ਅਤੇ ਲਾਲਚ ਤੋਂ ਆਪਣੇ ਆਪਣੇ ਮਨਪਸੰਦ ਉਮੀਦਵਾਰ ਨੂੰ ਪਾਵਾਂਗਾ। ਇਸ ਮੌਕੇ ਬੋਲਦਿਆਂ ਸਮਾਜ ਸੇਵੀ ਅਤੇ ਸੀਨੀਅਰ ਐਡਵੋਕੇਟ ਧੀਰਜ ਗੋਇਲ ਨੇ ਕਿਹਾ ਕਿ ਮੁਫ਼ਤ ਦੀਆਂ ਸਕੀਮਾਂ ਨਾਲ ਸਾਰੀਆਂ ਹੀ ਪਾਰਟੀਆਂ ਵੱਲੋਂ ਵੋਟਰਾਂ ਨੂੰ ਭਰਮਾ ਕੇ ਵੋਟਾਂ ਹਾਸਲ ਕੀਤੀਆਂ ਜਾਂਦੀਆਂ ਹਨ ਜਾਂ ਇਹ ਕਹਿ ਲਵੋ ਕਿ ਮੁਫ਼ਤਖੋਰੀ ਦਾ ਲਾਲਚ ਦੇ ਕੇ ਵੋਟਾਂ ਖ਼ਰੀਦੀਆਂ ਜਾਂਦੀਆਂ ਹਨ। ਹੈਰਾਨੀਜਨਕ ਗੱਲ ਇਹ ਹੈ ਕਿ ਮੁਫ਼ਤਖੋਰੀ ਦਾ ਐਲਾਨ ਚੋਣ ਮਨੋਰਥ ਪੱਤਰਾਂ 'ਚ ਗਰੰਟੀਆਂ ਵਜੋਂ ਐਲਾਨਿਆ ਜਾਂਦਾ ਹੈ। ਇਸ ਸਮੇਂ ਰਾਸ਼ਟਰੀ ਚੋਣ ਕਮਿਸ਼ਨ ਮੂਕ ਦਰਸ਼ਕ ਕਿਉਂ ਬਣ ਜਾਂਦਾ ਹੈ। ਕਿਉਂ ਨਹੀਂ ਕੋਈ ਕਾਰਵਾਈ ਕਰਕੇ ਮੁਫ਼ਤ ਦੀਆਂ ਸਕੀਮਾਂ ਦੇਣ 'ਤੇ ਰੋਕ ਲਗਾਈ ਜਾਂਦੀ ? ਇਸ ਮੌਕੇ ਬੋਲਦਿਆਂ ਸੀਨੀਅਰ ਐਡਵੋਕੇਟ ਤਲਵਿੰਦਰ ਸਿੰਘ ਮਸੌਣ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਬਰਨਾਲਾ ਨੇ ਕਿਹਾ ਕਿ ਸੁਪਰੀਮ ਕੋਰਟ ਨੇ 5 ਜੁਲਾਈ 2013 ਨੂੰ ਸਪੱਸ਼ਟ ਕਿਹਾ ਸੀ ਕਿ ਚੋਣ ਮਨੋਰਥ ਪੱਤਰਾਂ 'ਚ ਮੁਫ਼ਤਖੋਰੀ ਦਾ ਐਲਾਨ ਕਰਨ ਨਾਲ ਚੋਣ ਪ੍ਰਕਿਰਿਆ ਪ੍ਰਭਾਵਿਤ ਹੁੰਦੀ ਹੈ ਅਤੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਕਿਹਾ ਸੀ ਕਿ ਰਾਜਨੀਤਿਕ ਪਾਰਟੀਆਂ ਨਾਲ ਸਬੰਧਤ ਗੱਲਬਾਤ ਕਰਕੇ ਮੁਫ਼ਤ ਦੀਆਂ ਚੀਜ਼ਾਂ ਦੇਣ 'ਤੇ ਰੋਕ ਲਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ਪ੍ਰੰਤੂ ਹੁਣ ਤੱਕ ਇਸ ਮਾਮਲੇ 'ਤੇ ਕੋਈ ਪ੍ਰਗਤੀ ਨਹੀਂ ਹੋਈ। ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਬਰਨਾਲਾ ਦੇ ਪ੍ਰਧਾਨ ਨੀਰਜ਼ ਸਿੰਗਲਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਨੇ ਇੱਕ ਪੀ ਆਈ ਐਲ 'ਤੇ ਕਾਰਵਾਈ ਕਰਦੇ ਹੋਏ 3 ਅਗਸਤ 2022 ਨੂੰ ਕੇਂਦਰ ਸਰਕਾਰ, ਨੀਤੀ ਆਯੋਗ, ਵਿੱਤ ਕਮਿਸ਼ਨ, ਲਾ ਕਮਿਸ਼ਨ, ਆਰ ਬੀ ਆਈ , ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਨੂੰ ਕਿਹਾ ਸੀ ਕਿ ਉਸਾਰੂ ਸੁਝਾਅ ਪੇਸ਼ ਕੀਤੇ ਜਾਣ ਤਾਂ ਜੋ ਚੋਣਾਂ ਤੋਂ ਪਹਿਲਾਂ ਮੁਫ਼ਤ ਦੀਆਂ ਚੀਜ਼ਾਂ ਦਾ ਐਲਾਨ ਕਰਕੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਗੈਰਸੰਗਤ ਕਾਰਵਾਈ 'ਤੇ ਰੋਕ ਲਾਈ ਜਾ ਸਕੇ। ਇਸ ਬਾਰੇ ਆਪਣੀ ਰਾਇ ਪ੍ਰਗਟ ਕਰਦਿਆਂ ਸਮਾਜ ਸੇਵੀ ਕੇਵਲ ਕ੍ਰਿਸ਼ਨ ਗਰਗ ਨੇ ਕਿਹਾ ਕਿ ਮੁਫ਼ਤ ਦੀਆਂ ਚੀਜ਼ਾਂ 'ਤੇ ਅਰਬਾਂ ਖਰਬਾਂ ਰੁਪਈਆ ਖਰਚ ਕਰਨ ਦੀ ਬਜਾਏ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ। ਸਮਾਜ ਸੇਵੀ ਡਾਕਟਰ ਰਾਜੀਵ ਸ਼ਰਮਾ ਨੇ ਕਿਹਾ ਕਿ ਇਹ ਦੇਖਣ ਵਿੱਚ ਆਇਆ ਹੈ ਕਿ ਲੋਕਾਂ ਨੂੰ ਮੁਫ਼ਤ ਰਾਸ਼ਨ, ਮੁਫ਼ਤ ਸਫ਼ਰ ਅਤੇ ਨਗਦੀ ਮਿਲਣ ਨਾਲ ਉਹਨਾਂ 'ਚ ਵਿਹਲੇ ਰਹਿਣ ਦੀ ਪ੍ਰਵਿਰਤੀ ਪੈਦਾ ਹੋ ਰਹੀ ਹੈ ਅਤੇ ਉਹ ਕੰਮ ਨਹੀਂ ਕਰਨਾ ਚਾਹੁੰਦੇ। ਸਰਕਾਰ ਨੂੰ ਚਾਹੀਦਾ ਕਿ ਉਹ ਹਰ ਇਨਸਾਨ ਨੂੰ ਰੁਜ਼ਗਾਰ ਦੇ ਕੇ ਉਸਨੂੰ ਰਾਸ਼ਟਰ ਦੀ ਮੁੱਖ ਧਾਰਾ 'ਚ ਸ਼ਾਮਿਲ ਕਰੇ ਤਾਂ ਜੋ ਉਹ ਵਿਅਕਤੀ ਰਾਸ਼ਟਰ ਅਤੇ ਸਮਾਜ ਦੇ ਵਿਕਾਸ 'ਚ ਆਪਣਾ ਯੋਗਦਾਨ ਪਾਵੇ। ਦੇਸ਼ ਦੀ ਜਨਤਾ ਰਾਸ਼ਟਰ ਦੀ ਤਰੱਕੀ ਲਈ ਅਨੇਕਾਂ ਤਰ੍ਹਾਂ ਦੇ ਟੈਕਸ ਦਿੰਦੀ ਹੈ, ਨਾ ਕਿ ਲੋਕਾਂ ਨੂੰ ਮੁਫ਼ਤਖੋਰੀ ਦੀਆਂ ਚੀਜ਼ਾਂ ਵੰਡਣ ਲਈ। ਸੀਨੀਅਰ ਐਡਵੋਕੇਟ ਅਤੇ ਸਮਾਜ ਸੇਵੀ ਰਾਜੀਵ ਮਿੱਤਲ ਨੇ ਕਿਹਾ ਕਿ ਜੇਕਰ ਫ਼ਰੀ ਦਾ ਕੰਮ ਕਰਨਾ ਹੈ, ਤਾਂ ਸਿੱਖਿਆ ਅਤੇ ਗੰਭੀਰ ਬੀਮਾਰੀਆਂ ਦੇ ਇਲਾਜ ਨੂੰ ਮੁਫ਼ਤ ਕਰ ਦੇਣਾ ਚਾਹੀਦਾ ਹੈ, ਤਾਂ ਜੋ ਕਾਲਜਾਂ ਅਤੇ ਯੂਨੀਵਰਸਿਟੀਆਂ 'ਚ ਹਰ ਵਿਦਿਆਰਥੀ ਉਚੇਰੀ ਸਿੱਖਿਆ ਹਾਸਿਲ ਕਰ ਸਕੇ ਅਤੇ ਹਸਪਤਾਲਾਂ 'ਚ ਇਲਾਜ ਸਮੇਂ ਬਾਹਰੋਂ ਮਹਿੰਗੀਆਂ ਦਵਾਈਆਂ ਖਰੀਦਣ ਦੀ ਥਾਂ ਹਰ ਪ੍ਰਕਾਰ ਦੀ ਦਵਾਈ ਹਸਪਤਾਲ 'ਚੋਂ ਹੀ ਮੁਫ਼ਤ ਮਿਲੇ। ਮੁਫ਼ਤਖੋਰੀ ਦੀਆਂ ਸਕੀਮਾਂ ਨੂੰ ਰੋਕਣ ਲਈ ਸਾਰੀਆਂ ਧਿਰਾਂ ਨੂੰ ਮਿਲ ਬੈਠ ਕੇ ਹੱਲ ਕੱਢਣਾ ਚਾਹੀਦਾ ਹੈ, ਕਿਉਂਕਿ ਮੁਫ਼ਤਖੋਰੀ ਸਕੀਮਾਂ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਹਨ।

# ਆਰਮੀ ਅਗਨੀਵੀਰ ਭਰਤੀ ਦੇ ਲਿਖਤੀ ਪੇਪਰ ਲਈ ਸਿਖ਼ਲਾਈ ਕੈਂਪ ਸ਼ੁਰੂ

ਬਰਨਾਲਾ, 14 ਫਰਵਰੀ (ਬਘੇਲ ਸਿੰਘ ਧਾਲੀਵਾਲ) : ਪੰਜਾਬ ਸਰਕਾਰ ਦੇ ਰੋਜ਼ਗਾਰ ਉਤਪਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਬੋੜਾਵਾਲ (ਭੀਖੀ - ਬੁਢਲਾਡਾ ਰੋਡ) ਵੱਲੋਂ ਮਾਨਸਾ, ਬਰਨਾਲਾ ਅਤੇ ਸੰਗਰੂਰ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਏ.ਆਰ.ਓ ਪਟਿਆਲਾ ਦੀ ਆਰਮੀ ਅਗਨੀਵੀਰ ਭਰਤੀ ਦੇ ਲਿਖਤੀ ਪੇਪਰ ਲਈ ਮੁਫਤ ਪੂਰਵ ਸਿਖਲਾਈ ਕੈਂਪ ਸ਼ੁਰੂ ਕੀਤਾ ਜਾ ਚੁੱਕਾ ਹੈ। ਇਹ ਜਾਣਕਾਰੀ ਦਿੰਦਿਆਂ ਆਨਰੇਰੀ ਸੂਬੇਦਾਰ ਮੇਜਰ ਯਾਦਵਿੰਦਰ ਸਿੰਘ, ਸਿਖਲਾਈ ਅਧਿਕਾਰੀ, ਸੀ-ਪਾਈਟ ਕੈਂਪ ਬੋੜਾਵਾਲ (ਮਾਨਸਾ) ਨੇ ਦੱਸਿਆ ਕਿ ਏ.ਆਰ.ਓ. ਪਟਿਆਲਾ ਦੀ ਆਰਮੀ ਅਗਨੀਵੀਰ ਭਰਤੀ ਲਈ ਆਨ-ਲਾਈਨ ਅਪਲਾਈ ਮਿਤੀ 13 ਫਰਵਰੀ 2026 ਤੋਂ 1 ਅਪ੍ਰੈਲ 2026 ਤੱਕ ਕੀਤਾ ਜਾ ਸਕਦਾ ਹੈ। ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਨੂੰ ਦੱਸਿਆ ਜਾਂਦਾ ਹੈ ਕਿ www.joinindianarmy.nic.in ਵੈੱਬ ਸਾਈਟ 'ਤੇ ਮਿਤੀ 1 ਅਪ੍ਰੈਲ 2026 ਤੱਕ ਆਨ-ਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਆਨ-ਲਾਈਨ ਅਪਲਾਈ ਕਰਨ ਉਪਰੰਤ ਮਾਨਸਾ, ਬਰਨਾਲਾ ਅਤੇ ਸੰਗਰੂਰ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸੀ-ਪਾਈਟ ਕੈਂਪ ਪਿੰਡ ਬੋੜਾਵਾਲ (ਭੀਖੀ - ਬੁਢਲਾਡਾ ਰੋਡ) ਵਿਖੇ ਆ ਕੇ ਲਿਖਤੀ ਪੇਪਰ ਦੀ ਮੁਫਤ ਤਿਆਰੀ ਕਰਨ। ਲਿਖਤੀ ਪੇਪਰ ਦੀ ਤਿਆਰੀ ਤਜਰਬੇਕਾਰ ਅਧਿਆਪਕਾਂ ਵੱਲੋਂ ਕਰਵਾਈ ਜਾਂਦੀ ਹੈ। ਉਕਤ ਜ਼ਿਲ੍ਹਿਆਂ ਦੇ ਸਿਖਲਾਈ ਲੈਣ ਦੇ ਚਾਹਵਾਨ ਨੌਜਵਾਨ ਮਿਤੀ 16, ਫਰਵਰੀ 2026 ਤੋਂ ਕਿਸੇ ਵੀ ਦਿਨ ਸਵੇਰੇ 09:00 ਵਜੇ ਨਿੱਜੀ ਤੌਰ 'ਤੇ ਸੀ-ਪਾਈਟ ਕੈਂਪ, ਪਿੰਡ ਬੋੜਾਵਾਲ ਮਾਨਸਾ ਵਿਖੇ ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਭਰਤੀ ਲਈ ਆਨ-ਲਾਈਨ ਅਪਲਾਈ ਕੀਤੇ ਫਾਰਮ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ, ਜਾਤੀ ਸਰਟੀਫਿਕੇਟ ਅਤੇ ਰੈਜੀਡੈਂਸੀ ਸਰਟੀਫਿਕੇਟ ਦੀ ਫੋਟੋ ਕਾਪੀ ਅਤੇ 2 ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਸਮੇਤ ਨਿੱਜੀ ਤੌਰ 'ਤੇ ਪਹੁੰਚ ਕੇ ਰਜਿਸਟ੍ਰੇਸ਼ਨ ਕਰਵਾ ਕੇ ਟ੍ਰੇਨਿੰਗ ਸ਼ੁਰੂ ਕਰ ਸਕਦੇ ਹਨ। ਸਿਖਲਾਈ ਦੌਰਾਨ ਨੌਜਵਾਨਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਾਣਾ ਅਤੇ ਰਿਹਾਇਸ਼ ਮੁਫਤ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ 98148-50214 , 98760-11130 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਰਨਾਲਾ ਦੀ ਮੀਟਿੰਗ, 22 ਤੇ 28 ਫਰਵਰੀ ਦੇ ਸੰਘਰਸ਼ੀ ਪ੍ਰੋਗਰਾਮਾਂ ਦਾ ਐਲਾਨ



ਬਰਨਾਲਾ, 14 ਫ਼ਰਵਰੀ (ਬਘੇਲ ਸਿੰਘ ਧਾਲੀਵਾਲ) : ਅੱਜ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਜ਼ਿਲ੍ਹਾ ਬਰਨਾਲਾ ਦੀ ਮਹੀਨਾਵਾਰ ਮੀਟਿੰਗ ਸੁਖਦੇਵ ਸਿੰਘ ਜਵੰਦਾ ਕੋਠੇ ਜਗਜੀਤਪੁਰਾ ਦੀ ਪ੍ਰਧਾਨਗੀ ਹੇਠਾਂ ਗੁਰਦੁਆਰਾ ਬੀਬੀ ਪ੍ਰਧਾਨ ਕੌਰ ਵਿਖੇ ਹੋਈ। ਇਸ ਮਹੀਨਾ ਵਾਰ ਮੀਟਿੰਗ ਵਿੱਚ ਡਾਕਟਰ ਦਰਸ਼ਨ ਪਾਲ ਸੂਬਾ ਪ੍ਰਧਾਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਜਾਵੰਦਾ ਨੇ ਦੱਸਿਆ ਕਿ 22 ਫਰਵਰੀ ਨੂੰ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤੇ ਪੰਜਾਬ ਵਿੱਚ ਜੋ ਬੀਜੇਪੀ ਅਤੇ ਆਮ ਆਦਮੀ ਪਾਰਟੀ ਦੇ ਲੀਡਰਾਂ ਅਤੇ ਚੁਣੇ ਹੋਏ ਨੁਮਾਇੰਦਿਆਂ ਦੇ ਘਰਾਂ ਅੱਗੇ ਰੋਸ ਧਰਨੇ ਦਿੱਤੇ ਜਾ ਰਹੇ ਹਨ ਉਹਨਾਂ ਵਿੱਚ ਬਰਨਾਲਾ ਜ਼ਿਲ੍ਹਾ ਵਿਖੇ ਵੱਡੀ ਗਿਣਤੀ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਅਗਵਾਈ ਵਿੱਚ ਕਿਸਾਨ ਸ਼ਾਮਿਲ ਹੋਣਗੇ। ਇਸੇ ਤਰ੍ਹਾਂ 28 ਫਰਵਰੀ ਨੂੰ ਨਛੱਤਰ ਭਵਨ ਮੋਗਾ ਵਿਖੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਜਨਰਲ ਬਾਡੀ ਮੀਟਿੰਗ ਵਿੱਚ ਵੀ ਬਰਨਾਲੇ ਤੋਂ ਦਰਜ਼ਨਾਂ ਕਿਸਾਨ ਹਾਜ਼ਰੀ ਲਵਾਉਣਗੇ। ਮੀਟਿੰਗ ਵਿੱਚ ਸ਼ਾਮਿਲ ਕਿਸਾਨ ਆਗੂਆਂ ਅਤੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਪ੍ਰਧਾਨ ਡਾਕਟਰ ਦਰਸ਼ਨ ਪਾਲ ਨੇ ਹੁਣੇ ਹੁਣੇ ਭਾਰਤ ਸਰਕਾਰ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੈਲੀਫੋਨ 'ਤੇ ਹੋਈ ਗੱਲਬਾਤ ਤੋਂ ਬਾਅਦ ਕੀਤੇ ਗਏ ਵਪਾਰਕ ਸਮਝੌਤੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਿੱਥੇ ਇਹ ਸਮਝੌਤਾ ਭਾਰਤ ਦੇ ਸਮੁੱਚੇ ਕਿਸਾਨਾਂ ਖਾਸ ਕਰਕੇ ਸੋਇਆਬੀਨ, ਕਪਾਹ, ਜਵਾਰ, ਫਲ ਅਤੇ ਸਬਜ਼ੀਆਂ ਪੈਦਾ ਕਰਨ ਵਾਲੇ ਕਿਸਾਨਾਂ ਦਾ ਹਰ ਤਰੀਕੇ ਨਾਲ ਉਜਾੜਾ ਕਰੇਗਾ ਉੱਥੇ ਇਸ ਸਮਝੌਤੇ ਨਾਲ ਅਮਰੀਕਾ ਵਿੱਚ ਪੈਦਾ ਕੀਤੀਆਂ ਜਾਂਦੀਆਂ ਜੀਐਮ ਬੀਜਾਂ ਨਾਲ ਪੈਦਾ ਕੀਤੀਆਂ ਫਸਲਾਂ ਅਤੇ ਉਹਨਾਂ ਤੋਂ ਬਣੇ ਪਦਾਰਥਾਂ ਰਾਹੀਂ ਭਾਰਤ ਦੇ ਲੋਕਾਂ ਦੀ ਸਿਹਤ ਨਾਲ ਵੀ ਖਿਲਵਾੜ ਹੋਵੇਗਾ। ਇਸ ਸਮਝੌਤੇ ਨਾਲ ਜਿੱਥੇ ਖੇਤੀ ਖੇਤਰ ਤੋਂ ਆਪਣੀ ਜੀਵਕਾ ਕਮਾਉਣ ਵਾਲੇ ਪਰਿਵਾਰਾਂ ਤੇ ਬਹੁਤ ਹੀ ਮਾੜਾ ਪ੍ਰਭਾਵ ਪਵੇਗਾ ਉੱਥੇ ਭਾਰਤ ਦੀ ਪ੍ਰਭੂਸੱਤਾ ਨੂੰ ਵੀ ਪੈਰਾਂ ਹੇਠ ਲਤਾੜਿਆ ਗਿਆ ਹੈ, ਜੋ ਕਿ ਭਾਰਤ ਸਰਕਾਰ ਤੇ ਇਹ ਦਬਾਅ ਬਣਾ ਕੇ ਕਿ ਭਾਰਤ ਰੂਸ ਤੋਂ ਇੱਕ ਤੁਪਕਾ ਵੀ ਤੇਲ ਨਹੀਂ ਖਰੀਦੇਗਾ ਵਿਚ ਸਪਸ਼ਟ ਦਿਖਾਈ ਦੇ ਰਿਹਾ ਹੈ। ਅੱਜ ਦੀ ਮੀਟਿੰਗ ਵਿੱਚ ਸਹਿਣਾਂ ਬਲਾਕ ਦੇ ਪ੍ਰਧਾਨ ਲਖਬੀਰ ਸਿੰਘ ਦੁੱਲਮਸਰ, ਜਿਲਾ ਖਜਾਨਚੀ ਦਰਸ਼ਨ ਪਾਲ ਪੱਖੋ ਕਲਾਂ, ਬੰਤ ਸਿੰਘ ਗਰੇਵਾਲ ਭਦੌੜ ਅਤੇ ਸੁਖਦੇਵ ਸਿੰਘ ਜਿਲਾ ਪ੍ਰਧਾਨ ਨੇ ਵੀ ਸ਼ਾਮਿਲ ਕਿਸਾਨਾਂ ਨੂੰ ਸੰਬੋਧਨ ਕੀਤਾ। ਜਨਰਲ ਸਕੱਤਰ ਮਹਿਮਾ ਸਿੰਘ ਧਨੌਲਾ ਨੇ ਅੱਜ ਦੀ ਮੀਟਿੰਗ ਵਿੱਚ ਆਏ ਕਿਸਾਨਾਂ ਨੂੰ ਆਪੋ ਆਪਣੇ ਪਿੰਡਾਂ ਅਤੇ ਨਾਲ ਦੇ ਪਿੰਡਾਂ ਵਿੱਚ ਯੂਨੀਅਨ ਦੇ ਤਾਣੇ ਬਾਣੇ ਨੂੰ ਮਜ਼ਬੂਤ ਕਰਨ ਦੀ ਅਪੀਲ ਕਰਦਿਆਂ ਸਾਰਿਆਂ ਦਾ ਧੰਨਵਾਦ ਕੀਤਾ। ਅੱਜ ਦੀ ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਮੋਹਣ ਸਿੰਘ ਰੂੜੇਕੇ, ਬੰਤ ਸਿੰਘ ਅਤੇ ਧੰਨ ਸਿੰਘ ਸਹਿਣਾ, ਜੋਰਾ ਸਿੰਘ, ਬਲਦੇਵ ਸਿੰਘ, ਤਰਸੇਮ ਸਿੰਘ, ਹਰਨੇਕ ਸਿੰਘ, ਮੇਜਰ ਸਿੰਘ ਬਰਨਾਲਾ, ਪ੍ਰਦੀਪ ਸਿੰਘ, ਪਰਮਿੰਦਰ ਸਿੰਘ, ਇੰਦਰਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਬੁਰਜ ਆਦਿ ਸ਼ਾਮਿਲ ਹੋਏ।

# ਔਸ. ਇਰਫਾਨ ਹਬੀਬ 'ਤੇ ਹਮਲਾ ਅਤੇ ਨਸੀਰੂਦੀਨ ਸ਼ਾਹ ਵਿਵਾਦ 'ਵਧਦੀ ਅਸਹਿਨਸ਼ੀਲਤਾ 'ਤੇ ਗੰਭੀਰ ਸਵਾਲ'

ਬਰਨਾਲਾ, 14 ਫ਼ਰਵਰੀ (ਬਘੇਲ ਸਿੰਘ ਧਾਲੀਵਾਲ) : ਇਤਿਹਾਸਕਾਰ ਔਸ.ਇਰਫਾਨ ਹਬੀਬ 'ਤੇ ਹਮਲਾ ਕੈਂਪਸਾਂ ਵਿੱਚ ਵਧ ਰਹੀ ਅਸਹਿਨਸ਼ੀਲਤਾ ਨੂੰ ਉਜਾਗਰ ਕਰਦਾ ਹੈ। ਦਿੱਲੀ ਯੂਨੀਵਰਸਿਟੀ ਵਿੱਚ ਇਤਿਹਾਸਕਾਰ ਤੇ ਸੁੱਟੀ ਗਈ ਪਾਣੀ ਦੀ ਬਾਲਟੀ ਭਾਰਤੀ ਯੂਨੀਵਰਸਿਟੀਆਂ ਵਿੱਚ ਰੱਦ ਕੀਤੇ ਗਏ ਲੈਕਚਰਾਂ ਅਤੇ ਵਿਘਨ ਪਾਉਣ ਵਾਲੇ ਅਕਾਦਮਿਕ ਸਮਾਗਮਾਂ ਦੀ ਲੜੀ ਵਿੱਚ ਇੱਕ ਹੋਰ ਘਟਨਾ ਹੈ। ਇਸ ਤੋਂ ਪਹਿਲਾਂ ਫਿਲਮੀ ਕਲਾਕਾਰ ਨਸੀਰੂਦੀਨ ਸ਼ਾਹ ਨੂੰ ਐਨ ਵਕਤ ਮੁੰਬਈ ਯੂਨੀਵਰਸਿਟੀ ਦਾ ਲੈਕਚਰ ਮੁਲਤਵੀ ਕੀਤਾ ਸੀ। ਪ੍ਰੀਤ ਨਗਰ ਸਿਰਲੇਖ ਵਾਲਾ ਕਵਿਤਾ ਅਤੇ ਕਹਾਣੀ ਪੜ੍ਹਨ ਦਾ ਸੈਸ਼ਨ 1 ਫਰਵਰੀ ਨੂੰ ਮੁੰਬਈ ਦੇ ਕਾਲੀਨਾ ਸਥਿਤ ਯੂਨੀਵਰਸਿਟੀ ਕੈਂਪਸ ਵਿੱਚ ਉਰਦੂ ਭਾਸ਼ਾ ਦੇ ਜਸ਼ਨ ਦੇ ਹਿੱਸੇ ਵਜੋਂ ਆਯੋਜਿਤ ਕੀਤਾ ਜਾਣਾ ਸੀ। ਇਸ ਸਮਾਗਮ ਵਿੱਚ ਸਾਹਿਰ ਲੁਧਿਆਣਵੀ ਅਤੇ ਫੈਜ਼ ਅਹਿਮਦ ਫੈਜ਼ ਵਰਗੇ ਕਵੀਆਂ ਦੀਆਂ ਰਚਨਾਵਾਂ ਨੂੰ ਪ੍ਰਦਰਸ਼ਿਤ ਕੀਤਾ ਜਾਣਾ ਸੀ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਦੋਵੇਂ ਨਾਮਵਰ ਹਸਤੀਆਂ ਦੀ ਜ਼ੁਬਾਨਬੰਦੀ ਲਈ ਭਾਜਪਾ ਹਕੂਮਤ ਦੀ ਸ਼ਹਿ 'ਤੇ ਭਗਵਾਧਾਰੀ ਟੋਲਿਆਂ ਵੱਲੋਂ ਫਿਰਕੂ ਫਾਸ਼ੀ ਹੱਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਅਤੇ ਜਸਵੰਤ ਜੀਰਖ ਨੇ ਕਿਹਾ ਕਿ ਮੋਦੀ ਹਕੂਮਤ ਦੀ ਸ਼ਹਿ 'ਤੇ ਇਹ ਹਮਲਾ ਦੋ ਵਿਅਕਤੀਆਂ ਨਹੀਂ ਸਗੋਂ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਉੱਪਰ ਹਮਲਾ ਹੈ। ਮੁਲਕ ਦੀਆਂ ਇਨਕਲਾਬੀ ਜਮਹੂਰੀ ਇਨਸਾਫ਼ ਪਸੰਦ ਜਮਹੂਰੀ ਸ਼ਕਤੀਆਂ ਨੂੰ ਇੱਕਜੁੱਟ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੰਦਾ ਹੈ।

# ਮਹਾਰਾਸ਼ਟਰ ਦੇ ਕਿਸਾਨਾਂ ਦੇ ਹੱਕ 'ਚ ਲਾਇਆ ਧਰਨਾ ਦੋ ਦਿਨਾਂ ਲਈ ਮੁਲਤਵੀ : ਉੱਗੋਕੇ



ਬਰਨਾਲਾ, 14 ਫ਼ਰਵਰੀ (ਬਘੇਲ ਸਿੰਘ ਧਾਲੀਵਾਲ) : ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬਲਾਕ ਬਰਨਾਲਾ ਨੇ ਬਲਾਕ ਪ੍ਰਧਾਨ ਜਸਵੰਤ ਸਿੰਘ ਸੰਘੇੜਾ ਦੀ ਅਗਵਾਈ ਹੇਠ ਖੁੱਡੀ ਕਲਾਂ 16 ਦੇ ਮੱਠ ਨੇੜੇ ਸਥਿਤ ਮੇਘਰਾਜ ਗੋਇਲ ਐਂਡ ਸੰਨਜ਼ ਫੈਕਟਰੀ ਅੱਗੇ ਦੋ ਦਿਨਾਂ ਤੋਂ ਲੱਗਿਆ ਧਰਨਾ ਐਸ.ਐਸ.ਪੀ. ਨਾਲ ਹੋਈ ਮੀਟਿੰਗ 'ਚ ਵਿਸ਼ਵਾਸ ਦਵਾਉਣ ਤੋਂ ਬਾਅਦ ਦੋ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ। ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਉੱਗੋਕੇ ਦੀ ਅਗਵਾਈ ਹੇਠ ਮੀਟਿੰਗ ਚ ਸ਼ਾਮਲ ਹੋਏ ਵਫਦ ਵਿੱਚ ਹਰਚਰਨ ਸਿੰਘ ਸੁਖਪੁਰਾ,ਸਿਕੰਦਰ ਸਿੰਘ ਭੂਰੇ,ਦਰਸ਼ਨ ਸਿੰਘ ਮਹਿਤਾ ਅਤੇ ਵਿਸ਼ੇਸ਼ ਹਾਜ਼ਰ ਰਹੇ ਸੂਬਾ ਪ੍ਰੈਸ ਸਕੱਤਰ ਇੰਦਰਪਾਲ ਸਿੰਘ ਦਸਿਆ ਕਿ ਮਹਾਰਾਸ਼ਟਰ ਦੇ ਜ਼ਿਲ੍ਹਾ ਔਰੰਗਾਬਾਦ ਦੇ ਸੱਤ ਕਿਸਾਨ ਜਿਨ੍ਹਾਂ ਦੇ ਨਾਮ ਸੋਮੇਗੋ,ਲੱਛਮਣ ਰਾਮਦਾਸ, ਕਾਸੀਨਾਥ, ਸ਼ੰਕਰ, ਨਾਗਾਰਾਏ, ਵਾਸੂਦੇਵਾ, ਸੁਰੇਸ਼ ਸ਼ਿੰਦੇ ਨੇ ਮੱਕੀ ਕੱਟਰ ਮਸੀਨਾਂ ਉਕਤ ਫਰਮ ਤੋਂ ਖ਼ੀਦਿਆਂ ਸਨ ਜਿਨ੍ਹਾਂ ਦੀ ਤਕਰੀਬਨ 11 ਲੱਖ ਰੁਪਏ ਇੱਕ ਮਸੀਨ ਦੀ ਕੀਮਤ ਅਦਾ ਕੀਤੀ ਗਈ ਪ੍ਰੰਤੂ ਉਕਤ ਮਸੀਨਾਂ ਮਹਾਰਾਸ਼ਟਰ ਜਾਕੇ ਕਿਸਾਨਾਂ ਦੇ ਖੇਤਾਂ ਵਿੱਚ ਨਹੀਂ ਚੱਲੀਆ ਵਾਰ ਵਾਰ ਖ਼ਰਾਬ ਹੁੰਦੀਆਂ ਰਹੀਆਂ ਉਲਟਾ ਕਿਸਾਨਾਂ ਵੱਲੋਂ ਕਰਜ਼ਾ ਚੁੱਕ ਕੇ ਲਏ ਟਰੈਕਟਰ ਵੀ ਵੇਹਲੇ ਰਹੇ ਜਿਨ੍ਹਾਂ ਦੀਆਂ ਕਿਸ਼ਤਾਂ ਕਿਸਾਨਾਂ ਦੇ ਸਿਰ ਟੁੱਟ ਗਈਆਂ ਪ੍ਰੰਤੂ ਫੈਕਟਰੀ ਮਾਲਕ ਨੂੰ ਵਾਰ ਵਾਰ ਕਹਿਣ 'ਤੇ ਵੀ ਕੋਈ ਠੋਸ ਹੱਲ ਨਹੀਂ ਕੱਢਿਆ ਗਿਆ, ਜਿਸ ਤੋਂ ਬਾਅਦ ਜੱਥੇਬੰਦੀ ਕੋਲ ਮਾਮਲਾ ਆਇਆ ਤਾਂ ਫੈਕਟਰੀ ਮਾਲਕ ਨੇ ਨਵੀਆਂ ਮਸ਼ੀਨਾਂ ਬਦਲ ਦੇਣ ਦਾ ਲਿਖਤੀ ਸਮਝੌਤਾ ਕੀਤਾ ਪਰ ਦੋ ਵਾਰ ਸਮੇਂ ਦੇਣ ਤੋਂ ਬਾਅਦ ਵੀ ਆਪਣੇ ਵਾਅਦੇ 'ਤੇ ਖਰਾ ਨਹੀਂ ਉਤਰਿਆ ਜਿਸ ਕਾਰਨ ਜੱਥੇਬੰਦੀ ਨੇ ਦੋ ਦਿਨਾਂ ਤੋਂ ਫੈਕਟਰੀ ਅੱਗੇ ਧਰਨਾ ਲਾਕੇ ਬੈਠੀ ਸੀ। ਇਸ ਸਮੇਂ ਐਸ.ਐਚ.ਓ. ਜਗਜੀਤ ਸਿੰਘ ਧਰਨੇ ਵਾਲੀ ਥਾਂ ਤੇ ਪਹੁੰਚੇ ਅਤੇ ਧਰਨਾਕਾਰੀ ਕਿਸਾਨਾਂ ਨੂੰ ਵਿਸ਼ਵਾਸ ਦਿਵਾਉਣ ਤੋਂ ਦੋ ਦਿਨਾਂ ਧਰਨਾ ਮੁਲਤਵੀ ਕੀਤਾ ਗਿਆ ਇਸ ਸਮੇਂ ਆਗੂਆਂ ਐਲਾਨ ਕੀਤਾ ਕਿ ਅਗਰ ਦੋ ਦਿਨਾਂ ਵਿੱਚ ਪ੍ਰਸ਼ਾਸਨ ਨੇ ਕੋਈ ਹੱਲ ਨਾ ਕੀਤਾ ਤਾਂ ਮੰਗਲਵਾਰ ਤੋਂ ਦੁਬਾਰਾ ਸੰਘਰਸ਼ ਆਰੰਭਿਆ ਜਾਵੇਗਾ। ਇਸ ਸਮੇਂ ਬਲਾਕ ਆਗੂ ਮੇਲਾ ਸਿੰਘ ਖੁੱਡੀ ਕਲਾਂ, ਜਸਵੰਤ ਸਿੰਘ ਧੌਲਾ, ਸ਼ਿੰਦਰਪਾਲ ਬਾਜਵਾ, ਜਰਨੈਲ ਹੰਡਿਆਇਆ, ਬਲਜਿੰਦਰ ਸਿੰਘ ਸੰਘੇੜਾ, ਦਰਸ਼ਨ ਸਿੰਘ ਠੀਕਰੀਵਾਲਾ, ਦੇਵ ਧੌਲਾ ਆਦਿ ਆਗੂ ਹਾਜ਼ਰ ਸਨ।

# ਵਿਆਹ ਦੀ ਵਰ੍ਹੇਗੰਢ ਮੁਬਾਰਕ



ਡਾਕਟਰ ਸਤੀਸ਼ ਕੁਮਾਰ ਅਤੇ ਨੀਰੂ ਬਾਲਾ

# ਸ਼ਹੀਦ ਭਗਤ ਸਿੰਘ ਸਕੂਲ ਬਰਨਾਲਾ ਵਿੱਚ ਸਾਲਾਨਾ ਖੇਡ ਮੇਲਾ ਧੂਮ-ਧਾਮ ਨਾਲ ਮਨਾਇਆ




ਬਰਨਾਲਾ, 14 ਫ਼ਰਵਰੀ (ਇਸ਼ੇਨ ਕੰਗ) : ਸ਼ਹੀਦ ਭਗਤ ਸਿੰਘ ਪਬਲਿਕ ਸਕੂਲ ਬਰਨਾਲਾ ਵਿੱਚ ਸਾਲਾਨਾ ਖੇਡ ਮੇਲੇ ਦਾ ਬੜੀ ਸ਼ਾਨੋ-ਸ਼ੌਕਤ ਨਾਲ ਆਯੋਜਿਤ ਕੀਤਾ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪ੍ਰਿੰਸੀਪਲ ਕਮਲਜੀਤ ਕੌਰ ਜੀ ਨੇ ਸ਼ਿਰਕਤ ਕੀਤੀ, ਜਦਕਿ ਚੇਅਰਮੈਨ ਸੁਦਾਗਰ ਸਿੰਘ ਜੀ ਨੇ ਵੀ ਵਿਸ਼ੇਸ਼ ਹਾਜ਼ਰੀ ਭਰੀ। ਸਮਾਰੋਹ ਦੀ ਸ਼ੁਰੂਆਤ ਮਾਰਚ ਪਾਸਟ ਨਾਲ ਹੋਈ, ਜਿਸ ਵਿੱਚ ਵੱਖ-ਵੱਖ ਹਾਊਸਾਂ ਦੇ ਵਿਦਿਆਰਥੀਆਂ ਨੇ ਅਨੁਸ਼ਾਸਨ ਅਤੇ ਜੋਸ਼ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਤੋਂ ਬਾਅਦ ਨੰਨੇ-ਮੁੰਨੇ ਬੱਚਿਆਂ ਲਈ ਖਾਸ ਤੌਰ'ਤੇ ਮਨੋਰੰਜਕ ਖੇਡਾਂ ਕਰਵਾਈਆਂ ਗਈਆਂ। ਫਰਾਗ ਰੇਸ (ਮੇਡਕ ਦੌੜ), ਮੰਕੀ ਰੇਸ, ਬੈਗ ਪੈਕ ਗੇਮ ਆਦਿ ਵਿੱਚ ਬੱਚਿਆਂ ਨੇ ਖੁਸ਼ੀ- ਖੁਸ਼ੀ ਭਾਗ ਲਿਆ। ਬੱਚਿਆਂ ਦੇ ਚਿਹਰਿਆਂ 'ਤੇ ਮੁਸਕਾਨ ਅਤੇ ਜੋਸ਼ ਦੇਖਣ ਵਾਲਾ ਸੀ। ਦਰਸ਼ਕਾਂ ਨੇ ਵੀ ਤਾਲੀਆਂ ਵਜਾ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਕਲਾਸਾਂ ਦੇ ਵਿਦਿਆਰਥੀਆਂ ਲਈ ਹੁਰਡਲ ਰੇਸ, ਖੋ-ਖੋ, ਲੰਮੀ ਛਾਲ, ਉੱਚੀ ਛਾਲ ਅਤੇ ਰੱਸਾਕਸੀ ਵਰਗੇ ਮੁਕਾਬਲੇ ਕਰਵਾਏ ਗਏ। ਖੋ-ਖੋ ਅਤੇ ਰੱਸਾਕਸੀ ਨੇ ਖਾਸ ਤੌਰ 'ਤੇ ਦਰਸ਼ਕਾਂ ਦਾ ਮਨ ਮੋਹ ਲਿਆ। ਵਿਦਿਆਰਥੀਆਂ ਨੇ ਟੀਮ ਵਰਕ ਅਤੇ ਖੇਡ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪੰਜਵੀਂ ਤੋਂ ਦਸਵੀਂ ਕਲਾਸਾਂ ਦੇ ਵਿਦਿਆਰਥੀਆਂ ਲਈ 100 ਮੀਟਰ ਅਤੇ 200 ਮੀਟਰ ਦੌੜ ਹੁਰਡਲ ਰੇਸ, ਖੋ-ਖੋ, ਲੰਮੀ ਛਾਲ, ਉੱਚੀ ਛਾਲ ਅਤੇ ਰੱਸਾਕਸ਼ੀ ਵਰਗੇ ਮੁਕਾਬਲੇ ਕਰਵਾਏ ਗਏ। ਖੋ-ਖੋ ਅਤੇ ਰੱਸਾਕਸ਼ੀ ਨੇ ਖਾਸ ਤੌਰ 'ਤੇ ਦਰਸ਼ਕਾਂ ਦਾ ਮਨ ਮੋਹ ਲਿਆ। ਵਿਦਿਆਰਥੀਆਂ ਨੇ ਟੀਮ ਵਰਕ ਅਤੇ ਖੇਡ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਮੁੱਖ ਮਹਿਮਾਨ ਪ੍ਰਿੰਸੀਪਲ ਕਮਲਜੀਤ ਕੌਰ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ ਸਗੋਂ ਆਤਮ-ਵਿਸ਼ਵਾਸ ਅਤੇ ਅਨੁਸ਼ਾਸਨ ਦਾ ਵੀ ਵਿਕਾਸ ਕਰਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਚੇਅਰਮੈਨ ਸੁਦਾਗਰ ਸਿੰਘ ਜੀ ਨੇ ਕਿਹਾ ਕਿ ਸਕੂਲ ਪ੍ਰਬੰਧਕ ਕਮੇਟੀ ਹਮੇਸ਼ਾ ਵਿਦਿਆਰਥੀਆਂ ਦੇ ਸਮੂਹਿਕ ਵਿਕਾਸ ਲਈ ਪ੍ਰਤਿਬੱਧ ਹੈ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਮਾਗਮ ਕਰਵਾਏ ਜਾਂਦੇ ਰਹਿਣਗੇ। ਇਸ ਮੌਕੇ 'ਤੇ ਸਕੂਲ ਪ੍ਰਿੰਸੀਪਲ ਅਰੁਣ ਕੁਮਾਰ ਜੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਖੇਡਾਂ ਵਿਦਿਆਰਥੀਆਂ ਨੂੰ ਟੀਮ ਵਰਕ, ਧੀਰਜ ਅਤੇ ਨੇਤ੍ਰਿਤਵ ਦੀ ਸਿਖਲਾਈ ਦਿੰਦੀਆਂ ਹਨ। ਸਾਡਾ ਮਕਸਦ ਸਿਰਫ਼ ਅਕਾਦਮਿਕ ਸਫਲਤਾ ਹੀ ਨਹੀਂ, ਸਗੋਂ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੈ। ਉਨ੍ਹਾਂ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਧਿਆਪਕਾਂ ਦੀ ਮਿਹਨਤ ਦੀ ਵੀ ਸਰਾਹਨਾ ਕੀਤੀ। ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

# ਮਹਾਸ਼ਿਵਰਾਤਰੀ ਤਿਉਹਾਰ ਸਾਂਝੀਵਾਲਤਾ ਅਤੇ ਪਿਆਰ ਦਾ ਪ੍ਰਤੀਕ



ਬਰਨਾਲਾ, 14 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਮਹਾ ਸ਼ਿਵਰਾਤਰੀ ਤਿਉਹਾਰ ਸਾਨੂੰ ਸਾਂਝੀਵਾਲਤਾ, ਪਿਆਰ ਅਤੇ ਦਯਾ ਭਾਵ ਦੀ ਸਿੱਖਿਆ ਦਿੰਦਾ ਹੈ। ਸਮਾਜ ਸੇਵੀ ਸੰਜੀਵ ਬਾਂਸਲ ਐਮ ਡੀ ਕੋਪਲ ਕੰਪਨੀ, ਸਿਵਲ ਡਿਫੈਂਸ ਬਰਨਾਲਾ ਦੇ ਡਿਪਟੀ ਚੀਫ਼ ਸੰਜੀਵ ਸ਼ਰਮਾ, ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਬਰਨਾਲਾ ਦੇ ਪ੍ਰਧਾਨ ਨੀਰਜ਼, ਸਿੰਗਲਾ, ਕੋਲੋਨਾਈਜਰ ਪਿਆਰਾ ਲਾਲ ਰਾਇਸਰ ਵਾਲੇ, ਸਨਪਾਰਕ ਹੋਟਲ ਦੇ ਐਮ ਡੀ ਵਿਸ਼ਨੂੰ ਸਿੰਗਲਾ ਅਤੇ ਕੋਲੋਨਾਈਜਰ ਜੋਸ਼ੀ ਗੋਇਲ ਐਮ ਡੀ ਬਰਿੰਦਾ ਇਨਕਲੇਵ ਧਨੌਲਾ ਰੋਡ ਬਰਨਾਲਾ ਨੇ ਇਲਾਕਾ ਨਿਵਾਸੀਆਂ ਨੂੰ ਮਹਾ ਸ਼ਿਵਰਾਤਰੀ ਤਿਓਹਾਰ ਦੀ ਵਧਾਈ ਅਤੇ ਸੁਭਕਾਮਨਾਵਾਂ ਭੇਂਟ ਕਰਦਿਆਂ ਕਿਹਾ ਕਿ ਇਹ ਤਿਓਹਾਰ ਸਾਨੂੰ ਪ੍ਰੇਮ ਤੇ ਭਾਈਚਾਰੇ ਦੀ ਭਾਵਨਾ ਰਾਹੀਂ ਇਕ-ਦੂਜੇ ਨਾਲ ਜੋੜਦੇ ਹਨ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਇਹ ਤਿਓਹਾਰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਇਹ ਤਿਓਹਾਰ ਸਾਨੂੰ ਇਹ ਵੀ ਪ੍ਰੇਰਨਾ ਦਿੰਦਾ ਹੈ ਕਿ ਸਾਨੂੰ ਵੀ ਆਪਣੇ ਅੰਦਰਲੀਆਂ ਬੁਰਾਈਆਂ ਈਰਖਾ, ਸਾੜਾ, ਨਿੰਦਿਆ ਚੁਗਲੀ, ਨਫ਼ਰਤ ਆਦਿ ਦਾ ਤਿਆਗ ਕਰਕੇ ਇੱਕ ਚੰਗੇ ਇਨਸਾਨ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਹਾਸ਼ਿਵਰਾਤਰੀ ਇੱਕ ਪ੍ਰਮੁੱਖ ਤਿਉਹਾਰ ਹੈ, ਜੋ ਫੱਗਣ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਚਤੁਰਦਸ਼ੀ ਨੂੰ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਦੇ ਵਿਆਹ ਵਜੋਂ ਮਨਾਇਆ ਜਾਂਦਾ ਹੈ। ਧਾਰਮਿਕ ਮਾਨਤਾਵਾਂ ਅਨੁਸਾਰ, ਇਸ ਰਾਤ ਭਗਵਾਨ ਸ਼ਿਵ ਅਤੇ ਦੇਵੀ ਪਾਰਵਤੀ ਦਾ ਵਿਆਹ ਹੋਇਆ ਸੀ। ਜਿਹੜੇ ਭਗਤ ਇਸ ਦਿਨ ਨਿਰਜਲ ਵਰਤ ਰੱਖਦੇ ਹਨ, ਰਾਤ ਭਰ ਜਾਗਰਣ ਕਰਦੇ ਹਨ ਅਤੇ ਸ਼ਿਵਲਿੰਗ ਤੇ ਜਲਾਭਿਸ਼ੇਕ (ਦੁੱਧ, ਪਾਣੀ) ਕਰਦੇ ਹਨ, ਜਿਸ ਨਾਲ ਮਨ ਦੀ ਸ਼ਾਂਤੀ ਅਤੇ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਇਹ ਤਿਓਹਾਰ ਸਾਨੂੰ ਕਾਮ, ਕ੍ਰੋਧ, ਅਤੇ ਲੋਭ ਤੇ ਕਾਬੂ ਪਾਉਣ ਦੀ ਸਿੱਖਿਆ ਦਿੰਦਾ ਹੈ। ਇਸ ਰਾਤ ਚਾਰ ਪਹਿਰ ਦੀ ਪੂਜਾ ਕਰਨ ਨਾਲ ਵਿਸ਼ੇਸ਼ ਫ਼ਲ ਪ੍ਰਾਪਤ ਹੁੰਦਾ ਹੈ ਅਤੇ ਮਨੁੱਖ ਦੇ ਸਾਰੇ ਦੁੱਖ ਦੂਰ ਹੁੰਦੇ ਹਨ।

# ਦੁਬਈ ਤੋਂ ਪਰਤੇ ਹੰਡਿਆਇਆ ਦੇ ਨੌਜਵਾਨ ਨੇ ਪੰਚਾਇਤੀ ਛੱਪੜਾਂ 'ਚ ਮੱਛੀ ਪਾਲਣ ਨਾਲ ਸਫ਼ਲਤਾ ਦੀ ਇਬਾਰਤ ਲਿਖੀ



ਬਰਨਾਲਾ, 14 ਫਰਵਰੀ (ਬਘੇਲ ਸਿੰਘ ਧਾਲੀਵਾਲ) : ਹੰਡਿਆਇਆ ਵਾਸੀ ਨੌਜਵਾਨ ਨੇ ਜਿੱਥੇ ਪੰਚਾਇਤੀ ਛੱਪੜਾਂ ਵਿੱਚ ਮੱਛੀ ਪਾਲਣ ਕਰਕੇ ਸਫਲਤਾ ਦੀ ਇਬਾਰਤ ਲਿਖੀ ਹੈ, ਓਥੇ ਖੁਦ ਮਾਰਕੀਟਿੰਗ ਕਰਕੇ ਕਮਾਈ ਵਿੱਚ ਇਜ਼ਾਫਾ ਕੀਤਾ ਕੀਤਾ ਹੈ। ਹੰਡਿਆਇਆ ਦੇ ਰਹਿਣ ਵਾਲੇ 33 ਸਾਲਾ ਦਰੋਗਾ ਚੌਹਾਨ ਪੁੱਤਰ ਰਾਮ ਆਸਰੇ ਚੌਹਾਨ ਨੇ ਦੱਸਿਆ ਕਿ ਉਹ ਸਾਲ 2015 ਵਿੱਚ ਦੁਬਈ ਗਿਆ ਸੀ, ਫਿਰ 2020 ਵਿੱਚ ਕਰੋਨਾ ਕਾਲ ਦੌਰਾਨ ਕੰਮ ਠੱਪ ਹੋਣ ਕਰਕੇ ਵਾਪਸ ਮੁੜ ਆਇਆ। ਇਸ ਮਗਰੋਂ ਉਸਨੇ ਮੱਛੀ ਪਾਲਣ ਕਰਨ ਦਾ ਸੋਚਿਆ ਅਤੇ ਮੱਛੀ ਪਾਲਣ ਵਿਭਾਗ ਤੋਂ ਸਿਖਲਾਈ ਵੀ ਹਾਸਲ ਕੀਤੀ। ਉਸ ਕੋਲ ਆਪਣੀ ਜ਼ਮੀਨ ਨਹੀਂ ਸੀ। ਉਸਨੇ ਸਾਲ 2020 ਵਿੱਚ ਸਭ ਤੋਂ ਪਹਿਲਾਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਦੁੱਗਰੀ ਵਿੱਚ ਪੌਣੇ ਦੋ ਏਕੜ ਦੇ ਪੰਚਾਇਤੀ ਛੱਪੜ ਵਿੱਚ ਮੱਛੀ ਪਾਲਣ ਤੋਂ ਸ਼ੁਰੂਆਤ ਕੀਤੀ। ਜ਼ਿਲ੍ਹਾ ਬਰਨਾਲਾ ਵਿੱਚ ਪਿੰਡ ਖੁੱਡੀ ਖੁਰਦ ਵਿੱਚ 2 ਏਕੜ ਦੇ ਪੰਚਾਇਤੀ ਛੱਪੜ ਨੂੰ ਠੇਕੇ 'ਤੇ ਲੈ ਕੇ ਕੰਮ ਦਾ ਦਾਇਰਾ ਵਧਾਇਆ। ਦਰੋਗਾ ਚੌਹਾਨ ਨੇ ਦੱਸਿਆ ਕਿ ਮੌਜੂਦਾ ਸਮੇਂ ਉਹ ਬਰਨਾਲਾ ਵਿੱਚ ਸੇਖਾ ਰੋਡ 'ਤੇ ਇੱਕ ਏਕੜ ਪੰਚਾਇਤੀ ਛੱਪੜ, ਪਿੰਡ ਖੁੱਡੀ ਖੁਰਦ ਵਿੱਚ ਢਾਈ ਏਕੜ ਪੰਚਾਇਤੀ ਟੋਭੇ, ਫਤਹਿਗੜ੍ਹ ਛੰਨਾ ਵਿੱਚ ਪੌਣੇ ਦੋ ਏਕੜ ਪੰਚਾਇਤੀ ਟੋਭੇ, ਕੋਟਦੁੰਨਾ ਵਿੱਚ 1 ਏਕੜ ਪ੍ਰਾਈਵੇਟ ਟੋਭੇ, ਉੱਪਲੀ ਵਿੱਚ 1 ਏਕੜ ਪ੍ਰਾਈਵੇਟ ਟੋਭੇ, ਜਗਜੀਤਪੁਰਾ ਵਿੱਚ 1 ਏਕੜ ਪ੍ਰਾਈਵੇਟ ਟੋਭੇ ਤੋਂ ਬਿਨਾਂ ਜ਼ਿਲ੍ਹਾ ਸੰਗਰੂਰ ਦੇ ਪਿੰਡ ਬਾਲੀਆਂ ਅਤੇ ਜ਼ਿਲ੍ਹਾ ਮਾਨਸਾ ਦੇ ਪਿੰਡ ਅਲੀਸ਼ੇਰ ਵਿੱਚ ਛੱਪੜ ਠੇਕੇ 'ਤੇ ਲੈ ਕੇ ਮੱਛੀ ਪਾਲਣ ਦਾ ਧੰਦਾ ਕਰ ਰਿਹਾ ਹੈ। ਇਸ ਤੋਂ ਇਲਾਵਾ ਉਸਨੇ ਟੱਲੇਵਾਲ - ਦੱਧਾਹੂਰ ਨਹਿਰੀ ਟੋਟਾ ਵੀ ਪੰਜ ਸਾਲਾ ਲੀਜ਼ ਤੇ ਲੈ ਕੇ ਮੱਛੀ ਪਾਲਣ ਦਾ ਦਾਇਰਾ ਵਧਾਇਆ। ਉਸ ਨੇ ਦੱਸਿਆ ਕਿ ਉਹ ਹੰਡਿਆਇਆ ਵਿਚ ਆਪਣੀ ਮੱਛੀ ਦੀ ਦੁਕਾਨ ਚਲਾਉਂਦਾ ਹੈ ਅਤੇ ਮੱਛੀ ਦੀ ਵਿਕਰੀ ਆਪਣੀ ਦੁਕਾਨ 'ਤੇ ਕਰਦਾ ਹੈ ਅਤੇ ਬਾਕੀ ਮੱਛੀ ਵਿਕਰੀ ਲਈ ਲੁਧਿਆਣਾ ਲਿਜਾਂਦਾ ਹੈ। ਉਸ ਨੇ ਦੱਸਿਆ ਇਸ ਵੇਲੇ ਉਹ ਜ਼ਿਲ੍ਹਾ ਬਰਨਾਲਾ, ਲੁਧਿਆਣਾ, ਮਾਨਸਾ , ਸੰਗਰੂਰ ਵਿੱਚ 10 ਤੋਂ ਵੱਧ ਛੱਪੜਾਂ ਵਿੱਚ ਮੱਛੀ ਪਾਲਣ ਕਰ ਰਿਹਾ ਹੈ, ਜੋ ਕਿ 15 ਏਕੜ ਦੇ ਕਰੀਬ ਖੇਤਰ ਬਣਦਾ ਹੈ। ਉਸ ਨੇ ਦੱਸਿਆ ਕਿ ਉਹ ਜ਼ਿਲ੍ਹਾ ਬਰਨਾਲਾ ਦੇ ਛੱਪੜਾਂ ਅਤੇ ਮੱਛੀ ਦੁਕਾਨ ਤੋਂ ਸਾਲਾਨਾ 24 ਲੱਖ ਦੇ ਕਰੀਬ ਆਮਦਨ ਲੈ ਰਿਹਾ ਹੈ ਅਤੇ ਮੱਛੀ ਫੀਡ, ਲੇਬਰ, ਠੇਕੇ, ਢੋਆ-ਢੁਆਈ ਆਦਿ ਖਰਚੇ ਕੱਢ ਕੇ 10 ਤੋਂ 12 ਲੱਖ ਦੇ ਕਰੀਬ ਬੱਚਤ ਹੋ ਜਾਂਦੀ ਹੈ। ਉਸਨੇ ਦੱਸਿਆ ਕਿ ਪਿਛਲੇ ਇੱਕ ਸਾਲ ਦੌਰਾਨ ਉਸਨੂੰ ਨਹਿਰੀ ਟੋਟੇ ਤੋਂ ਮੱਛੀ ਦੀ ਵਿਕਰੀ ਕਰਕੇ ਕਰੀਬ ਪੌਣੇ 5 ਲੱਖ ਰੁਪਏ ਆਮਦਨ ਹੋਈ।



# ਪਟਿਆਲਾ-ਆਸ/ਪਾਸ



## ਐਰੋ ਸ਼ੋਅ 'ਚ ਹਵਾਈ ਜਹਾਜ਼ ਮਾਡਲਾਂ ਦੇ ਕਰਤੱਬਾਂ ਨੇ ਕੀਲੇ ਦਰਸ਼ਕ

### ➤ਸੂਬੇ ਦੀ ਅਮੀਰ ਵਿਰਾਸਤ ਨੂੰ ਸੰਭਾਲ ਰਹੀ ਹੈ ਪੰਜਾਬ ਸਰਕਾਰ : ਚੇਤਨ ਸਿੰਘ ਜੌੜਾਮਾਜਰਾ




ਪਟਿਆਲਾ, 14 ਫਰਵਰੀ (ਰੁਪਾਣਾ/ਅਮਰਜੀਤ) : ਪਟਿਆਲਾ ਹੈਰੀਟੇਜ ਫੈਸਟੀਵਲ-2026 ਦੇ ਸਮਾਰੋਹਾਂ ਦੀ ਲੜੀ ਤਹਿਤ ਇਥੇ ਸੰਗਰੂਰ ਰੋਡ 'ਤੇ ਸਿਵਲ ਏਵੀਏਸ਼ਨ ਕਲੱਬ ਵਿਖੇ ਵੱਖ-ਵੱਖ ਹਵਾਈ ਜਹਾਜ਼ਾਂ ਦੇ ਮਾਡਲਾਂ ਵੱਲੋਂ ਦਿਖਾਏ ਗਏ ਕਰਤੱਬਾਂ ਨੇ ਖੂਬ ਤਾੜੀਆਂ ਬਟੋਰੀਆਂ। ਇਨ੍ਹਾਂ ਮਾਡਲ ਜਹਾਜ਼ਾਂ ਦੇ ਚਾਲਕਾਂ ਨੇ ਇਨ੍ਹਾਂ ਦੇ ਲੂਪ, ਰੋਲ, ਸਪਿੰਨ, ਲੋਅ ਪਾਸ, ਵਿੰਗ ਓਵਰ, ਨਾਇਫ਼ ਐਜ਼ ਅਤੇ ਕਈ ਹੋਰ ਕਰਤੱਬ ਦਿਖਾਏ, ਜਿਨ੍ਹਾਂ ਨੇ ਦਰਸ਼ਕਾਂ ਨੂੰ ਮੋਹ ਲਿਆ। ਇਸ ਸਮੇਂ ਸੈਸ਼ਨਾਂ-2026 ਦੀ ਵਿਸ਼ੇਸ਼ ਉਡਾਣ ਸਮੇਤ ਰਿਮੋਟ ਕੰਟਰੋਲ ਕਾਰਾਂ ਦੇ ਕਰਤੱਬ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ। ਇਸ ਸਮੇਂ ਮੁੱਖ ਮਹਿਮਾਨ ਵਜੋਂ ਪੁੱਜੇ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪਟਿਆਲਾ ਹੈਰੀਟੇਜ ਫੈਸਟੀਵਲ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਜੌੜਾਮਾਜਰਾ ਨੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਜੰਗ, ਯੁੱਧ ਨਸ਼ਿਆਂ ਵਿਰੁੱਧ ਵਿੱਚ ਹਿੱਸਾ ਪਾਉਣ ਲਈ ਅੱਗੇ ਆਉਣਾ ਐਰੋ ਮਾਡਲਿੰਗ ਦੇ ਨੋਡਲ ਅਫ਼ਸਰ ਤੇ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਨੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਹੋਏ ਇਸ ਸਮਾਰੋਹ ਦੀ ਸਫ਼ਲਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਸਮੁੱਚੀ ਟੀਮ ਦੀ ਸ਼ਲਾਘਾ ਕਰਦਿਆਂ ਪਟਿਆਲਾ ਏਵੀਏਸ਼ਨ ਕਲੱਬ ਦੇ ਚੀਫ਼ ਫ਼ਲਾਇੰਗ ਇੰਸਟ੍ਰਕਟਰ ਕੈਪਟਨ ਹਰਪ੍ਰੀਤ ਸਿੰਘ, ਪਟਿਆਲਾ ਐਰੋਮਾਡਲਿੰਗ ਐਸੋਸੀਏਸ਼ਨ, ਫੇਅਰਵਿੰਡ ਏਵੀਏਸ਼ਨ ਲੁਧਿਆਣਾ ਤੇ ਪੰਜਾਬ ਆਰ.ਸੀ. ਹੌਬੀਜ਼ ਲੁਧਿਆਣਾ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਪਟਿਆਲਾ ਦੀ ਵਿਰਾਸਤ ਸਾਡੇ ਆਪਸੀ ਭਾਈਚਾਰੇ ਤੇ ਫਿਰਕੂ ਇਕਸੁਰਤਾ ਦੀ ਇਕ ਖਾਸ ਉਦਾਹਰਣ ਹੈ ਅਤੇ ਇਸੇ ਲਈ ਹੈਰੀਟੇਜ ਫੈਸਟੀਵਲ ਸਾਡੀ ਅਮੀਰ ਵਿਰਾਸਤ ਨੂੰ ਦਰਸਾ ਰਿਹਾ ਹੈ। ਐਰੋ ਮਾਡਲਿੰਗ ਸ਼ੋਅ ਮੌਕੇ ਫੇਅਰਵਿੰਡ ਏਵੀਏਸ਼ਨ ਲੁਧਿਆਣਾ ਦੇ ਕੈਪਟਨ ਐਸ.ਐਸ. ਹਾਰਾ ਨੇ ਸੈਸ਼ਨ 2026 ਜਹਾਜ਼ ਦੇ ਕਰਤੱਬ ਦਿਖਾਉਂਦਿਆਂ ਕਾਗਜ਼ੀ ਫੁੱਲਾਂ ਦੀ ਵਰਖਾ ਕੀਤੀ, ਜਦਕਿ ਐਰੋ ਮਾਡਲਿੰਗ ਕਲੱਬ ਪਟਿਆਲਾ ਦੇ ਪ੍ਰਧਾਨ ਸ਼ਿਵਰਾਜ ਸਿੰਘ ਡਿੰਪੀ ਘੁੰਮਣ ਨੇ ਪਾਇਪਰ ਕੱਬ 88 ਇੰਚ ਵਿੰਗ ਸਪੈਨ ਦੇ ਲੂਪ ਰੋਲ, ਸਪਿੰਨ, ਵਿੰਗ ਓਵਰ ਤੇ ਹੋਰ ਕਰਤੱਬ ਦਿਖਾਏ। ਉਨ੍ਹਾਂ ਦੇ ਪੋਤਰੇ ਤੇ ਵਾਈ.ਪੀ.ਐਸ. ਦੇ ਵਿਦਿਆਰਥੀ ਮਨਕਰਨ ਸਿੰਘ ਨੇ ਟੁੰਡਰਾ ਕੱਬ ਦਾ ਮਾਡਲ ਉਡਾਇਆ ਤੇ ਜਹਾਜ਼ ਦਾ ਲੂਪ, ਵਿੰਗਓਵਰ ਤੇ ਰੋਲ ਕਰਤੱਬ ਦਿਖਾਏ। ਇਸੇ ਤਰ੍ਹਾਂ ਹੀ ਲੁਧਿਆਣਾ ਤੋਂ ਆਏ ਨਮਿੰਦਰ ਸਿੰਘ ਭੋਗਲ ਨੇ ਬੂੰਮ ਰੈਂਗ, ਬਿਜਲੀ ਨਿਗਮ ਦੇ ਐਕਸੀਐਨ ਇੰਜ ਹਰਸਿਮਰਨ ਸਿੰਘ ਹੈਰੀ ਨੇ ਕਲੈਮੈਟੋ, ਕਰਨ ਸਿੰਗਲਾ ਨੇ ਡਰੋਨ ਦੇ ਐਕਸ 8 ਤੇ 4 ਮਾਡਲ, ਲੁਧਿਆਣਾ ਤੋਂ 12 ਸਾਲਾ ਵਿਦਿਆਰਥੀ ਸੁਭੇਗ ਸਿੰਘ ਨੇ ਥ੍ਰੀ ਇਨ ਵਨ ਸਕਾਈ ਸਰਫਰ ਤੇ ਹੈਲੀਕਾਪਟਰ ਦੇ ਜੌਹਰ ਦਿਖਾਏ। ਚੰਡੀਗੜ੍ਹ ਤੋਂ ਪੁੱਜੇ ਮਨੀਸ਼ ਕੁਮਾਰ ਨੇ ਡਾਂਸਰ ਗਲਾਈਡਰ, ਗੌਰਵ ਨੇ ਪਿਕਰ ਮਾਡਲ ਅਤੇ ਮਨਰੀਤ ਸਿੰਘ ਨੇ ਐਮ.ਐਫ.ਐਸ. ਜੈਟ, ਲੁਧਿਆਣਾ ਦੇ ਤਾਨਿਕ ਨੇ ਐਕਰੋ ਆਰ.ਸੀ., ਸੁਪਰੀਤ ਸਿੰਘ ਨੇ ਸਕਾਈ ਸਰਫਰ, ਬੀਰਇੰਦਰ ਸਿੰਘ ਵੱਲੋਂ ਹੈਲੀਕਾਪਟਰ ਉਡਾਉਣ ਸਮੇਤ ਕਰਨਾਲ ਤੋਂ ਆਏ ਜਗਦੀਪ ਕਪਿਲ ਨੇ ਹੈਲੀਕਾਪਟਰ ਦਾ ਇੰਜਣ ਪਾਵਰਡ ਮਾਡਲ ਉਡਾ ਕੇ ਦਿਖਾਇਆ। ਸ਼ੋਅ ਦੌਰਾਨ ਪੰਜਾਬ ਆਰ.ਸੀ. ਹੌਬੀਜ਼ ਲੁਧਿਆਣਾ ਦੇ ਮੈਂਬਰਾਂ ਬੀਰਇੰਦਰ ਸਿੰਘ, ਅਰੁਨਪ੍ਰੀਤ ਸਿੰਘ, ਸੁਪਰੀਤ ਸਿੰਘ ਨੇ ਸਿਟਰੌਨ ਇਲੈਕਟ੍ਰਿਕ, ਡੈਲਟਾ ਵਿੰਗ, ਵਿਲੇ ਮਿਲਟਰੀ ਜੀਪ, ਆਰ.ਸੀ. ਰੁਬੀਕੋਨ, ਆਰ.ਸੀ. ਬਾਈਕ ਲੈਸੀ ਬਰੈਂਡ, ਰੌਕ ਸਲਾਇਡ, ਆਰਮਾ ਮੌਜਾਵੇ ਰਿਮੋਟ ਕੰਟਰੋਲ ਕਾਰਾਂ ਤੇ ਮੋਟਰਸਾਇਕਲ ਮਾਡਲਾਂ ਦੇ ਕਰਤੱਬ ਦਿਖਾਏ। ਇਸ ਮੌਕੇ ਪੰਜਾਬ ਪੈਰਾ ਗਲਾਇਡਿੰਗ ਐਸੋਸੀਏਸ਼ਨ ਦੇ ਸਰਪੰਚ ਸੁਖਚਰਨ ਸਿੰਘ ਨਿੱਕਾ ਬਰਾੜ ਦਾ ਪੈਰਾ ਗਲਾਇਡਰ ਸਮੇਤ ਵੱਖ-ਵੱਖ ਜਹਾਜ਼ਾਂ ਦੇ ਮਾਡਲ ਸੁਪਰ ਹੌਂਟਸ, ਈਸਪੋਰਟ, ਹਾਰਬਰ ਏਅਰ, ਕਲੈਮੈਟੋ ਲੋਅਰਵਿੰਗ ਤੇ ਕੱਬ ਦੇ ਮਾਡਲਾਂ ਸਮੇਤ ਪਟਿਆਲਾ ਏਵੀਏਸ਼ਨ ਕਲੱਬ ਵੱਲੋਂ ਹੈਂਗਰਾਂ ਦੇ ਬਾਹਰ ਖੜ੍ਹੇ ਕੀਤੇ ਜਹਾਜ਼ ਸੈਸ਼ਨਾਂ 172, ਟੈਕਨੈਮ ਮਲਟੀ ਇੰਜਨ ਸਮੇਤ ਪੰਜਾਬ ਏਅਰਕਰਾਫਟ ਮੈਨਟੀਨੈਂਸ ਇੰਜੀਨੀਅਰਿੰਗ ਕਾਲਜ ਦੇ ਲੀਅਰ, ਪੁਸ਼ਪਕ ਤੇ ਹੰਸਾ ਜਹਾਜ਼ਾਂ ਨੇ ਵੀ ਦਰਸ਼ਕਾਂ ਦਾ ਧਿਆਨ ਖਿੱਚਿਆ। ਆਈ.ਟੀ.ਬੀ.ਪੀ. ਦੀ ਟੁਕੜੀ ਨੇ ਪਲਟੂਨ ਕਮਾਂਡਰ ਐਸ.ਆਈ. ਜਗਰੂਪ ਦੀ ਅਗਵਾਈ ਹੇਠ ਮਾਰਚ ਪਾਸਟ ਕੀਤਾ। ਸਮਾਰੋਹ ਦੌਰਾਨ ਪੀਡੀਏ ਦੇ ਮੁੱਖ ਪ੍ਰਸ਼ਾਸਕ ਅਪਰਨਾ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਕੈਪਟਨ ਅਮਰਜੀਤ ਸਿੰਘ ਜੇਜੀ, ਇੰਦਰਜੀਤ ਸਿੰਘ ਸਿੱਧੂ ਬੌਬੀ, ਗੁਰਵੀਰ ਸਿੱਧੂ, ਤੇਜਿੰਦਰ ਸਿੰਘ ਤੇਜੀ, ਕਸ਼ਮਿੰਦਰ ਸਿੰਘ, ਕੈਪਟਨ ਰਕੇਸ਼ ਸ਼ਰਮਾ, ਏਵੀਏਸ਼ਨ ਕਲੱਬ ਦੇ ਸੇਫ਼ਟੀ ਮੈਨੇਜਰ ਖੁਸ਼ਹਾਲ ਕੌਸ਼ਲ, ਬਾਗਬਾਨੀ ਵਿਭਾਗ ਦੇ ਸਹਾਇਕ ਡਾਇਰੈਕਟਰ ਹਰਿੰਦਰਪਾਲ ਸਿੰਘ, ਡਿਪਟੀ ਕਮਿਸ਼ਨਰ ਦਫ਼ਤਰ ਦੇ ਐਮ.ਏ. ਰਘਬੀਰ ਸਿੰਘ, ਨਾਜਰ ਮਹਿੰਦਰ ਸਿੰਘ, ਜਸਵਿੰਦਰ ਸਿੰਘ ਜੱਸੀ ਤੇ ਵਿਕਰਮ ਸਮੇਤ ਮੈਰੀਟੋਰੀਅਸ ਸਕੂਲ ਸਮੇਤ ਹੋਰ ਸਕੂਲਾਂ ਕਾਲਜਾਂ ਦੇ ਵੱਡੀ ਗਿਣਤੀ ਪਟਿਆਲਵੀ, ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਜਹਾਜ ਦੇਖੇ ਅਤੇ ਵੱਖ-ਵੱਖ ਹਵਾਈ ਜਹਾਜ਼ਾਂ ਦੇ ਮਾਡਲਾਂ ਦੇ ਕਰਤੱਬਾਂ ਦਾ ਆਨੰਦ ਮਾਣਿਆ।

## ਪੰਜਾਬੀ ਯੂਨੀਵਰਸਿਟੀ ਦੇ ਜੀਵ ਵਿਗਿਆਨ ਅਤੇ ਵਾਤਾਵਰਨ ਵਿਗਿਆਨ ਵਿਭਾਗ ਨੇ 'ਅਲੂਮਨੀ ਮੀਟ' ਕਰਵਾਈ



ਪਟਿਆਲਾ, 14 ਫਰਵਰੀ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਜੀਵ ਵਿਗਿਆਨ ਅਤੇ ਵਾਤਾਵਰਨ ਵਿਗਿਆਨ ਵਿਭਾਗ ਵੱਲੋਂ 'ਅਲੂਮਨੀ ਮੀਟ' ਕਰਵਾਈ ਗਈ। ਉਪ-ਕੁਲਪਤੀ ਡਾ. ਜਗਦੀਪ ਸਿੰਘ, ਜੋ ਖ਼ੁਦ ਵੀ ਇਸੇ ਵਿਭਾਗ ਵਿਦਿਆਰਥੀ ਰਹੇ ਹਨ, ਨੇ ਇਸ ਮੌਕੇ ਸ਼ਿਰਕਤ ਕਰਦਿਆਂ ਵਿਭਾਗ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਆਪਣੇ ਅਧਿਆਪਕਾਂ ਵੱਲੋਂ ਦਿੱਤੇ ਗਏ ਮਾਰਗਦਰਸ਼ਨ ਅਤੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਸੰਸਥਾ ਦੀ ਅਸਲ ਅਮੀਰੀ ਉਸ ਦੇ ਸਾਬਕਾ ਵਿਦਿਆਰਥੀ ਹੁੰਦੇ ਹਨ, ਜੋ ਦੁਨੀਆ ਦੇ ਵੱਖ-ਵੱਖ ਕੋਨਿਆਂ ਵਿੱਚ ਜਾ ਕੇ ਆਪਣੀ ਸੰਸਥਾ ਦਾ ਨਾਮ ਰੌਸ਼ਨ ਕਰਦੇ ਹਨ। ਵਿਭਾਗ ਮੁਖੀ ਡਾ. ਉਂਕਾਰ ਸਿੰਘ ਬੜੈਚ ਨੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਹਰ ਸਾਲ ਕਰਵਾਏ ਜਾਂਦੇ ਇਸ ਸਮਾਗਮ ਦਾ ਮੁੱਖ ਮਕਸਦ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨਾ, ਪੇਸ਼ੇਵਰ ਤਜਰਬੇ ਸਾਂਝੇ ਕਰਨਾ ਅਤੇ ਭਵਿੱਖ ਲਈ ਪੁਰਾਣੇ ਵਿਦਿਆਰਥੀਆਂ ਦੇ ਆਪਸੀ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨਾ ਹੈ।ਸਮਾਗਮ ਵਿੱਚ ਅਮਰੀਕਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਸਾਬਕਾ ਵਿਦਿਆਰਥੀ ਅਤੇ ਉੱਘੇ ਪੇਨ ਮੈਨੇਜਮੈਂਟ ਸਪੈਸ਼ਲਿਸਟ ਡਾ. ਰਾਜ ਉੱਪਲ ਨੇ ਵਿਸ਼ੇਸ਼ ਤੌਰ ਉੱਤੇ ਸ਼ਿਰਕਤ ਕੀਤੀ। ਡਾ. ਉੱਪਲ, ਜਿਨ੍ਹਾਂ ਨੇ 1971 ਵਿੱਚ ਇਸ ਵਿਭਾਗ ਤੋਂ ਐੱਮ. ਐੱਸ-ਸੀ. ਕੀਤੀ ਹੈ, ਨੇ ਆਪਣੇ ਅਧਿਆਪਕਾਂ ਦੇ ਨਾਂ 'ਤੇ ਕਈ ਵਿਦਿਆਰਥੀ ਫੈਲੋਸ਼ਿਪਾਂ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਮੌਕੇ ਵਿਭਾਗ ਦੇ ਸੇਵਾਮੁਕਤ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ 1971 ਬੈਚ ਦੇ ਲਗਭਗ 7 ਸਾਬਕਾ ਵਿਦਿਆਰਥੀ ਅਤੇ ਸਿਲਵਰ ਜੁਬਲੀ ਬੈਚ ਦੇ 6 ਵਿਦਿਆਰਥੀ ਸ਼ਾਮਲ ਹੋਏ।

## ਤੇਜ਼ ਰਫ਼ਤਾਰ ਕਾਰ ਦੀ ਟੱਕਰ ਨਾਲ ਮੌਤ

ਪਟਿਆਲਾ, 14 ਫਰਵਰੀ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਗੁਰਮੀਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਪਿੰਡ ਜੋਗੇਵਾਲਾ ਨੇ ਕਾਰ ਦੇ ਡਰਾਇਵਰ ਮਯੰਕ ਸੈਣੀ ਵਾਸੀ ਵਾਰਡ ਨੰ. 5 ਸਿਡਕੁਲ ਰੋਡ ਜ਼ਿਲ੍ਹਾ ਉੱਧਮ ਸਿੰਘ ਨਗਰ ਉਤਰਾਖੰਡ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਭਰਾ ਹਰਜੀਤ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਾਹਮਣੇ ਪੁਲ ਪਰ ਜਾ ਰਿਹਾ ਸੀ, ਤਾਂ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਭਰਾ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਭਰਾ ਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106, 324(4) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ।

## ਪੰਜਾਬ ਭਾਜਪਾ ਦੇ ਸੀਨੀਅਰ ਆਗੂ ਦੀ ਲਾਸ਼ ਭਾਖੜਾ 'ਚੋਂ ਮਿਲੀ



ਪਟਿਆਲਾ, 14 ਫਰਵਰੀ (ਰੁਪਾਣਾ) : ਭਾਰਤੀ ਜਨਤਾ ਪਾਰਟੀ ਪਟਿਆਲਾ ਦੇ ਸੀਨੀਅਰ ਆਗੂ ਅਤੇ ਨਗਰ-ਨਿਗਮ ਪਟਿਆਲਾ ਦੇ ਕੌਂਸਲਰ ਰਹੇ ਅਨਿਲ ਮੰਗਲਾ ਦੀ ਲਾਸ਼ ਬਰਾਮਦ ਹੋ ਗਈ ਹੈ। ਸਾਬਕਾ ਕੌਂਸਲਰ ਅਨਿਲ ਮੰਗਲਾ ਨੇ ਪਿਛਲੇ ਮੰਗਲਵਾਰ ਸ਼ਾਮ 4 ਵਜੇ ਦੇ ਕਰੀਬ ਪਟਿਆਲਾ-ਨਾਭਾ ਰੋਡ 'ਤੇ ਭਾਖੜਾ ਨਹਿਰ ਵਿਚ ਸ਼ੱਕੀ ਹਾਲਾਤ ਵਿਚ ਛਾਲ ਮਾਰ ਦਿੱਤੀ ਸੀ। ਅਜੇ ਇਸ ਗੱਲ ਦੀ ਪੁਸ਼ਟੀ ਨਹੀਂ ਹੋਈ ਸੀ ਕਿ ਉਹ ਭਾਖੜਾ ਵਿਚ ਤਿਲਕ ਕੇ ਅਚਾਨਕ ਡਿੱਗੇ ਸਨ ਜਾਂ ਉਨ੍ਹਾਂ ਨੇ ਆਤਮ ਹੱਤਿਆ ਲਈ ਛਾਲ ਮਾਰੀ ਹੈ ਕਿਉਂਕਿ ਵੱਡੀ ਗਿਣਤੀ ਵਿਚ ਲੋਕ ਧਾਰਮਿਕ ਸਮੱਗਰੀ ਦਾ ਵਿਸਰਜਨ ਭਾਖੜਾ ਵਿਚ ਕਰਦੇ ਹਨ ਅਤੇ ਕਈ ਵਾਰ ਇਸ ਤਰ੍ਹਾਂ ਦੇ ਹਾਦਸੇ ਹੋ ਜਾਂਦੇ ਹਨ। ਇੱਥੇ ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਸਾਲ 2017 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਉਹ ਪੇਂਡਾ ਦੇ ਸੀਨੀਅਰ ਵਾਈਸ ਚੇਅਰਮੈਨ ਵੀ ਰਹੇ ਸਨ ਅਤੇ ਇਸ ਤੋਂ ਪਹਿਲਾਂ 2002 ਵਾਲੀ ਕੈਪਟਨ ਸਰਕਾਰ ਵਿਚ ਉਹ ਨਗਰ ਨਿਗਮ ਦੇ ਕੌਂਸਲਰ ਵੀ ਰਹੇ ਸਨ। ਫਿਲਹਾਲ ਪੁਲਿਸ ਵੱਲੋਂ ਸਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

## ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ



ਪਟਿਆਲਾ, 14 ਫਰਵਰੀ (ਚ.ਨ.ਸ.) : ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜਜ਼ ਯੂਨੀਅਨ ਪੰਜਾਬ, ਹੈੱਡ ਆਫਿਸ ਯੂਨਿਟ, ਪਟਿਆਲਾ ਦੀ ਮਹੀਨਾਵਾਰ ਮੀਟਿੰਗ ਅੱਜ ਅਣਖੀ ਭਵਨ, ਫੈਕਟਰੀ ਏਰੀਆ, ਪਟਿਆਲਾ ਵਿਖੇ ਸ: ਭਿੰਦਰ ਸਿੰਘ ਚਹਿਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਸਾਲ 2026 ਸਬੰਧੀ ਜਥੇਬੰਦੀ ਦਾ ਕਲੰਡਰ ਤੇ ਡਾਇਰੀ ਮੈਂਬਰਾਂ ਵਿੱਚ ਤਕਸੀਮ ਕੀਤੀ ਗਈ । ਇੰਜ ਹਰਕੇਸ਼ ਸਿੰਘ ਤੇ ਬੀਬੀ ਹਰਸ਼ਰਨਜੀਤ ਕੌਰ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਚੜ੍ਹਾਏ ਜਾ ਰਹੇ ਕਰਜ਼ਿਆਂ ਤੇ ਪਾਵਰਕੌਮ ਦੀ ਸ਼ਕਤੀ ਵਿਹਾਰ (ਬਡੂੰਗਰ) ਵਿਖੇ 50 ਏਕੜ ਜ਼ਮੀਨ ਵੇਚਣ ਦੀ ਮਨਜ਼ੂਰੀ ਦੀ ਨਿਖੇਧੀ ਕੀਤੀ। ਸ: ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਜਾਣਕਾਰੀ ਦਿੱਤੀ ਕਿ ਇਸ ਮਹੀਨੇ ਸਟੇਟ ਪੱਧਰ ਦੇ ਵਫ਼ਦ ਦੁਆਰਾ ਪਾਵਰਕੌਮ ਮੈਨੇਜਮੈਂਟ ਨੂੰ ਪਿਛਲੇ ਏਜੰਡੇ ਤੇ ਅਧੂਰੀ ਮੀਟਿੰਗ ਅਤੇ ਨਵੇਂ ਕੰਮ ਲਿਖ ਕੇ ਦਿੱਤੇ ਜਾਣਗੇ ।ਵਿਧਾਨ ਸਭਾ ਦੇ ਬਜਟ ਇਜਲਾਸ ਸਮੇਂ 4 ਦਿਨ ਵੱਖ-ਵੱਖ ਜਥੇਬੰਦੀਆਂ ਰੋਸ ਪਰਦਰਸ਼ਨ ਕਰਨਗੀਆਂ ਅਤੇ ਪਾਵਰਕੌਮ ਤੇ ਟਰਾਂਸਕੋ ਯੂਨੀਅਨ ਪੰਜਾਬ (ਏਟਕ) ਪ੍ਰੋਗਰਾਮ ਅਨੁਸਾਰ ਬਜਟ ਇਜਲਾਸ ਦੇ ਚੌਥੇ ਦਿਨ ਪ੍ਰਦਰਸ਼ਨ ਕਰੇਗੀ, ਜਿਸ ਵਿੱਚ ਪਟਿਆਲਾ ਯੂਨਿਟ ਦਾ ਵਫ਼ਦ ਸ਼ਮੂਲੀਅਤ ਕਰੇਗਾ । ਮਾਰਚ ਦੇ ਅਖੀਰ ਜਾਂ ਅਪਰੈਲ ਦੇ ਸ਼ੁਰੂ ਵਿੱਚ ਸੁੱਤੀ ਪਈ ਪਾਵਰਕੌਮ ਦੇ ਹੈੱਡ ਆਫਿਸ ਸਾਹਮਣੇ ਵੱਡਾ ਤੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ । ਭਿੰਦਰ ਸਿੰਘ ਚਹਿਲ ਨੇ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਨੂੰ ਅਪੀਲ ਕਰਦਿਆਂ ਆਖਿਆ ਕਿ ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ 1.1.2016 ਤੋਂ ਪਹਿਲਾਂ ਰਿਟਾਇਰ ਪੈਨਸ਼ਨਰਾਂ ਨੂੰ 2.59 ਪੈਨਸ਼ਨ ਸੁਧਾਈ ਫੈਕਟਰ, ਡੀ ਏ ਦੇ ਬਕਾਏ ਤੇ ਰਹਿੰਦੀਆਂ ਕਿਸ਼ਤਾਂ, ਜਜ਼ੀਆ ਟੈਕਸ ਦੀ ਕਟੌਤੀ ਬੰਦ ਕਰਨਾ, ਕੈਸ਼ਲਿਸ ਮੈਡੀਕਲ ਸਹੂਲਤ ਤੇ ਮੰਗ ਚਾਰਟਰ ਅਨੁਸਾਰ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ । ਮੀਟਿੰਗ ਵਿੱਚ ਇੰਜ ਸੰਤੋਖ ਸਿੰਘ ਬੋਪਾਰਾਏ, ਅਮਰਜੀਤ ਸਿੰਘ ਖਜ਼ਾਨਚੀ, ਭੁਪਿੰਦਰ ਸਿੰਘ ਵਧੀਕ ਸਕੱਤਰ, ਹਰਬੰਸ ਸਿੰਘ ਟਿਵਾਣਾ, ਇੰਜ ਅਮਰਜੀਤ ਸਿੰਘ ਸਾਬਕਾ ਮੁੱਖ ਇੰਜ:, ਸਰੂਪਇੰਦਰ ਸਿੰਘ, ਇੰਜ ਕਰਤਾਰ ਸਿੰਘ, ਇੰਜ ਸਤਪਾਲ ਸ਼ਰਮਾਂ, ਮਲਕੀਅਤ ਸਿੰਘ ਸਰਪ੍ਰਸਤ, ਜੱਗਾ ਸਿੰਘ, ਗੌਰੀ ਸ਼ੰਕਰ ਤੇ ਬਹੁਤਾਤ ਗਿਣਤੀ ਮੈਂਬਰ ਹਾਜ਼ਰ ਸਨ।



**ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਐਨ.ਸੀ.ਸੀ. ਕੈਡਿਟਸ ਪਟਿਆਲਾ ਹੈਰੀਟੇਜ ਫੈਸਟੀਵਲ 2026 ਵਿਚ ਭਾਗ ਲੈਂਦੇ ਹੋਏ। ਇਸ ਮੌਕੇ ਉਨ੍ਹਾਂ ਮਿਲਟਰੀ ਲਿਟਰੇਚਰ ਫੈਸਟੀਵਲ, ਆਰਟਿਲਰੀ ਡਿਸਪਲੇਅ, ਟੈਂਕ ਚਲਾਉਣ ਤੇ ਹਥਿਆਰਾਂ ਬਾਰੇ ਜਾਣਕਾਰੀ ਵੀ ਹਾਸਲ ਕੀਤੀ। (ਫੋਟੋ ਤੇ ਵੇਰਵਾ : ਵਿਜੇ ਕੁਮਾਰ ਸਮਾਣਾ)**

## ਭਾਕਿਯੂ ਕਾਦੀਆਂ ਵੱਲੋਂ 17 ਨੂੰ ਨਾਨੋਕੀ ਵਿਖੇ ਹੋਵੇਗੀ 'ਕਿਸਾਨ ਮਹਾ-ਪੰਚਾਇਤ' : ਅਬਜਿੰਦਰ ਸਿੰਘ ਜੋਗੀ



ਭਾਦਸੋਂ, 14 ਫਰਵਰੀ (ਭਰਪੂਰ ਸਿੰਘ ਮੱਟਰਾਂ) : ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਪਟਿਆਲਾ ਦੀ ਉੱਚ ਪੱਧਰੀ ਹੰਗਾਮੀ ਮੀਟਿੰਗ ਜਿਲਾ ਪ੍ਰਧਾਨ ਅਬਜਿੰਦਰ ਸਿੰਘ ਜੋਗੀ ਗਰੇਵਾਲ ਨਾਨੋਕੀ ਦੀ ਪ੍ਰਧਾਨਗੀ ਹੇਠ ਹੋਈ। ਦੌਰਾਨ 17 ਫਰਵਰੀ ਨੂੰ ਗੈਰੀ ਫਾਰਮਜ਼ ਨਾਨੋਕੀ ਵਿਖੇ ਹੋਣ ਵਾਲੀ 'ਕਿਸਾਨ ਮਹਾ ਪੰਚਾਇਤ' ਸਬੰਧੀ ਵਿਸਥਾਰ ਨਾਲ ਵਿਚਾਰ ਵਿਟਾਂਦਰਾ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਜੋਗੀ ਨਾਨੋਕੀ ਨੇ ਦੱਸਿਆ ਕਿ ਇਸ ਮਹਾ ਪੰਚਾਇਤ ਵਿੱਚ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਆਪਣੀ ਸਮੁੱਚੀ ਟੀਮ ਸਮੇਤ ਸ਼ਾਮਿਲ ਹੋਣਗੇ। ਮੀਟਿੰਗ ਦੌਰਾਨ ਉਗਰਾਹਾਂ ਜਥੇਬੰਦੀ 'ਤੇ ਸਰਕਾਰ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਸਖਤ ਨਿਖੇਧੀ ਕੀਤੀ ਗਈ। ਜਾਣਕਾਰੀ ਦਿੰਦਿਆਂ ਪ੍ਰਧਾਨ ਜੋਗੀ ਨਾਨੋਕੀ ਨੇ ਕਿਹਾ ਕਿ ਬਿਜਲੀ ਸੋਧ ਬਿਲ ਲਾਗੂ ਨਾ ਕਰਨ, ਸਮਾਰਟ ਮੀਟਰਾਂ ਦਾ ਵਿਰੋਧ, ਕੋਆਪਰੇਟਿਵ ਸੋਸਾਇਟੀਆਂ ਦੇ ਕਰਜੇ ਮੁਆਫ ਕਰਵਾਉਣ, ਨਕਲੀ ਦੁੱਧ ਦੀ ਵਿਕਰੀ ਬੰਦ ਕਰਨ, ਸੀਡ ਬਿਲ ਦਾ ਵਿਰੋਧ ਅਤੇ ਮਨਰੇਗਾ ਮਜ਼ਦੂਰਾਂ ਦੇ ਹੱਕਾਂ ਲਈ ਇਹ ਆਵਾਜ਼ ਬੁਲੰਦ ਕੀਤੀ ਜਾਵੇਗੀ। ਇਸ ਮੌਕੇ ਬਿਜਲੀ ਕਾਮਿਆਂ, ਡਾਇਰੀ ਸੰਚਾਲਕਾਂ ਅਤੇ ਮਨਰੇਗਾ ਮਜ਼ਦੂਰਾਂ ਨੂੰ ਭਾਰੀ ਗਿਣਤੀ 'ਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਨਾ ਮੰਗਾਂ ਦਾ ਹੱਲ ਨਾ ਕੀਤਾ ਤਾਂ ਯੂਨੀਅਨ ਵੱਲੋਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ ਧਾਰਨੀ, ਬਿੱਲੂ ਭਲਵਾਨ ਚਾਸਵਾਲ, ਹਰਦੀਪ ਸਿੰਘ ਘੁੱਲਾ, ਜੋਗੀ ਅੜਕ ਖਿਜਰਪੁਰ, ਗੁਰਧਿਆਨ ਸਿੰਘ ਸਕਰਾਲੀ, ਅਮਰਜੀਤ ਸਿੰਘ ਲੱਖੀ ਆਦਿ ਸਮੇਤ ਵੱਡੀ ਗਿਣਤੀ 'ਚ ਕਿਸਾਨ ਹਾਜ਼ਰ ਸਨ।

## ਪੀ.ਯੂ. ਦੀ ਵਿਦਿਆਰਥਣ ਅਨੰਨਿਆ ਸਿੰਘ ਨੇ ਰਾਸ਼ਟਰੀ ਪੱਧਰ ਦੇ ਲੇਖ ਮੁਕਾਬਲੇ 'ਚ ਮਾਰੀ ਬਾਜ਼ੀ



ਪਟਿਆਲਾ, 14 ਫਰਵਰੀ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥਣ ਅਨੰਨਿਆ ਸਿੰਘ ਨੇ ਗਣਤੰਤਰ ਦਿਵਸ 2026 ਦੇ ਸਬੰਧ ਵਿੱਚ ਕਰਵਾਏ ਗਏ ਰਾਸ਼ਟਰੀ ਪੱਧਰ ਦੇ ਲੇਖ ਮੁਕਾਬਲੇ 'ਸਵਤੰਤਰਤਾ ਕਾ ਮੰਤਰਾ- ਵੰਦੇ ਮਾਤਰਮ' ਵਿੱਚ ਪੂਰੇ ਭਾਰਤ ਵਿੱਚੋਂ 40ਵੀਂ ਰਨਰ-ਅੱਪ ਪੁਜੀਸ਼ਨ ਹਾਸਲ ਕੀਤੀ ਹੈ। ਜ਼ਿਕਰਯੋਗ ਹੈ ਕਿ ਅਨੰਨਿਆ ਸਿੰਘ ਯੂਨੀਵਰਸਿਟੀ ਦੇ ਹਿਊਮਨ ਜੈਨੇਟਿਕਸ ਵਿਭਾਗ ਵਿਖੇ ਬੀ.ਐੱਸ-ਸੀ. (ਬਾਇਓਲੋਜੀਕਲ ਸਾਇੰਸਿਜ਼ - ਹਿਊਮਨ ਜੈਨੇਟਿਕਸ) ਦੀ ਵਿਦਿਆਰਥਣ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਉਸ ਨੂੰ ਇਸ ਪ੍ਰਾਪਤੀ ਲਈ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਾਜ਼ਿਰ ਹਿਊਮਨ ਜੈਨੇਟਿਕਸ ਵਿਭਾਗ ਦੇ ਮੁਖੀ ਡਾ. ਪੁਨੀਤਪਾਲ ਸਿੰਘ ਨੇ ਵੀ ਵਿਦਿਆਰਥਣ ਦੀ ਇਸ ਸਲਾਘਾਯੋਗ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

## ਸਟੇਟ ਪੱਧਰੀ ਟੀਚਰ ਫੈਸਟ 'ਚ ਪਟਿਆਲਾ ਦੇ ਅਧਿਆਪਕਾਂ ਨੇ ਮਾਰੀ ਬਾਜ਼ੀ



ਪਟਿਆਲਾ, 14 ਫਰਵਰੀ (ਚ.ਨ.ਸ.) : ਪੰਜਾਬ ਟੀਚਰ ਫੈਸਟ ਵਿੱਚ ਪਟਿਆਲਾ ਜ਼ਿਲ੍ਹੇ ਦੇ ਅਧਿਆਪਕਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਪਟਿਆਲਾ ਸੰਜੀਵ ਸ਼ਰਮਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸ਼ਰਮਾ ਦੀ ਅਗਵਾਈ ਹੇਠ, ਪਟਿਆਲਾ ਨੇ ਜ਼ਿਲ੍ਹਾ ਪੱਧਰ 'ਤੇ ਸਾਰੀਆਂ 10 ਸ਼੍ਰੇਣੀਆਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸ਼੍ਰੀ ਫਤਹਿਗੜ੍ਹ ਸਾਹਿਬ ਵਿਖੇ ਹੋਏ ਰਾਜ ਪੱਧਰੀ ਮੁਕਾਬਲਿਆਂ ਵਿੱਚ ਪ੍ਰਵੇਸ਼ ਕੀਤਾ ਸੀ। ਰਾਜ ਪੱਧਰੀ ਮੁਕਾਬਲਿਆਂ ਵਿੱਚ ਪਟਿਆਲਾ ਦੇ ਅਧਿਆਪਕਾਂ ਨੇ ਕਈ ਅਹਿਮ ਮੱਲਾਂ ਮਾਰੀਆਂ, ਜਿਸ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਕਾਲਾ ਦੇ ਕੰਪਿਊਟਰ ਫੈਕਲਟੀ ਦਲਬੀਰ ਸਿੰਘ ਨੇ ਆਈ.ਟੀ. ਟੂਲਜ਼ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸਕੂਲ ਆਫ਼ ਐਮੀਨੈਂਸ ਭੁਨਰਹੇੜੀ ਦੀ ਗੁਰਕਿਰਨ ਕੌਰ (ਮੈਥ ਮਿਸਟ੍ਰੈਸ) ਨੇ ਟੀਚਿੰਗ ਏਡਜ਼ ਵਿੱਚ ਦੂਜਾ ਸਥਾਨ ਹਾਸਲ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਕਟੋਰੀਆ ਦੀ ਅਨੂ ਗਰਗ (ਐਸ.ਐਸ. ਮਿਸਟ੍ਰੈਸ) ਨੇ ਮੈਨੂਅਲ ਗੇਮਜ਼ ਵਿੱਚ ਅਤੇ ਸਰਕਾਰੀ ਹਾਈ ਸਕੂਲ ਰਾਜਪੁਰਾ ਟਾਊਨ ਦੀ ਰਾਜਦੀਪ ਕੌਰ (ਸਾਇੰਸ ਮਿਸਟ੍ਰੈਸ) ਨੇ ਸਾਇੰਸ ਐਪਲੀਕੇਸ਼ਨ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਹ ਪ੍ਰਾਪਤੀਆਂ ਪਟਿਆਲਾ ਦੇ ਅਧਿਆਪਕਾਂ ਦੀ ਸਿੱਖਿਆ ਵਿੱਚ ਆਧੁਨਿਕ ਅਤੇ ਨਵੀਨਤਮ ਤਰੀਕਿਆਂ ਨੂੰ ਅਪਨਾਉਣ ਦੀ ਲਗਨ ਨੂੰ ਦਰਸਾਉਂਦੀਆਂ ਹਨ। ਇਸ ਮੌਕੇ ਗੱਲਬਾਤ ਕਰਦਿਆਂ ਜੇਤੂ ਅਧਿਆਪਕਾਂ ਨੇ ਕਿਹਾ ਕਿ ਰਾਜ ਪੱਧਰ 'ਤੇ ਪੁਜ਼ੀਸ਼ਨਾਂ ਹਾਸਿਲ ਹੋਣ ਨਾਲ ਭਵਿੱਖ ਵਿੱਚ ਉਹ ਹੋਰ ਵੀ ਲਗਨ ਅਤੇ ਮਿਹਨਤ ਨਾਲ ਆਪੋ ਆਪਣੇ ਕਾਰਜ ਕਰਨਗੇ।ਰਾਜ ਪੱਧਰੀ ਟੀਚਰ ਫੈਸਟ ਦੌਰਾਨ ਜੇਤੂ ਅਧਿਆਪਕਾਂ ਨੂੰ ਜ਼ਿਲਾ ਸਿੱਖਿਆ ਅਫਸਰ ਸੰਜੀਵ ਸ਼ਰਮਾ, ਉਪ ਜਿਲਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸ਼ਰਮਾ ਅਤੇ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਨੇ ਵਧਾਈ ਦਿੰਦਿਆਂ ਅਧਿਆਪਕਾਂ ਦੇ ਕੰਮ ਦੀ ਸ਼ਲਾਘਾ ਕੀਤੀ।

## ਕਬੱਡੀ ਟੂਰਨਾਮੈਂਟ ਦਾ ਪੋਸਟਰ ਰਿਲੀਜ਼



ਸਮਾਣਾ, 14 ਫਰਵਰੀ (ਹਰਜਿੰਦਰ ਸਿੰਘ ਜਵੰਦਾ) : ਨਜ਼ਦੀਕੀ ਪਿੰਡ ਫਤਿਹਪੁਰ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਯੂਥ ਕਲੱਬ ਵੱਲੋਂ ਲੱਖਾ ਢੋਟ ਨਿਊਜ਼ੀਲੈਂਡ, ਸਰਪੰਚ ਰਾਣਾ ਢਿੱਲੋਂ ਅਤੇ ਕਲੱਬ ਪ੍ਰਧਾਨ ਸਿਮਰਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਛੇਵਾਂ ਸਾਲਾਨਾ ਕਬੱਡੀ ਕੱਪ 20 ਫਰਵਰੀ ਨੂੰ ਨੂੰ ਕਰਵਾਇਆ ਜਾ ਰਿਹਾ ਹੈ। ਲੱਖਾ ਢੋਟ ਨੇ ਦੱਸਿਆ ਕਿ ਇਸ ਕਬੱਡੀ ਕੱਪ 'ਚ ਸੂਬੇ ਦੇ ਹਰ ਖੇਤਰ ਤੋਂ ਉਚ ਕੋਟੀ ਦੇ ਖਿਡਾਰੀ ਆਪਣੀਆਂ ਟੀਮਾਂ ਸਮੇਤ ਪਹੁੰਚ ਰਹੇ ਹਨ ਅਤੇ ਜੇਤੂ ਟੀਮ ਲਈ ਪਹਿਲਾ ਇਨਾਮ 71 ਹਜ਼ਾਰ ਤੇ ਦੂਸਰਾ ਇਨਾਮ 51 ਹਜ਼ਾਰ ਰੱਖਿਆ ਗਿਆ ਹੈ ਅਤੇ ਨਾਲ ਹੀ ਬੈਸਟ ਰੈਡਰ ਤੇ ਜਾਫੀ ਨੂੰ 21 ਹਜ਼ਾਰ ਦੀ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਅਤੇ ਹਲਕਾ ਸਮਾਣਾ ਤੋਂ ਸਾਬਕਾ ਵਿਧਾਇਕ ਰਜਿੰਦਰ ਸਿੰਘ ਸ਼ਿਰਕਤ ਕਰਨਗੇ। ਇਸ ਮੌਕੇ ਸਰਪੰਚ ਰਾਣਾ ਢਿੱਲੋਂ, ਅਮਰਿੰਦਰ ਸਿੰਘ ਸੋਨੂੰ ਢੋਟ, ਰੋਮਨ ਢੋਟ, ਮਨਿੰਦਰ ਢਿੱਲੋਂ, ਜੋਜ ਢੋਟ, ਰੌਕਸੀ ਢਿੱਲੋਂ, ਗੁਰਿੰਦਰ ਲਲੋਛੀ, ਸਤਨਾਮ ਢੋਟ ਅਤੇ ਦਾਰਾ ਸਿੰਘ ਆਦਿ ਵੀ ਮੌਜੂਦ ਰਹੇ।

## ਇਕਬਾਲ ਇਨ ਲੇਡੀਜ਼ ਕਲੱਬ ਨੇ ਵੈਲੇਨਟਾਈਨ ਡੇ ਮਨਾਇਆ



ਪਟਿਆਲਾ, 14 ਫਰਵਰੀ (ਚ.ਨ.ਸ.) : ਮਹਿਲਾਵਾਂ ਦੇ ਸਸ਼ਕਤੀਕਰਨ ਨੂੰ ਵਧਾਉਣ ਦੇ ਮੰਤਵ ਨੂੰ ਸਮਰਪਿਤ ਹੋਟਲ ਇਕਬਾਲ ਇਨ ਵੱਲੋਂ ਬਣਾਏ ਗਏ ਇਕਬਾਲ ਇਨ ਲੇਡੀਜ਼ ਕਲੱਬ ਵੱਲੋਂ ਵੈਲੇਨਟਇਨ ਦਿਵਸ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਗਿਆ। ਸ. ਕਮਲਪ੍ਰੀਤ ਸਿੰਘ ਸੇਠੀ ਪ੍ਰਬੰਧਕੀ ਨਿਰਦੇਸ਼ਕ ਦੀ ਰਹਿਨੁਮਾਈ ਹੇਠ ਹੋਟਲ ਇਕਬਾਲ ਇਨ ਦੇ ਵਿਹੜੇ ਵਿੱਚ ਮਨਾਏ ਗਏ ਇਸ ਤਿਉਹਾਰ ਵਿੱਚ ਸਮੂਹ ਕਲੱਬ ਮੈਂਬਰਾਂ ਅਤੇ ਖਾਸ ਤੌਰ ਤੇ ਗ੍ਰਹਿਣੀਆਂ ਅਤੇ ਨੌਕਰੀ ਪੇਸ਼ਾ ਮਹਿਲਾ ਮੈਂਬਰਾਂ ਵੱਲੋਂ ਸਮੂਹਿਕ ਤੌਰ ਤੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਗਈ। ਸ੍ਰੀ ਸੇਠੀ ਨੇ ਦੱਸਿਆ ਕਿ ਉਕਤ ਤਿਉਹਾਰ ਪ੍ਰੇਮ ਅਤੇ ਇਨਸਾਨੀ ਰਿਸ਼ਤਿਆਂ ਦੇ ਖੂਬਸੂਰਤ ਅਹਿਸਾਸ ਨੂੰ ਹੋਰ ਗੂੜਾ ਕਰਨ ਦੇ ਨਾਲ ਨਾਲ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵੀ ਪ੍ਰੇਮ ਦਾ ਸੁਚੱਜਾ ਸੁਨੇਹਾ ਦਿੰਦਾ ਹੈ। ਇਸ ਪ੍ਰੋਗਰਾਮ ਦੌਰਾਨ ਕੁੱਲ 80 ਮਹਿਲਾ ਪ੍ਰਤਿਭਾਗੀਆਂ ਨੇ ਵੈਲੈਂਟਾਈਨ ਤਿਉਹਾਰ ਦੇ ਨਾਲ ਸਬੰਧਤ ਵੱਖ-ਵੱਖ ਵੰਨਗੀਆਂ ਵਿੱਚ ਹਿੱਸਾ ਲੈਂਦੇ ਹੋਏ ਜੇਤੂ ਇਨਾਮ ਪ੍ਰਾਪਤ ਕੀਤੇ, ਜਿਸ ਵਿੱਚ ਵੈਲੇਂਟਾਈਨ ਦਿਵਸ ਦੇ ਇਤਿਹਾਸ ਨਾਲ ਸੰਬੰਧਿਤ ਪ੍ਰਸ਼ਨੋਤਰੀ ਪ੍ਰਤਿਯੋਗਤਾ, ਇਸ ਬਾਰੇ ਨੌਜਵਾਨ ਪੀੜੀ ਦੇ ਵਿਚਾਰ ਅਤੇ ਮਨਾਉਣ ਦੇ ਤਰੀਕੇ, ਵੱਖ-ਵੱਖ ਰੰਗਾਂ ਦੇ ਫੁੱਲਾਂ ਦੇ ਇਹਨਾਂ ਦਿਨਾਂ ਵਿੱਚ ਆਦਾਨ ਪ੍ਰਦਾਨ ਦੀ ਮਹੱਤਤਾ, ਵੈਲੈਂਟਾਈਨ ਦਿਵਸ ਤੋਂ ਪਹਿਲਾਂ ਸੱਤ ਦਿਨ ਵੱਖ-ਵੱਖ ਦਿਵਸਾਂ ਦਾ ਇਤਿਹਾਸ ਆਦਿ ਬਾਰੇ ਜਾਣਕਾਰੀ ਵੀ ਸ਼ਾਮਿਲ ਰਹੇ। ਇਸ ਮੌਕੇ 'ਤੇ ਡਿਸਕੋ ਦੀਵਾਨੇ ਵਿਸ਼ੇ ਤੇ ਅਧਾਰਿਤ ਮਹਿਲਾਵਾਂ ਦੇ ਵੱਖ-ਵੱਖ ਇਵੈਂਟ ਆਯੋਜਿਤ ਕੀਤੇ ਗਏ। ਇਹਨਾਂ ਸੰਬੰਧਿਤ ਈਵੈਂਟਸ ਦੀ ਜਜਮੈਂਟ ਲਈ ਉਚੇਚੇ ਤੌਰ ਤੇ ਮੈਡਮ ਵਿਲਸੀ ਘੁੰਮਣ ਅਤੇ ਮੈਡਮ ਆਰਤੀ ਉਪਸਥਿਤ ਸਨ। ਇਹਨਾਂ ਵੱਖ-ਵੱਖ ਹੋਏ ਮੁਕਾਬਲਿਆਂ ਦੌਰਾਨ ਸੁਖਵਿੰਦਰ ਨੇ ਟਾਈਟਲ ਜਿੱਤ ਕੇ ਆਪਣਾ ਪ੍ਰਦਰਸ਼ਨ ਸਰਵਉੱਚ ਘੋਸ਼ਿਤ ਕਰਵਾਇਆ ਜਦੋਂ ਕਿ ਹੋਰ ਜੇਤੂਆਂ ਵਿੱਚ ਰੂਹੀ,ਸਿਮਰਨ ਕੌਰ, ਗਰੇਸੀ, ਮਨਪ੍ਰੀਤ, ਜਸਬੀਰ ਕੌਰ ਅਤੇ ਨੂਰੀ ਨੂੰ ਵੱਖ-ਵੱਖ ਟਾਈਟਲਾਂ ਨਾਲ ਨਿਵਾਜਿਆ ਗਿਆ। ਡਿਸਕੋ ਥੀਮ ਉਪਰ ਸਾਰੀਆਂ ਪ੍ਰਤਿਭਾਗਣਾਂ ਵੱਲੋਂ ਇਕੱਠੇ ਹੋ ਕੇ ਨੱਚਣ ਸਮੇਂ ਪ੍ਰੋਗਰਾਮ ਸਿਖਰਾਂ ਉੱਤੇ ਪਹੁੰਚ ਗਿਆ। ਪ੍ਰੋਗਰਾਮ ਦੇ ਅੰਤਲੇ ਪਲਾਂ ਵਿੱਚ ਆਯੋਜਕਾ ਵੱਲੋਂ ਪੂਜਾ ਸ਼ਰਮਾ ਨੂੰ ਮਿਸਿਜ ਵੈਲਟਾਈਨ ਦੇ ਖਿਤਾਬ ਨਾਲ ਨਿਵਾਜਿਆ ਗਿਆ। ਇਸ ਮੌਕੇ 'ਤੇ ਸਾਰੇ ਜੇਤੂਆਂ ਨੂੰ ਇਨਾਮ ਵੰਡਣ ਦੀ ਰਸਮ ਸ੍ਰੀਮਤੀ ਡਿੰਪੀ ਸੇਠੀ (ਸੁਪਤਨੀ ਕਮਲਪ੍ਰੀਤ ਸੇਠੀ) ਸੀਬਾ ਸੇਠੀ ਅਤੇ ਸ੍ਰੀਮਤੀ ਸੁਨੀਤਾ ਸੋਫਤ ਵੱਲੋਂ ਨਿਭਾਈ ਗਈ।

## ਗਊ ਮਾਤਾ ਸੇਵਾ ਸੰਮਤੀ ਨੇ ਗਊਧਨ ਲਈ ਤਿਆਰ ਕਰਵਾਈ ਐਂਬੂਲੈਂਸ




ਸਮਾਣਾ, 14 ਫਰਵਰੀ (ਵਿਜੇ ਕੁਮਾਰ) : ਗਊ ਮਾਤਾ ਸੇਵਾ ਸਮਿਤੀ ਦੇ ਪ੍ਰਧਾਨ ਬਿੱਟੂ ਧੀਮਾਨ, ਸਰਪ੍ਰਸਤ ਨੀਰਜ ਜਿੰਦਲ, ਰਾਇਸ ਮਿਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਸਿੰਗਲਾ (ਭੋਲਾ) ਅਤੇ ਸਮਿਤੀ ਦੇ ਮੈਂਬਰਾਂ ਵੱਲੋਂ ਪਸੂ ਧਨ ਸੰਭਾਲ ਦੇ ਪ੍ਰਮੁੱਖ ਅਮਿਤ ਸਡਾਨਾ ਅਤੇ ਉਨਾਂ ਦੀ ਟੀਮ ਨੂੰ ਇੱਕ ਟਰਾਲੀ ਤੋਂ ਤਿਆਰ ਕੀਤੀ ਐਂਬੂਲੈਂਸ ਭੇਟ ਕੀਤੀ ਗਈ। ਜਿਸ ਨਾਲ ਬੀਮਾਰ ਅਤੇ ਜਖਮੀ ਗਊਆਂ ਨੂੰ ਇਲਾਜ ਲਈ ਚੁੱਕ ਕੇ ਲਿਜਾਇਆ ਜਾ ਸਕੇਗਾ। ਗਊ ਮਾਤਾ ਸੇਵਾ ਸਮਿਤੀ ਦੇ ਮੈਂਬਰਾਂ ਨੇ ਦੱਸਿਆ ਕਿ ਉਨਾਂ ਵਲੋਂ ਹਰ ਸਾਲ ਗਊ ਕਥਾ ਕਰਵਾਈ ਜਾਂਦੀ ਹੈ। ਉਸ ਵਿਚੋਂ ਜੋ ਦਾਨ ਰਾਸੀ ਬਚ ਜਾਂਦੀ ਹੈ, ਉਸ ਦੀ ਵਰਤੋਂ ਗਊਆਂ ਦੀ ਸੇਵਾ ਲਈ ਕੀਤੀ ਜਾਂਦੀ ਹੈ। ਇਸ ਮੌਕੇ ਯਤਿੰਦਰ ਸਰਮਾ, ਅਗਰਵਾਲ ਧਰਮਸ਼ਾਲਾ ਕਮੇਟੀ ਦੇ ਸਾਬਕਾ ਪ੍ਰਧਾਨ ਜੀਵਨ ਗਰਗ, ਵਿਕਾਸ ਸਰਮਾ, ਇਸੁ ਵਧਵਾ, ਮਹਿੰਦਰ ਚਾਵਲਾ , ਸੰਦੀਪ ਧੀਮਾਨ, ਭੀਮ ਛਾਬੜਾ, ਰਾਜ ਕੁਮਾਰ ਰਾਜੂ, ਜਗਜੀਤ ਸਿੰਘ ਆਦਿ ਹਾਜ਼ਰ ਸਨ।

## ਮਾਤਾ ਨਿਰਮਲਾ ਦੇਵੀ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀ ਭੇਟ



ਸਮਾਣਾ, 14 ਫਰਵਰੀ (ਹਰਜਿੰਦਰ ਸਿੰਘ) : ਸਵ: ਮਾਤਾ ਨਿਰਮਲਾ ਦੇਵੀ ਜੀ ਨਮਿਤ ਸ਼੍ਰੀ ਗਰੁੜ ਪੁਰਾਣ ਜੀ ਦੇ ਪਾਠ ਦੇ ਭੋਗ ਸਥਾਨਕ ਸਤੀ ਮੰਦਿਰ ਧਰਮਸ਼ਾਲਾ ਵਿਖੇ ਪਾਏ ਗਏ, ਜਿੱਥੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਦੇਵ ਟਿਵਾਣਾ,ਪੰਜਾਬ ਕਾਂਗਰਸ ਦੇ ਸਪੋਕਸਪਰਸਨ ਸੰਦੀਪ ਸਿੰਗਲਾ, ਸੀਨੀਅਰ ਆਪ ਆਗੂ ਗੋਪਾਲ ਕ੍ਰਿਸ਼ਨ ਗਰਗ, ਸੀਨੀਅਰ ਅਕਾਲੀ ਆਗੂ ਕਪੂਰ ਚੰਦ ਬਾਂਸਲ, ਪ੍ਰਧਾਨ ਮਦਨ ਮਿੱਤਲ, ਸਾਬਕਾ ਪ੍ਰਧਾਨ ਨਗਰ ਕੌਂਸਲ ਸਮਾਣਾ ਯਸਪਾਲ ਸਿੰਗਲਾ, ਪ੍ਰਧਾਨ ਅਸ਼ਵਨੀ ਗੁਪਤਾ, ਐਮਸੀ ਦਰਸ਼ਨ ਮਿੱਤਲ, ਰਾਣਾ ਸੇਖੋਂ, ਪ੍ਰਦੀਪ ਗੋਇਲ ਮਿੰਕਾ, ਸੁਨੇਨਾ ਮਿੱਤਲ, ਟਿੰਕਾ ਗਾਜੇਵਾਸ,ਅਸ਼ੋਕ ਮੋਦਗਿੱਲ ਅਤੇ ਦੀਪੂ ਬਾਲੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਸ਼ਖਸੀਅਤਾਂ ਨੇ ਹਾਜ਼ਰੀ ਭਰੀ ਅਤੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਵਿੱਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਮਾਤਾ ਨਿਰਮਲਾ ਦੇਵੀ ਜੀ ਵੱਲੋਂ ਆਪਣੇ ਬੱਚਿਆਂ ਨੂੰ ਦਿੱਤੇ ਚੰਗੇ ਸੰਸਕਾਰਾਂ ਤੇ ਸਿੱਖਿਆ ਸਦਕਾ ਹੀ ਅੱਜ ਉਨ੍ਹਾਂ ਦੇ ਸਪੁੱਤਰ ਸੁਰਿੰਦਰ ਮਿੱਤਲ, ਨਰੇਸ਼ ਮਿੱਤਲ, ਪ੍ਰਦੀਪ ਮਿੱਤਲ, ਜੁਗੇਸ਼ ਮਿੱਤਲ, ਵਿਨੋਦ ਮਿੱਤਲ ਅਤੇ ਪੋਤਰੇ ਵਿਸ਼ਾਲ ਮਿੱਤਲ(ਐਕਸਿਸ ਬੈਂਕ ਵਿੱਚ ਮੈਨੇਜਰ,ਧੂਰੀ), ਰਿਸ਼ਵ ਮਿੱਤਲ ਪੱਤਰਕਾਰ, ਰਾਹੁਲ ਮਿੱਤਲ (ਬਿਜ਼ਨੈੱਸਮੈਨ) ਅਤੇ ਸ਼ੁਭਮ ਮਿੱਤਲ (ਐਚ.ਡੀ.ਐਫ.ਸੀ ਬੈਂਕ ਸਮਾਣਾ ਵਿੱਚ ਡਿਪਟੀ ਮੈਨੇਜਰ) ਅੱਜ ਸਮਾਜ ਵਿੱਚ ਚੰਗਾ ਨਾਮਣਾ ਖੱਟ ਰਹੇ ਹਨ। ਇਸ ਮੌਕੇ ਪੱਤਰਕਾਰ ਪ੍ਰਧਾਨ ਅਸ਼ੋਕ ਕੁਮਾਰ, ਪੱਤਰਕਾਰ ਸੁਖਜਿੰਦਰ ਸਿੰਘ ਕੁਲਾਰਾਂ, ਹਰਜਿੰਦਰ ਸਿੰਘ ਜਵੰਦਾ, ਸ਼ਿਵ ਨਰਾਇਣ ਅਤੇ ਰਵਿੰਦਰ ਕੁਮਾਰ ਆਦਿ ਵੀ ਹਾਜ਼ਰ ਰਹੇ।

## ਬਸੰਤ ਰਿਤੂ ਕਲੱਬ ਤ੍ਰਿਪੜੀ ਨੇ ਮੋਤੀਆ ਬਿੰਦ ਦੇ ਆਪ੍ਰੇਸ਼ਨ ਕਰਵਾਏ

ਪਟਿਆਲਾ, 14 ਫਰਵਰੀ (ਚ.ਨ.ਸ.) : ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਅੱਖਾਂ ਦੇ ਹਸਪਤਾਲ ਵਿਖੇ ਮਾਸਿਕ ਅੱਖਾਂ ਦਾ ਮੁਫ਼ਤ ਅੱਖਾਂ ਦੇ ਚੈਕਅੱਪ ਅਤੇ ਉਪਰੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸੰਸਥਾਪਕ ਸੰਤੋਸ਼ ਲਾਲਵਾਨੀ ਨੇ ਕੀਤੀ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਨੇ ਦੱਸਿਆ ਕਿ ਕਲੱਬ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਹਰ ਮਹੀਨੇ ਮਾਸਿਕ ਅੱਖਾਂ ਦੇ ਚੈਕਅੱਪ ਅਤੇ ਉਪਰੇਸ਼ਨ ਕੈਂਪ ਲਗਾਉਂਦਾ ਆ ਰਿਹਾ ਹੈ, ਜਿਸ ਵਿੱਚ ਜ਼ਰੂਰਤਮੰਦਾਂ ਦੇ ਮੋਤੀਆ ਬਿੰਦ ਦੇ ਲੈਂਜ਼ ਵਾਲੇ ਉਪਰੇਸ਼ਨ ਮੁਫ਼ਤ ਕੀਤੇ ਜਾਂਦੇ ਹਨ ਅਤੇ ਇਸ ਕੈਂਪ ਵਿੱਚ ਪੰਜਾਬ ਤੋਂ ਬਾਹਰਲੇ ਸੂਬਿਆ ਤੋਂ ਵੀ ਲੋਕ ਆ ਕੇ ਉਪਰੇਸ਼ਨ ਕਰਵਾਉਂਦੇ ਹਨ। ਇਹ ਉਪਰੇਸ਼ਨ ਕੈਂਪ ਸ੍ਰੀ ਗੁਰੂ ਤੇਗ ਬਹਾਦਰ ਅੱਖਾਂ ਦੇ ਹਸਪਤਾਲ ਵਿਖੇ ਆਈ ਸਰਜਨ ਡਾ.ਆਸ਼ਾ ਪ੍ਰਿਤਪਾਲ ਕੌਰ ਦੀ ਟੀਮ ਵੱਲੋਂ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ, ਐਨਕਾਂ, ਮੁਫ਼ਤ ਦਿੱਤੀਆਂ ਜਾਂਦੀਆਂ ਹਨ ਅਤੇ ਜਿਹੜੇ ਮਰੀਜ਼ ਕਿਰਾਇਆ ਖਰਚ ਕੇ ਆਉਣ ਵਿੱਚ ਅਸਮਰਥ ਹੁੰਦੇ ਹਨ ਉਹਨਾਂ ਨੂੰ ਕਿਰਾਇਆ ਵੀ ਮੁਫ਼ਤ ਦਿੱਤਾ ਜਾਂਦਾ ਹੈ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਨੇ ਆਖਿਆ ਕਿ ਨਿਰਸਵਾਰਥ ਸੇਵਾ ਸਾਡੇ ਜੀਵਨ ਨੂੰ ਬਦਲਦੀ ਹੈ ਅਤੇ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਪਿਛਲੇ 32 ਸਾਲਾਂ ਤੋਂ ਮਾਨਵਤਾ ਦੀ ਸੇਵਾ ਵਿੱਚ ਕੰਮ ਕਰ ਰਿਹਾ ਹੈ।

## ਸੂਫ਼ੀ ਫੈਸਟੀਵਲ ਦੌਰਾਨ ਰਵਿੰਦਰ ਰਵੀ ਦੀ ਫੋਟੋ ਪ੍ਰਦਰਸ਼ਨੀ ਬਣੀ ਖਿੱਚ ਦਾ ਕੇਂਦਰ



ਮਲੇਰਕੋਟਲਾ, 14 ਫਰਵਰੀ (ਬਲਜੀਤ ਸਿੰਘ ਟਿੱਬਾ) : ਸੂਫ਼ੀ ਫੈਸਟੀਵਲ ਅਤੇ ਪੰਜਾਬ ਸਖੀ ਸ਼ਕਤੀ ਮੇਲਾ ਦੌਰਾਨ ਜਿੱਥੇ ਇੱਕ ਪਾਸੇ ਮਹਿਲਾ ਸਵੈ-ਸਹਾਇਤਾ ਸਮੂਹਾਂ ਵੱਲੋਂ ਤਿਆਰ ਕੀਤੀਆਂ ਵਸਤਾਂ ਰਾਹੀਂ ਮਹਿਲਾ ਸਸ਼ਕਤੀਕਰਨ ਦਾ ਸੁਨੇਹਾ ਦਿੱਤਾ ਜਾ ਰਿਹਾ ਹੈ ਅਤੇ ਸੂਫ਼ੀ ਸੰਗੀਤ ਦੀਆਂ ਰੂਹਾਨੀ ਪੇਸ਼ਕਾਰੀਆਂ ਦਰਸ਼ਕਾਂ ਨੂੰ ਮੋਹ ਰਹੀਆਂ ਹਨ, ਉੱਥੇ ਹੀ ਪ੍ਰਸਿੱਧ ਫੋਟੋਗ੍ਰਾਫਰ ਰਵਿੰਦਰ ਰਵੀ ਵੱਲੋਂ ਲਗਾਈ ਗਈ ਫੋਟੋ ਪ੍ਰਦਰਸ਼ਨੀ ਖਾਸ ਆਕਰਸ਼ਣ ਦਾ ਕੇਂਦਰ ਬਣੀ ਹੋਈ ਹੈ। ਇਹ ਪ੍ਰਦਰਸ਼ਨੀ ਮਾਲੇਰਕੋਟਲਾ ਦੀ ਅਮੀਰ ਸੱਭਿਆਚਾਰਕ ਧਰੋਹਰ, ਇਤਿਹਾਸਕ ਵਿਰਾਸਤ ਅਤੇ ਰਵਾਇਤੀ ਜੀਵਨ-ਸ਼ੈਲੀ ਨੂੰ ਜੀਵੰਤ ਰੂਪ ਵਿੱਚ ਪੇਸ਼ ਕਰ ਰਹੀ ਹੈ। ਪੰਡਾਲ ਅੰਦਰ ਨੌਜਵਾਨਾਂ ਦੀ ਵੱਡੀ ਹਾਜ਼ਰੀ ਇਸ ਗੱਲ ਦਾ ਪ੍ਰਮਾਣ ਹੈ ਕਿ ਜੇਕਰ ਅਜਿਹੇ ਸੱਭਿਆਚਾਰਕ ਉਪਰਾਲੇ ਨਿਰੰਤਰ ਕੀਤੇ ਜਾਣ ਤਾਂ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਮਜ਼ਬੂਤੀ ਨਾਲ ਜੋੜਿਆ ਜਾ ਸਕਦਾ ਹੈ।ਇਸ ਤੋਂ ਇਲਾਵਾ ਸ਼ਹਿਰ ਦੀਆਂ ਇਤਿਹਾਸਕ ਇਮਾਰਤਾਂ, ਸੱਤ ਦਰਵਾਜ਼ੇ ਅਤੇ ਹੋਰ ਪ੍ਰਸਿੱਧ ਸਥਾਨਾਂ ਦੀਆਂ ਤਸਵੀਰਾਂ ਦਰਸ਼ਕਾਂ ਵੱਲੋਂ ਖਾਸ ਰੁਚੀ ਨਾਲ ਵੇਖੀਆਂ ਜਾ ਰਹੀਆਂ ਹਨ। ਫੋਟੋਗ੍ਰਾਫਰ ਰਵਿੰਦਰ ਰਵੀ ਨੇ ਦੱਸਿਆ ਕਿ ਇਹ ਤਸਵੀਰਾਂ ਉਨ੍ਹਾਂ ਨੇ ਸਾਲ 2018 ਦੌਰਾਨ ਖਿੱਚੀਆਂ ਸਨ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਇਹ ਪ੍ਰਦਰਸ਼ਨੀ ਲਗਾਉਣ ਦਾ ਮੌਕਾ ਪ੍ਰਦਾਨ ਕੀਤਾ ਗਿਆ।ਸਮਾਗਮ ਦੌਰਾਨ ਹਾਜ਼ਰ ਲੋਕਾਂ ਨੇ ਮਾਲੇਰਕੋਟਲਾ ਵਿੱਚ ਸੂਫ਼ੀ ਫੈਸਟੀਵਲ ਕਰਵਾਉਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਪ੍ਰਯਾਸ ਸ਼ਹਿਰ ਦੀ ਪਛਾਣ ਨੂੰ ਨਵੀਂ ਉਚਾਈਆਂ ਤੱਕ ਲੈ ਜਾਣ ਵਿੱਚ ਮਦਦਗਾਰ ਸਾਬਤ ਹੋਣਗੇ।